
SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PHONE: 209-855-6938



ਹਫਤਾਵਾਰੀ

# ਦੇਸ਼ ਦੁਆਬਾ

VOL - 8 ISSUE - 37
December 25, 2019

Postal Address
Desh Doaba
5101 Doe Hollow Pl., Antelope, CA-95843

www.deshdoaba.com
www.ambedkartimes.com



Golden State Truck Sales Inc.
ਟਰੱਕ-ਟਰੇਲਰ
ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ
ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ

Call : Dharminder Singh
Cell : 530-870-6600
Email: myfuturetruck@gmail.com



ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ


## ਅਦਾਰਾ 'ਦੇਸ਼ ਦੁਆਬਾ' ਵੱਲੋਂ ਕੁੱਲ ਲੋਕਾਈ ਨੂੰ ਕ੍ਰਿਸਮਿਸ ਦੀਆਂ ਲੱਖ-ਲੱਖ ਵਧਾਈਆਂ



ਅਦਾਰਾ ਦੇਸ਼ ਦੁਆਬਾ ਮਹਾਨ ਸ਼ਹੀਦਾਂ ਦੀ ਸ਼ਹਾਦਤ ਨੂੰ ਕੋਟਿ-ਕੋਟ ਨਮਨ ਕਰਦਾ ਹੈ।

# ਗੁਰੂ ਨਾਨਕ ਦੇਵ ਜੀ ਦੇ 550 ਵੇ ਗੁਰਪੁਰਬ 'ਤੇ 'ਦੇਸ਼ ਦੁਆਬਾ' ਵੱਲੋਂ ਵਿਸ਼ੇਸ਼ ਧੰਨਵਾਦ ਸਮਾਗਮ






**ਹੇਵਰਡ, ਕੈਲੀਫੋਰਨੀਆਂ (ਕੁਲਵੰਤ ਧਾਲੀਆਂ/ਨੀਟਾ ਮਾਛੀਕੇ):** ਕੈਲੀਫੋਰਨੀਆ ਵਿੱਚ ਬਹੁਤ ਸਾਰੇ ਪੰਜਾਬੀ ਅਖਬਾਰ ਆਪਣੀ ਮਾਂ ਬੋਲੀ ਦੀ ਸੇਵਾ ਅਤੇ ਖਬਰਾਂ ਸਮੁੱਚੇ ਭਾਈਚਾਰੇ ਤੱਕ ਨਿਭਾਉਣ ਦੀ ਜਿੰਮੇਵਾਰੀ ਬੜੀ ਸੁਹਿਰਦਤਾ ਨਾਲ ਨਿਭਾ ਰਹੇ ਹਨ। ਇਹ ਸਭ ਅਖ਼ਬਾਰਾਂ ਪ੍ਰਬੰਧਕਾਂ ਦੁਬਾਰਾ ਪਾਠਕਾ ਤੱਕ ਮੁਫ਼ਤ ਵਿੱਚ ਪਹੁੰਚਾਈਆਂ ਜਾਦੀਆਂ ਹਨ। ਜਿੰਨਾਂ ਨੂੰ ਚਲਾਉਣ ਵਿੱਚ ਕੁਝ ਖ਼ਾਸ ਵਿਆਕਤੀ ਮਦਦ ਕਰਦੇ ਹਨ। ਇੰਨ੍ਹਾ ਹੀ ਮਦਦਗਾਰਾ ਦੇ ਧੰਨਵਾਦ ਲਈ ਅਖ਼ਬਾਰਾਂ ਦੇ ਪ੍ਰਬੰਧਕ ਸਮੇਂ-ਸਮੇਂ ਪ੍ਰੋਗਰਾਮ ਕਰਦੇ ਹਨ। ਇਸੇ ਲੜੀ ਅਧੀਨ ਨਿਰਪੱਖ, ਨਿਰਧੜਕ ਅਤੇ ਸਮਾਜ ਸੇਵਾ ਦੇ ਧਾਰਨੀ ਅਖਬਾਰ 'ਦੇਸ਼ ਦੁਆਬਾ' ਦੇ ਮੁੱਖ ਸੰਪਾਦਕ ਪ੍ਰੇਮ ਚੁੰਬਰ ਨੇ ਸਹਿਯੋਗੀਆ ਦੀ ਮਦਦ ਨਾਲ ਗੁਰੂ ਨਾਨਕ ਦੇਵ ਜੀ ਦੇ 550 ਵੇ ਗੁਰਪੁਰਬ ਨੂੰ


**ਬਾਕੀ ਸਫਾ 5 'ਤੇ,**
**ਤਸਵੀਰਾਂ ਸਫਾ 12 ਤੋਂ 17 'ਤੇ**







MANDEEP SANDHU
SANDHU IMMIGRATION CONSULTANT
ਇਿੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਵੀਜਾ, ਗਰੀਨ ਕਾਰਡ ਆਦਿ ਲਈ ਮਿਲੋ
Passports, Visas, Green Cards, Sponsorship, Immigration Forms , Citizenship, Spouse/Family Petitions, Study Visas
All Kinds of Immigration Forms/Petitions/Visa
ਵੀਜ਼ਾ
WE OPEN 7-DAYS A WEEK
Note: I am not an Immigration Attorney.
msandhu2014@gmail.com
(209-373-3562)
3222 PENELOPE DR. STOCKTON, CA- 95212 (NEAR HWY 99 ON MORADA LANE)

BAGGA JEWELERS
SINCE 1996
916-912-8842, 916-329-8772
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।

6930 65TH STREET # 115 SACRAMENTO CA 95823
Sandeep Jony Bagga


RAMESH SUMAN
Broker Realtor
RCS-D ™
MAJESTIC HOMES
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SAROAY INVESTMENT REALTY

Ram Saroay
Broker/Realtor
Business License 031035
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

Amrik Chand (CPA)
Phone : 510-490-8200
Fax : 510-490-8202
Email : achand@pacbell.net

Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539


Raja
SWEETS & CATERING
AUTHORIZED CATERER FOR MAJOR 5-STAR HOTELS
ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor
CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que
ADDITIONAL SERVICE
Warmers | Chaffing Dishes
China & Silverware
Linen Rental | Waiters
Bartenders
CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
Find us on facebook
rajasweetsandcatering
Follow us on Twitter
rajasweets


INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
ਤੁਹਾਡਾ ਆਪਣਾ ਮਨਭਾਉਂਦਾ ਸਟੋਰ
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ ਲਈ ਸੇਵਾ ਦਾ ਮੌਕਾ ਦਿਓ
WE HAVE LARGEST COLLECTION FOR INDIAN FIJIAN & PAKISTANI GROCERY
MUSIC, FABRIC ARTIFICIAL JEWELRY, SWEETS, FRESH VEGETABLES & MORE..
ਕਸ਼ਮੀਰ ਸਿੰਘ ਹੀਰਾ
ਬਰਿੰਦਰ ਬੰਗੜ
Super Eyebrow Threading Now Open
Eyebrow Threading & Henna Tattoo
7 times, Get 8th one free!
Inside India Market
SACRAMENTO
5203 EKLHORN BLVD
SACRAMENTO CA 95842
916- 338-5511
WALK INS WELCOME
ROSEVILLE
1265 PLEASANT GROVE BLVD.
# 100 ROSEVILLE, CA 95747
916- 786-7666
Cell : 916-798-8142
Email: IndiaMarketRoseville@gmail.com


Kash FABRICS
ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ
ਸਾਡੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ
ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀਬ ਵੀਬ ਡੀਬ ਦੀ ਬਹੁਤ ਵੱਡੀ ਕੁਲੈਕਸ਼ਨ ਹੈ।
ਕੈਲੀਫੋਰਨੀਆ ਤੋਂ ਬਾਹਰ ਰਹਿਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।
KASH FABRICS
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138


INDIA BAZAAR
Jai Ram Gaught
Harjit Gaught (Happy)
INDIAN, PAKISTANI & FIJJIAN GROCERIES
WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
WE ACCEPT FOOD STAMPS
CALL TO HAPPY
Cell: (209)-487-2127
Ph: (209) 478-0285
Fax: (209) 477-3206
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।
EVERY SATURDAY & SUNDAY SPECIAL DISCOUNT ON GROCERIES
1304-E HAMMER LANE, SUITE 12, STOCKTON CA, 95210
EMAIL: indiabazaar08@yahoo.com



BUYING OR SELLING REAL ESTATE? WE CAN HELP!

Residential & Commercial
John Singh Banga
Your Honest & Experienced REALTOR
(916) 271-5404
Banga.Realtor@gmail.com
Visit My Website:
www.banga.bhhser.com

Residential Home Financing
Akash Banga
Loan Originator
(916) 705-7837
Abanga@rhloans.com
Visit My Website:
ResidentialHomelLoans.com/abanga



BERKSHIRE HATHAWAY HomeServices
FOR OVER A TOP PRODUCER 15 YEARS
REALTOR
EQUAL HOUSING OPPORTUNITY
RHL RESIDENTIAL HOME LOANS
EQUAL HOUSING LENDER

CALBRE #01397975
NMLS #1868842

**Buying or Selling any Business? Call Now 916-271-5404**

ਕੀ ਤੁਸੀਂ ਸੈਕਰਾਮੈਂਟੋ / ਬੇ-ਏਰੀਆ ਵਿਚ ਘਰ ਜਾਂ ਵਪਾਰਕ ਸੰਪਤੀ ਖਰੀਦਣ ਜਾਂ ਵੇਚਣ ਦੇ ਚਾਹਵਾਨ ਹੋ ਤਾਂ ਅੱਜ ਹੀ ਕਾਲ ਕਰੋ 916-271-5404




Indian Restaurant
For Sale In Stockton
All Equipment & Fixtures Included
Listing Price: $149,900




2 Bedroom, 2 Bathroom
Sqft: 1280*, Lot Size: 3920*
Listing Price: $295,000
Sacramento, CA




Smoke Shop for Sale in Sacramento
Monthly Gross Sales: $50K
Listing Price: $89,000




Gas Station, Liquor Store,
Deli, & Laundromat!
In Contra Costa County, CA
Listing Price: $1,200,000




Auto Repair & Lube Shop
Lot Size: 2000, Rent is ONLY
$1500/mo.
Listing Price to $139,000
Sacramento, CA




Liquor Store for Sale in Santa Clara
Monthly Gross Sale: $90K
Listing Price: $649,000 plus Inventory




3 Bedroom, 3 Bathroom
Sqft: 1567*, Lot Size: 2448*
Listing Price: $325,000
Sacramento, CA




5 Bedroom, 4 Bathroom
Sqft: 3006, Lot Size: 8276*
Listing Price: $599,000
Sacramento, CA




Subway
for Sale in Sacramento
Listing Price: $224,900




Indian Restaurant
for Sale in Sacramento
Listing Price: $149,000




Liquor Store for Sale in Sacramento
Monthly Gross Sale: 80K
Down Payment: 350K (Seller will carry Rest)
Listing Price: $499,000 plus Inventory




Coffee Shop for Sale
Monthly Gross Sales: $25,000
Listing Price: $150,000




4 Bedroom, 3 Bathroom
Sqft: 2476*, Lot Size: 6617*
Listing Price: $549,900 Elk Grove, CA




5 Bedroom, 4 Bathroom
Sqft: 2725*, Lot Size: 5249*
Listing Price: $489,000 Elk Grove, CA




3 Bedroom, 2 Bathroom
Sqft: 1675*, Lot Size: 4792*
Listing Price: $398,000 Sacramento, CA




BH HS BERKSHIRE HATHAWAY HOMESERVICES
BERKSHIRE HATHAWAY
Home Services
Elite Real Estate

OFFICE: 7412 ELSIE AVE., SACRAMENTO, CA 95828

# ਅਮਰੀਕਾ ਦੇ ਰਾਸ਼ਟਰਪਤੀ ਟਰੰਪ ਵਿਰੋਧ ਪ੍ਰਤੀਨਿਧੀ ਸਦਨ ਵਿੱਚ ਮਹਾਂਦੋਸ਼ ਲਾ ਕੇ ਰਾਸ਼ਟਰਪਤੀ ਅਹੁਦੇ ਤੋਂ ਹਟਾਉਣ ਲਈ ਪਹਿਲਾ ਪੜਾਅ ਪਾਰ

## ਪਰ ਸੈਨੇਟ ਵਿਚੋਂ ਪਾਰ ਪਾਉਣਾ ਸੰਭਵ

**ਵਸ਼ਿੰਗਟਨ (ਹੁਸਨ ਲੜੋਆ ਬੰਗਾ) –** ਅਮਰੀਕਾ ਦੇ ਪ੍ਰਤੀਨਿਧੀ ਸਦਨ ਨੇ ਅੱਜ ਰਾਸ਼ਟਰਪਤੀ ਡੋਨਾਲਡ ਟਰੰਪ ਉਤੇ ਇਤਿਹਾਸਕ ਮਹਾਂਦੋਸ਼ ਲਾ ਕੇ ਉਸਦੇ ਰਾਸ਼ਟਰਪਤੀ ਅਹੁਦੇ ਤੋਂ ਹਟਾਉਣ ਲਈ ਪਹਿਲੇ ਪੜਾਅ ਨੂੰ ਪਾਰ ਕਰ ਲਿਆ। ਅਮਰੀਕੀ ਇਤਿਹਾਸ ਵਿੱਚ ਇਹ ਤੀਜੀ ਵਾਰ ਕਿ ਕਿਸੇ ਅਮਰੀਕੀ ਰਾਸ਼ਟਰਪਤੀ ਪ੍ਰਤੀ ਕਿਸੇ ਅਪਰਾਧ ਅਤੇ ਅਪਣੀਆਂ ਸ਼ਕਤੀਆਂ ਦੀ ਦੁਰਵਰਤੋਂ ਕਰਨ ਦਾ ਦੋਸ਼ ਲਗਾਇਆ ਗਿਆ ਹੋਵੇ।ਕਾਂਗਰਸ ਨੇ ਰਾਸ਼ਟਰਪਤੀ ਨੂੰ ਅਹੁਦੇ ਤੋਂ ਹਟਾਉਣ ਲਈ ਦੋ ਆਰਟੀਕਲਾਂ ਦਾ ਸਹਾਰਾ ਲਿਆ ਜਿਨਾਂ ਚ ਇੱਕ ਪਾਰਟੀ ਦੀ ਸੱਤਾ ਦੀ ਦੁਰਵਰਤੋਂ ਅਤੇ ਕਾਂਗਰਸ ਦੀ ਰੁਕਾਵਟ। ਇਸ ਤੋਂ ਬਾਅਦ ਅਗਲੇ ਮਹੀਨੇ ਤੋਂ ਮੁਕੱਦਮੇ ਲਈ ਕੇਸ ਨੂੰ ਸੈਨੇਟ ਵਿੱਚ ਭੇਜਣ ਲਈ ਵੋਟ ਦਿੱਤੀ। ਕਈ ਮਹੀਨਿਆਂ ਤੋਂ ਰਾਸ਼ਟਰਪਤੀ ਦੇ ਖਿਲਾਫ ਇਲਜ਼ਾਮਾਂ ਦੀ ਜਾਂਚ ਤੇਜ਼ੀ ਨਾਲ ਚਲ ਰਹੀ ਸੀ ਤੇ ਇਸ ਉਪਰੰਤ ਨਿਸ਼ਾਨਦੇਹੀ ਕੀਤੀ ਗਈ ਕਿ ਰਾਸ਼ਟਰਪਤੀ ਨੇ ਉਸ ਦੇ ਰਾਜਨੀਤਿਕ ਵਿਰੋਧੀਆਂ ਦੀ ਜਾਂਚ ਲਈ ਯੂਕ੍ਰੇਨ ਉੱਤੇ ਦਬਾਅ ਪਾਇਆ ਸੀ। ਹਾਊਸ ਮੈਬਰਾਂ ਨੇ ਮਹਾਂਦੋਸ਼ ਦੇ ਪੱਖ ਚ 239 ਅਤੇ ਵਿਰੋਧ ਚ 198 ਵੋਟਾਂ ਪਾਈਆਂ । ਵੋਟਾਂ ਵੱਡੇ ਪੱਧਰ 'ਤੇ ਪਾਰਟੀ ਦੀਆਂ ਲੀਹਾਂ' ਤੇ ਪਾਈਆਂ ਗਈਆਂ ਸਨ। ਸਿਰਫ ਦੋ ਡੈਮੋਕਰੇਟਸ ਨੇ ਵਿਰੁੱਧ ਚ ਵੋਟਿੰਗ ਕੀਤੀ, ਮਿਨੇਸੋਟਾ ਤੋਂ ਕੋਲਿਨ ਪੀਟਰਸਨ ਅਤੇ ਨਿਊ ਜਰਸੀ ਦੇ ਜੈਫ ਵੈਨ ਡਰੂ ਨੇ ਹੀ ਵਿਰੋਧ ਚ ਵੋਟ ਪਾਈ, ਇੰਨਾਂ ਤੋਂ ਜਲਦੀ ਹੀ ਪਾਰਟੀਆਂ ਬਦਲਣ ਦੀ ਉਮੀਦ ਕੀਤੀ ਜਾਂਦੀ ਹੈ, ਤੀਜੇ, ਮਾਇਨ ਦੇ ਰਿਪੇਅਰਡ ਜੇਅਰਡ ਗੋਲਡਨ ਨੇ ਇੱਕ ਮਹਾਂਦੋਸ਼ ਲਈ ਵੋਟ ਦਿੱਤੀ। ਡੈਮੋਕਰੇਟਿਕ ਰਾਸ਼ਟਰਪਤੀ ਦੇ ਅਹੁਦੇ ਲਈ ਨਾਮਜ਼ਦਗੀ ਲਈ ਚੱਲ ਰਹੀ ਹਵਾਈ ਦੀ ਭਾਰਤੀ ਅਮਰੀਕਨ ਡੈਮੋਕਰੇਟਿਕ ਤੁਲਸੀ ਗੈਬਾਰਡ ਨੇ ਦੋਵਾਂ ਦੋਸ਼ਾਂ ਲਈ ਵੋਟ ਦਿੱਤੀ।ਸਦਨ ਦੀ ਸਪੀਕਰ ਨੈਨਸੀ ਪੇਲੋਸੀ ਨੇ ਮਹਾਂਦੋਸ਼ ਦੀ ਜਾਂਚ ਦੇ ਉਦੇਸ਼ ਦਾ ਐਲਾਨ ਕੀਤਾ। ਕਾਂਗਰਸ ਵਿਚ ਟਰੰਪ ਅਤੇ ਉਸ ਦੇ ਕੱਟੜਪੰਥੀ ਵਿਰੋਧੀਆਂ ਦੀ ਅਗਵਾਈ ਕੁਝ ਮਹੀਨਿਆਂ ਤੋਂ ਨੈਨਸੀ ਪੇਲੋਸੀ ਅਸੰਭਵ ਤੋਂ ਸੰਭਵ ਕੀਤੀ।



ਨੈਨਸੀ ਪੇਲੋਸੀ ਨੇ ਕਿਹਾ "ਅਸੀਂ ਅੱਜ ਲੋਕਤੰਤਰ ਦੇ ਇਸ ਮੰਦਰ ਦੇ ਗੁੰਬਦ ਦੇ ਹੇਠ ਇਕੱਠੇ ਹੋ ਕੇ ਇਕ ਸਭ ਤੋਂ ਸ਼ਕਤੀਸ਼ਾਲੀ ਫੈਸਲੇ ਕਰਨ ਲਈ ਵਰਤਦੇ ਹਾਂ ਜੋ ਇਹ ਸਭਾ ਲੈ ਸਕਦੀ ਹੈ", ਸੰਯੁਕਤ ਰਾਜ ਅਮਰੀਕਾ ਦੇ ਰਾਸ਼ਟਰਪਤੀ ਪ੍ਰਤੀ ਮਹਾਂਦੋਸ਼,"। ਨੈਨਸੀ ਪੇਲੋਸੀ ਨੇ ਸਦਨ ਤੋਂ ਮਹਾਂਦੋਸ਼ ਦੀ ਬਹਿਸ ਦੀ ਸ਼ੁਰੂਆਤ ਕਰਨ ਲਈ ਕਿਹਾ। ਉਸਨੇ ਕਿਹਾ "ਜੇ ਅਸੀਂ ਹੁਣ ਕਾਰਵਾਈ ਨਹੀਂ ਕਰਦੇ ਤਾਂ ਅਸੀਂ ਆਪਣੇ ਕਰਤੱਵ ਵਿੱਚ ਅੜਿੱਕੇ ਬਣ ਜਾਵਾਂਗੇ। ਇਹ ਦੁਖਦਾਈ ਗੱਲ ਹੈ ਕਿ ਰਾਸ਼ਟਰਪਤੀ ਦੀਆਂ ਲਾਪਰਵਾਹੀਆਂ ਕਾਰਵਾਈਆਂ ਲਈ ਮਹਾਂਦੋਸ਼ ਜ਼ਰੂਰੀ ਹੈ ਤੇ ਉਸਨੇ ਸਾਨੂੰ ਕੋਈ ਵਿਕਲਪ ਨਹੀਂ ਦਿੱਤਾ।"ਟਰੰਪ ਹੁਣ ਰਾਸ਼ਟਰਪਤੀਆਂ ਦੇ ਇੱਕ ਛੋਟੇ ਕਲੱਬ ਵਿੱਚ ਸ਼ਾਮਲ ਹੁੰਦੇ ਹਨ ਜਿਨ੍ਹਾਂ ਨੂੰ ਸਦਨ ਨੇ ਸੰਵਿਧਾਨ ਵਿੱਚ "ਉੱਚ ਅਪਰਾਧ ਅਤੇ ਕੁਕਰਮੀਆਂ" ਲਈ ਪ੍ਰੇਰਿਤ ਕੀਤਾ ਸੀ। 1868 ਵਿੱਚ ਰਾਸ਼ਟਰਪਤੀ ਐਂਡਰਊ ਜਾਨਸਨ ਅਤੇ 1998 ਵਿੱਚ ਰਾਸ਼ਟਰਪਤੀ ਬਿਲ ਕਲਿੰਟਨ ਤੇ ਰਾਸ਼ਟਰਪਤੀ ਰਿਚਰਡ ਨਿਕਸਨ ਨੇ ਉਸਦੇ ਵਿਰੁੱਧ ਮਹਾਂਦੋਸ਼ ਦੀ ਕਾਰਵਾਈ ਤੋਂ ਪਹਿਲਾਂ 1974 ਵਿੱਚ ਅਸਤੀਫਾ ਦੇ ਦਿੱਤਾ ਸੀ। ਇਸ ਦੌਰਾਨ ਜੌਨਸਨ ਅਤੇ ਕਲਿੰਟਨ ਦੋਵੇਂ ਸੈਨੇਟ ਦੁਆਰਾ ਬਰੀ ਹੋ ਗਏ ਸਨ। ਨੈਨਸੀ ਪੇਲੋਸੀ ਨੇ ਕਿਹਾ ਕਿ ਰਿਪਬਲਿਕਨ ਨਿਯੰਤਰਿਤ ਸੈਨੇਟ ਟਰੰਪ ਨੂੰ ਅਹੁਦੇ ਤੋਂ ਹਟਾਉਣ ਦੀ ਅਸਰਦਾਰ ਭੂਮਿਕਾ ਨਿਭਾਵੇਗਾ। ਟਰੰਪ ਨੂੰ ਉਨ੍ਹਾਂ ਦੇ ਮਹਾਂਦੋਸ਼ ਤੋਂ ਇਕ ਸਾਲ ਤੋਂ ਵੀ ਘੱਟ ਸਮੇਂ ਬਾਅਦ ਮੁੜ ਚੋਣ ਦਾ ਸਾਹਮਣਾ ਕਰਨਾ ਪਵੇਗਾ। ਪਰ ਇਸ ਸਭ ਕੁਝ ਦੇ ਸੈਨੇਟ ਵਿਚੋਂ ਇਹ ਮਹਾਂ ਦੋਸ਼ ਚੋਂ ਪਾਰ ਪਾਉਣਾ ਔਖਾ ਹੋਵੇਗਾ ਕਿਓ ਕਿ ਸੈਨੇਟ ਵਿੱਚ ਮਹਾਂ ਦੋਸ਼ ਲਈ ਦੋ ਤਿਹਾਈ ਦਾ ਬਹੁਮਤ ਹੋਣਾ ਲਾਜਮੀ ਹੈ ਜੋ ਸੰਭਵ ਨਹੀਂ ਜਾਪਦਾ।

# ਅਮਰੀਕਾ ਨੇ 2019 ਵਿੱਚ 929 ਭਾਰਤੀਆਂ ਨੂੰ ਦੇਸ਼ ਨਿਕਾਲਾ ਦਿੱਤਾ- ਸਤਨਾਮ ਸਿੰਘ ਚਾਹਲ

ਨਿਊਯਾਰਕ (ਰਾਜ ਗੋਗਨਾ)—ਅਮਰੀਕਾ ਨੇ ਦੇਸ਼ ਦੇ ਇਮੀਗ੍ਰੇਸ਼ਨ ਕਾਨੂੰਨਾਂ ਦੀ ਉਲੰਘਣਾ ਕਰਨ ਦੇ ਦੋਸ਼ਾਂ ਕਾਰਨ ਸਾਲ 2019 ਦੇ ਪਹਿਲੇ ਸੱਤ ਮਹੀਨਿਆਂ ਦੌਰਾਨ 929 ਭਾਰਤੀਆਂ ਸਮੇਤ 42 ਔਰਤਾਂ ਨੂੰ ਦੇਸ਼ ਨਿਕਾਲਾ ਦਿੱਤਾ ਹੈ। ਇਹ ਪ੍ਰਗਟਾਵਾ ਨੌਰਥ ਅਮੈਰੀਕਨ ਪੰਜਾਬੀ ਐਸੋਸੀਏਸ਼ਨ (ਨਾਪਾ) ਦੇ ਕਾਰਜਕਾਰੀ ਨਿਰਦੇਸ਼ਕ ਸਤਨਾਮ ਸਿੰਘ ਚਾਹਲ ਨੇ ਅੱਜ ਇਥੇ ਜਾਰੀ ਪ੍ਰੈਸ ਬਿਆਨ ਵਿੱਚ ਕੀਤਾ. ਉਹਨਾਂ ਦੱਸਿਆ ਕਿ ਅਮਰੀਕਾ ਦੇ ਇਮੀਗ੍ਰੇਸ਼ਨ ਐਂਡ ਕਸਟਮ ਇਨਫੋਰਸਮੈਂਟ (ਆਈ. ਸੀ. ਈ.) ਵਿਭਾਗ ਵੱਲੋਂ ਸੂਚਨਾ ਦੀ ਆਜ਼ਾਦੀ ਐਕਟ (ਐਫ.ਓ.ਆਈ.ਏ) ਤਹਿਤ ਜਾਣਕਾਰੀ ਪ੍ਰਾਪਤ ਕਰਨ ਤੋਂ ਬਾਅਦ ਪਤਾ ਲਗਾ ਹੈ ਕਿ ਅਮਰੀਕਾ ਦੇ ਵਿੱਤੀ ਸਾਲ 2014 ਤੋਂ ਹੁਣ ਤਕ ਸੰਯੁਕਤ ਰਾਜ ਅਮਰੀਕਾ ਵਲੋਂ ਦੇਸ਼ ਤੋਂ ਬਾਹਰ ਨਿਕਾਲੇ ਜਾਣ ਵਾਲੇ ਭਾਰਤੀਆਂ ਦੀ ਇਹ ਸਭ ਤੋਂ ਵੱਡੀ ਸੰਖਿਆ ਸੀ ਜਿਸ ਵਿੱਚ 6 ਔਰਤਾਂ ਸਣੇ ਸਿਰਫ 87 ਭਾਰਤੀਆਂ ਨੂੰ ਦੇਸ਼ ਨਿਕਾਲਾ ਦਿੱਤਾ ਗਿਆ ਸੀ। ਇਸੇ ਤਰ੍ਹਾਂ ਵਿੱਤੀ ਸਾਲ 2015 ਵਿਚ ਸਿਰਫ 202 ਮਰਦ ਅਤੇ ਭਾਰਤੀ ਮੂਲ ਦੇ 22 ਔਰਤਾਂ ਨੂੰ ਦੇਸ਼ ਨਿਕਾਲਾ ਦਿਤਾ ਗਿਆ ਸੀ। ਸ: ਚਾਹਲ ਨੇ ਦਸਿਆ ਕਿ ਵਿੱਤੀ ਸਾਲ 2016 ਵਿਚ ਸਿਰਫ 102 ਪੁਰਸ਼ ਅਤੇ ਇਕ ਔਰਤ, ਵਿੱਤੀ ਸਾਲ 2017 ਵਿਚ 343 ਮਰਦ ਅਤੇ 15 ਔਰਤਾਂ ਅਤੇ ਵਿੱਤੀ ਸਾਲ 2018 ਵਿਚ 323 ਮਰਦ ਅਤੇ 18 ਔਰਤਾਂ ਨੂੰ ਦੇਸ਼ ਨਿਕਾਲਾ ਦਿੱਤਾ ਗਿਆ ਸੀ. ਸ: ਚਾਹਲ ਨੇ ਕਿਹਾ ਕਿ ਭਾਵੇਂ ਅਮਰੀਕਾ ਵਿਚੋਂ ਦੇਸ਼ ਨਿਕਾਲਾ ਦਿਤੇ ਗਏ ਲੋਕਾਂ ਵਿਚੋਂ ਪੰਜਾਬ ਖੇਤਰ ਨਾਲ ਸਬੰਧਤ ਲੋਕਾਂ ਦੀ ਕੋਈ ਠੀਕ ਜਾਣਕਾਰੀ ਨਹੀਂ ਹੈ ਪਰ ਇਹ ਕਿਹਾ ਜਾਂਦਾ ਹੈ ਕਿ ਇਹਨਾਂ ਲੋਕਾਂ ਵਿਚ ਜਿਆਦਾ ਗਿਣਤੀ ਪੰਜਾਬੀਆਂ ਦੀ ਸੀ। ਉਹਨਾਂ ਦਸਿਆ ਕਿ ਸਾਲ 1990 ਤੋਂ ਲੈ ਕਿ ਅਮਰੀਕਾ ਵਿਚ ਅਣਅਧਿਕਾਰਤ ਪ੍ਰਵਾਸੀਆਂ ਦੇ ਹਟਾਉਣ ਵਿਚ ਤੇਜ਼ੀ ਨਾਲ ਵਾਧਾ ਹੋਇਆ ਹੈ ਜੋ ਕਿ ਅੱਜ ਕਈ ਦੇਸ਼ਾਂ ਨਾਲ ਸਬੰਧਤ ਕੁਲ 30,000 ਤੋਂ ਲੈ ਕਿ ਸਾਲਾਨਾ ਤਕਰੀਬਨ 400,000 ਤਕ ਹੋ ਗਿਆ ਹੈ।



ਸ਼: ਚਾਹਲ ਨੇ ਦੱਸਿਆ ਕਿ ਯੂਐਸ-ਮੈਕਸੀਕੋ ਸਰਹੱਦ 'ਤੇ ਕੀਤੀਆਂ ਗਈਆਂ ਗਰਿਫਤਾਰੀਆਂ ਦਾ ਅੰਕੜਾ ਵਿੱਤੀ ਸਾਲ 2019 ਦੌਰਾਨ ਕੁੱਲ 10 ਲੱਖ ਦੇ ਅੰਕੜਿਆਂ ਤੱਕ ਪਹੁੰਚ ਸਕਦਾ ਹੈ, ਜੋ ਕਿ ਦੋ ਸਾਲ ਪਹਿਲਾਂ 1971 ਤੋਂ ਬਾਅਦ ਦੇ ਗੈਰਕਾਨੂੰਨੀ ਇਮੀਗ੍ਰੇਸ਼ਨ ਦੇ ਸਭ ਤੋਂ ਹੇਠਲੇ ਪੱਧਰ ਤੇ ਵੇਖੇ ਜਾਣਗੇ ਜੋ ਕਿ ਅਮਰੀਕੀ ਸਰਹੱਦੀ ਸੁਰੱਖਿਆ ਵਾਤਾਵਰਣ ਲਈ ਇੱਕ ਸ਼ਾਨਦਾਰ ਤਬਦੀਲੀ ਹੋ ਨਿਬੜੇਗੀ। ਸ: ਚਾਹਲ ਨੇ ਕਿਹਾ ਕਿ ਬਹੁਤ ਸਾਰੇ ਭਾਰਤੀ ਮੂਲ ਦੇ ਗੈਰਕਾਨੂੰਨੀ ਪ੍ਰਵਾਸੀ ਲਾਤੀਨੀ ਅਮਰੀਕਾ ਵਿਚੋਂ ਲੰਘਦੇ ਸਨ, ਜੋ ਕਿ ਬਹੁਤ ਸਾਰੇ ਮਹਿੰਗੇ, ਤਸੀਹੇਵਾਲੇ ਅਤੇ ਅਕਸਰ ਖ਼ਤਰਨਾਕ ਸਫਰਾਂ ਤੋਂ ਬਾਅਦ ਸੰਯੁਕਤ ਰਾਜ ਅਮਰੀਕਾ ਤਕ ਪਹੁੰਚਣ ਦੀ ਉਮੀਦ ਕਰਦੇ ਸਨ ਜਿਸ ਵਿਚ ਕਈ ਮਹੀਨੇ ਜਾਂ ਕਈ ਸਾਲ ਲੱਗਦੇ ਹਨ. ਉਹਨਾਂ ਦਸਿਆ ਕਿ ਪਿਛਲੇ 15 ਸਾਲਾਂ ਤੋਂ ਫਾਸਟ ਟਰੈਕ ਦੇਸ਼ ਨਿਕਾਲੇ ਦੀ ਪ੍ਰਕਿਰਿਆ ਜਿਸ ਨੂੰ ਤੇਜ਼ੀ ਨਾਲ ਹਟਾਉਣ ਵਜੋਂ ਜਾਣਿਆ ਜਾਂਦਾ ਹੈ, ਸਰਹੱਦ ਦੇ ਨੇੜੇ ਬਾਰਡਰ ਪੈਟਰੋਲ ਏਜੰਟਾਂ ਦੁਆਰਾ ਵਰਤੀ ਜਾਂਦੀ ਰਹੀ ਹੈ, ਪਰ ਹੁਣ ਪਹਿਲੀ ਵਾਰ ਇਮੀਗ੍ਰੇਸ਼ਨ ਅਤੇ ਕਸਟਮਜ਼ ਇਨਫੋਰਸਮੈਂਟ (ਆਈ. ਸੀ. ਈ.) ਦੇ ਏਜੰਟ ਇਕਪਾਸੜ ਤੌਰ 'ਤੇ ਇਥੇ ਦੋ ਸਾਲਾਂ ਤੋਂ ਵੀ ਘੱਟ ਸਮੇਂ ਤੋਂ ਰਹਿ ਰਹੇ ਗ਼ੈਰ-ਪ੍ਰਮਾਣਿਤ ਪ੍ਰਵਾਸੀਆਂ ਨੂੰ ਪੁੱਛਗਿੱਛ ਜਾਂ ਗਿਰਫਤਾਰ ਕਰ ਸਕਦੇ ਹਨ ਅਤੇ ਉਨ੍ਹਾਂ ਨੂੰ ਦੇਸ਼ ਨਿਕਾਲਾ ਵੀ ਦੇ ਸਕਦੇ ਹਨ। ਉਹਨਾਂ ਦਸਿਆ ਕਿ ਸਾਲ 2001 ਤੋਂ 2008 ਦੇ ਵਿਚਕਾਰ ਰਾਸ਼ਟਰਪਤੀ ਜਾਰਜ ਡਬਲਯੂ ਬੁਸ਼ ਦੇ ਕਾਰਜਕਾਲ ਦੇ ਸਮੇਂ ਲਗਭਗ 20 ਲੱਖ ਲੋਕਾਂ ਨੂੰ ਅਮਰੀਕਾ ਵਿਚੋਂ ਦੇਸ਼ ਨਿਕਾਲਾ ਦਿੱਤਾ ਗਿਆ ਸੀ. ਇਸੇ ਤਰਾਂ ਸਾਲ 2009 ਤੋਂ 2016 ਦੇ ਵਿਚਕਾਰ ਰਾਸ਼ਟਰਪਤੀ ਬਰਾਕ ਓਬਾਮਾ ਦੇ ਕਾਰਜਕਾਲ ਸਮੇਂ ਕਈ ਦੇਸ਼ਾਂ ਦੇ ਲਗਭਗ 2.9 ਮਿਲੀਅਨ ਲੋਕਾਂ ਨੂੰ ਸੰਯੁਕਤ ਰਾਜ ਤੋਂ ਦੇਸ਼ ਨਿਕਾਲਾ ਦਿੱਤਾ ਗਿਆ ਸੀ। ਚਾਹਲ ਨੇ ਕਿਹਾ ਕਿ ਰਾਸ਼ਟਰਪਤੀ ਟਰੰਪ ਦੇ ਪ੍ਰਸ਼ਾਸਨ ਦੌਰਾਨ ਦੇਸ਼ ਨਿਕਾਲੇ ਓਬਾਮਾ ਦੇ ਦੌਰ ਨਾਲੋਂ ਘੱਟ ਹਨ। ਹਾਲਾਂਕਿ ਰਾਸ਼ਟਰਪਤੀ ਟਰੰਪ ਨੇ ਆਪਣੀ ਪਹਿਲੀ ਮਿਆਦ ਦੇ ਇਮੀਗ੍ਰੇਸ਼ਨ ਤੇ ਰੋਕ ਲਗਾ ਦਿੱਤੀ ਹੈ, ਪਰ ਉਨ੍ਹਾਂ ਦਾ ਪ੍ਰਸ਼ਾਸਨ ਰਾਸ਼ਟਰਪਤੀ ਬਰਾਕ ਓਬਾਮਾ ਦੇ ਦੇਸ਼ ਨਿਕਾਲੇ ਦੀ ਰਫਤਾਰ ਤੋਂ ਕਿਤੇ ਪਿੱਛੇ ਹੈ। ਸ: ਚਾਹਲ ਨੇ ਕਿਹਾ ਕਿ ਰਾਸ਼ਟਰਪਤੀ ਓਬਾਮਾ ਨੇ ਸਾਲ 2012 ਵਿੱਚ ਹੀ ਵੱਖ ਵੱਖ ਦੇਸ਼ਾਂ ਨਾਲ ਸਬੰਧਤ 409,849 ਲੋਕਾਂ ਨੂੰ ਦੇਸ਼ ਵਿਚੋਂ ਦੇਸ਼ ਨਿਕਾਲਾ ਦੇ ਦਿੱਤਾ ਸੀ। ਰਾਸ਼ਟਰਪਤੀ ਟਰੰਪ ਜਿਨ੍ਹਾਂ ਨੇ ਪ੍ਰਵਾਸੀਆਂ ਦੇ ਲੱਖਾਂ ਲੋਕਾਂ ਨੂੰ ਦੇਸ਼ ਨਿਕਾਲਾ ਦੇਣ ਦੀ ਸਹੁੰ ਖਾਧੀ ਸੀ, ਨੇ ਅਜੇ ਇਕ ਸਾਲ ਵਿਚ 260,000 ਦੇਸ਼ ਨਿਕਾਲੇ ਦੇ ਅੰਕੜੇ ਨੂੰ ਹੂੰ ਪਾਰ ਕੀਤਾ ਹੈ। ਚਾਹਲ ਨੇ ਕਿਹਾ ਕਿ ਇਹ ਬਹੁਤ ਹੈਰਾਨੀ ਵਾਲੀ ਗੱਲ ਹੈ ਕਿ ਰਾਸ਼ਟਰਪਤੀ ਓਬਾਮਾ ਨੇ ਆਪਣੇ ਪਹਿਲੇ ਤਿੰਨ ਸਾਲਾਂ ਦੇ ਕਾਰਜਕਾਲ ਦੌਰਾਨ 1.18 ਮਿਲੀਅਨ ਲੋਕਾਂ ਨੂੰ ਦੇਸ਼ ਨਿਕਾਲਾ ਦਿੱਤਾ ਸੀ, ਉਤਨੇ ਸਮੇਂ ਦੌਰਾਨ ਰਾਸ਼ਟਰਪਤੀ ਟਰੰਪ ਨੇ 800,000 ਤੋਂ ਘੱਟ ਲੋਕਾਂ ਨੂੰ ਅਮਰੀਕਾ ਵਿਚੋਂ ਦੇਸ਼ ਨਿਕਾਲੇ ਦਿੱਤੇ ਹਨ। ਚਾਹਲ ਨੇ ਕਿਹਾ ਕਿ ਅਮਰੀਕਾ ਵਿਚੋਂ ਨਿਕਾਲੇ ਜ਼ਿਆਦਾਤਰ ਭਾਰਤੀ ਮੂਲ ਦੇ ਲੋਕ ਨਾ ਤਾਂ ਸਖ਼ਤ ਅਪਰਾਧੀ ਸਨ ਅਤੇ ਨਾ ਹੀ ਸੰਤ। ਇਹ ਉਹ ਲੋਕ ਸਨ ਜਿਨ੍ਹਾਂ ਨੇ ਸਿਰਫ ਆਪਣੇ ਵੀਜ਼ੇ ਦੀ ਮਿਆਦ ਜਾਂ ਤਾਂ ਖਤਮ ਕਰ ਲਈ ਸੀ ਜਾਂ ਫਿਰ ਉਹਨ੍ਹਾਂ ਦੇ ਪਨਾਹ ਲੈਣ ਦੇ ਦਾਅਵੇ ਅਸਫਲ ਹੋਏ ਸਨ। ਉਹਨਾਂ ਕਿਹਾ ਕਿ ਸਭ ਤੋਂ ਆਮ ਅਪਰਾਧਿਕ ਦੋਸ਼ਾਂ ਵਿਚੋਂ ਇਕ ਅਪਰਾਧ ਸੰਯੁਕਤ ਰਾਜ ਅਮਰੀਕਾ ਵਿੱਚ ਗ਼ੈਰਕਾਨੂੰਨੀ ਤੌਰ 'ਤੇ ਦਾਖਲ ਹੋਣਾ ਵੀ ਸੀ।

## ਵਾਟਕੋਮ ਕਾਉਂਟੀ ਦੀ ਐਗਜੈਕਟਿਵ ਦੀ ਚੋਣ ਜੇਤੂ ਸਤਪਾਲ ਸਿੰਘ ਸਿੱਧੂ ਦੇ ਸਹੁੰ ਚੁੱਕ ਸਮਾਗਮ 11 ਜਨਵਰੀ ਨੂੰ

**ਸਿਆਟਲ (ਗੁਰਚਰਨ ਸਿੰਘ ਢਿੱਲੋਂ)–** ਪੰਜਾਬੀ ਭਾਈਚਾਰੇ ਦੇ ਉਮੀਦਵਾਰ ਪਹਿਲੀ ਵਾਰ ਸਤਪਾਲ ਸਿੰਘ ਸਿੱਧੂ ਵਾਟਕੋਮ ਕਾਉਂਟੀ ਦੇ ਐਗਜੈਕਟਿਵ ਦੀ ਚੋਣ ਜਿੱਤਣ ਤੇ ਬੈਲਗਹਿੰਮ ਕਾਉਂਟੀ ਆਫਿਸ ਵਿਚ 11 ਜਨਵਰੀ 2020 ਨੂੰ ਸਵੇਰੇ 11 ਵਜੇ ਸਹੁੰ ਚੁੱਕ ਸਮਾਗਮ ਆਯੋਜਿਤ ਕੀਤਾ ਜਾ ਰਿਹਾ ਹੈ, ਜਿੱਥੇ ਪੰਜਾਬੀ ਭਾਈਚਾਰੇ ਦੇ ਵਾਲੰਟੀਅਰਾਂ, ਚਹੇਤਿਆਂ, ਦੋਸਤਾਂ-ਮਿੱਤਰਾਂ ਨੂੰ ਖੁੱਲ੍ਹਾ ਸੱਦਾ ਦਿੱਤਾ ਜਾ ਰਿਹਾ ਹੈ। ਸਤਪਾਲ ਸਿੱਧੂ ਦੇ ਜਮਾਤੀ ਦੋਸਤ ਤੇ ਵਲੰਟੀਅਰ ਹਰਦੇਵ ਸਿੰਘ ਜੱਜ ਨੇ ਦੱਸਿਆ ਕਿ ਪੰਜਾਬੀਆਂ ਵਾਸਤੇ ਮਾਣ ਦੀ ਗੱਲ ਹੈ ਕਿ ਪਹਿਲੀ ਵਾਰ ਸਤਪਾਲ ਸਿੰਘ ਸਿੱਧੂ ਵਾਸ਼ਿੰਗਟਨ ਸਟੇਟ ਵਿਚ ਉਚ ਅਹੁਦੇ 'ਤੇ ਚੋਣ ਜਿੱਤ ਕੇ ਪਹੁੰਚਿਆ ਹੈ। ਇਸ ਤੋਂ ਪਹਿਲਾਂ ਸਤਪਾਲ ਸਿੱਧੂ ਵਾਟਕੋਮ ਕਾਉਂਟੀ ਦੇ ਕੌਂਸਲ ਮੈਂਬਰ ਵੀ ਰਹਿ ਚੁੱਕੇ ਹਨ। ਹਰਦੇਵ ਸਿੰਘ ਨੇ ਦੱਸਿਆ ਕਿ ਇਸੇ ਸ਼ਹਿਰ ਬੈਲਗਹਿੰਮ ਵਿਚ 100 ਸਾਲ ਪਹਿਲਾਂ ਨਸਲੀ ਵਿਤਕਰੇ ਕਰਕੇ ਘੱਟ ਗਿਣਤੀ ਦੇ ਲੋਕਾਂ ਨੂੰ ਪੰਜਾਬੀਆਂ ਸਮੇਤ ਸ਼ਹਿਰ 'ਚੋਂ ਬਾਹਰ ਕੱਢ ਦਿੱਤਾ ਸੀ, ਜਿਸ ਕਰਕੇ ਗਦਰੀ ਬਾਬਿਆਂ ਨੇ ਇਕੱਠਿਆਂ ਹੋ ਕੇ ਆਪਣੇ ਹੱਕਾਂ ਦੀ ਖਾਤਰ ਤੇ ਵੋਟ ਦੇ ਅਧਿਕਾਰ ਲਈ ਸੰਘਰਸ਼ ਤੇ ਜੱਦੋ ਜਹਿਦ ਕੀਤੀ। ਜਿਹਨਾਂ ਦੀਆਂ ਕੁਰਬਾਨੀਆਂ ਸਦਕਾ ਉਸੇ ਸ਼ਹਿਰ ਬੈਲਗਹਿੰਮ 'ਚ ਕਮਿਸ਼ਨਰ ਵਰਗੀ ਪੁਜੀਸ਼ਨ ਜਿੱਤ ਕੇ ਸਤਪਾਲ ਸਿੱਘੂ ਕਮਾਂਡ ਕਰੇਗਾ।



## ਪਹਿਲੀਆਂ ਤਿੰਨ ਪੁਜੀਸ਼ਨਾਂ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਸੁੰਦਰ ਟਰਾਫੀਆਂ ਵੰਡੀਆਂ

**ਮੈਰੀਲੈਂਡ/ ਬਾਲਟੀਮੋਰ (ਰਾਜ ਗੋਗਨਾ)–** ਸਿੱਖ ਐਸੋਸੀਏਸ਼ਨ ਬਾਲਟੀਮੋਰ ਦਾ ਖਾਲਸਾ ਪੰਜਾਬੀ ਸਕੂਲ ਪੰਜਵੇਂ ਸਾਲ ਵਿੱਚ ਪ੍ਰਵੇਸ਼ ਕਰ ਗਿਆ ਹੈ। ਜਿਸ ਦਾ ਸਲਾਨਾ ਅਕਾਦਮਿਕ ਸਮਾਗਮ ਕਰਵਾਇਆ ਗਿਆ। ਇਸ ਵਿੱਚ ਸਮੂਹ ਵਿਦਿਆਰਥੀਆਂ, ਮਾਪਿਆਂ ਅਤੇ ਪ੍ਰਬੰਧਕਾਂ ਤੋਂ ਇਲਾਵਾ ਅਧਿਆਪਕਾਂ ਨੇ ਵੀ ਹਿੱਸਾ ਲਿਆ। ਸਕੂਲ ਦੀਆਂ ਵੱਖ-ਵੱਖ ਸ਼੍ਰੇਣੀਆਂ ਵਿੱਚ ਪਹਿਲੀਆਂ ਤਿੰਨ ਪੁਜੀਸ਼ਨਾਂ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਬਹੁਤ ਹੀ ਸੁੰਦਰ ਟਰਾਫੀਆਂ ਨਾਲ ਸਨਮਾਨਿਤ ਕੀਤਾ ਗਿਆ। ਜੇਤੂਆਂ ਨੂੰ ਇਨਾਮ ਉਨ੍ਹਾਂ ਦੇ ਪੜ੍ਹਾਉਣ ਵਾਲੇ ਅਧਿਆਪਕ, ਸਕੂਲ ਪ੍ਰਿੰਸੀਪਲ ਅਤੇ ਪ੍ਰਧਾਨ ਦੀ ਹਾਜ਼ਰੀ ਵਿੱਚ ਵੰਡੇ ਗਏ।ਡਾ. ਸੁਰਿੰਦਰ ਸਿੰਘ ਗਿੱਲ ਪ੍ਰਿੰਸੀਪਲ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਜਿਹੜੇ ਮਾਪੇ ਵਿਦਿਆਰਥੀਆਂ ਨੂੰ ਘਰ ਜਾ ਕੇ ਸਕੂਲ ਦਾ ਦਿੱਤਾ ਕੰਮ ਕਰਵਾਉਂਦੇ ਹਨ। ਉਨ੍ਹਾਂ ਦਾ ਰੋਜ਼ ਪੰਜਾਬੀ ਪੜ੍ਹਾਈ ਦਾ ਅਭਿਆਸ ਕਰਵਾਉਂਦੇ ਹਨ। ਉਹੀ ਵਿਦਿਆਰਥੀ ਸਰਵੋਤਮ ਰਹੇ ਹਨ। ਜਿਨ੍ਹਾਂ ਨੇ ਅੱਜ ਸਿੱਖਿਆ ਦੇ ਖੇਤਰ ਵਿੱਚ ਇਨਾਮ ਪ੍ਰਾਪਤ ਕੀਤੇ ਹਨ।ਇਨਾਮ ਪ੍ਰਾਪਤ ਕਰਨ ਵਾਲੇ ਬੱਚੇ, ਗਰੁੱਪ ਪਹਿਲਾ: ਸੁਰਿੰਦਰ ਸਿੰਘ (ਪਹਿਲਾ), ਜਸਕਰਨ ਸਿੰਘ (ਦੂਜਾ), ਗੁਰਮਨ ਸਿੰਘ (ਤੀਜਾ), ਗਰੁੱਪ ਦੂਜਾ: ਗੁਰਸਿਮਰਨ (ਪਹਿਲਾ), ਏਕਮ (ਦੂਜਾ), ਗੁਰਨੂਰ ਸਿੰਘ (ਤੀਜਾ), ਗਰੁੱਪ ਤੀਜਾ: (ਗਰੁਪਤੀਜਾ), ਹਰਲਿਵ ਕੌਰ (ਪਹਿਲਾ), ਆਦਜੋਤ ਸਿੰਘ (ਦੂਜਾ), ਅਗਮ (ਤੀਜਾ), ਪ੍ਰਨੀਤ ਕੌਰ ਨੇ ਲਿਖਤੀ ਵਿੱਚ ਪਹਲਾ ਸਥਾਨ ਪ੍ਰਾਪਤ ਕੀਤਾ ਹੈ ਜਦਕਿ ਸੀਨੀਅਰ ਗਰੁੱਪ ਵਿੱਚ ਦੀਪ ਅਸੀਸ ਪਹਿਲੇ ਸਥਾਨ ਅਤੇ ਅਰਸ਼ਦੀਪ ਕੌਰ ਦੂਸਰੇ ਸਥਾਨ ਤੇ ਰਹੇ ਹਨ।ਨਵੇਂ ਸੈਸ਼ਨ ਦਾ ਦਾਖਲ ਸ਼ੁਰੂ ਹੈ। ਜਿਨ੍ਹਾਂ ਮਾਪਿਆਂ ਨੇ ਆਪਣੇ ਬੱਚਿਆਂ ਨੂੰ ਗੁਰਬਾਣੀ, ਕੀਰਤਨ ਅਤੇ ਪੰਜਾਬੀ ਸਿਖਾਉਣੀ ਹੈ, ਉਨ੍ਹਾਂ ਨੂੰ ਬੇਨਤੀ ਕੀਤੀ ਗਈ ਹੈ ਕਿ ਐਤਵਾਰ ਚੱਲ ਰਹੇ ਖਾਲਸਾ ਪੰਜਾਬੀ ਸਕੂਲ ਦਾ ਲਾਹਾ ਲਵੋ। ਆਪਣੇ ਵਿਰਸੇ ਅਤੇ ਧਰਮ ਵਿੱਚ ਪ੍ਰਪੱਕ ਹੋਣ ਲਈ ਪੰਜਾਬੀ ਸਿੱਖਣਾ ਅਤੀ ਜਰੂਰੀ ਹੈ। ਜਿਸ ਲਈ ਸਿੱਖ ਐਸੋਸੀਏਸ਼ਨ ਆਫ ਬਾਲਟੀਮੋਰ ਦੀ ਪ੍ਰਬੰਧਕ ਕਮੇਟੀ ਪੂਰਾ ਸਾਥ ਦੇ ਰਹੀ ਹੈ। ਰਤਨ ਸਿੰਘ ਪ੍ਰਧਾਨ ਵਲੋਂ ਇਸ ਸਮਾਗਮ ਵਿੱਚ ਹਾਜ਼ਰੀ ਭਰ ਕੇ ਸਕੂਲ ਨੂੰ ਪੂਰਨ ਸਹਿਯੋਗ ਦੇਣ ਦਾ ਇਜ਼ਹਾਰ ਕੀਤਾ। ਮਾਪਿਆਂ ਵਲੋਂ ਜੇਤੂ ਬੱਚਿਆਂ ਨਾਲ ਤਸਵੀਰ ਖਿਚਾ ਕੇ ਆਪਣੀ ਖੁਸ਼ੀ ਦਾ ਇਜ਼ਹਾਰ ਕੀਤਾ। ਜੋ ਕਾਬਲੇ ਤਾਰੀਫ ਸੀ। ਅਧਿਆਪਕਾਂ ਵਿੱਚ ਪਰਮਜੀਤ ਕੌਰ, ਰਜਿੰਦਰ ਕੌਰ, ਸੁਖਵਿੰਦਰ ਸੂਰੀ, ਕਮਲਜੀਤ ਕੌਰ, ਪੂਨਮ ਕੌਰ ਤੇ ਪੁਰਾਣੇ ਸੀਨੀਅਰ ਵਿਦਿਆਰਥੀਆਂ ਵੀ ਹਾਜ਼ਰ ਸਨ।




## ਕੰਨਿਆਂ ਦੀ ਲੋੜ

ਨਾਈ ਸਿੱਖ ਲੜਕਾ, ਪੜ੍ਹਿਆ-ਲਿਖਿਆ, ਉਮਰ 30 ਸਾਲ, ਕੱਦ 5 ਫੁੱਟ 11 ਇੰਚ, ਸੋਹਣਾ-ਸੁਨੱਖਾ ਇਸ ਵਕਤ ਡੁਬਈ ਵਿਚ ਹੈਵੀ ਡਿਊਟੀ ਟਰੱਕ ਟਰੇਲਰ ਚਲਾ ਰਿਹਾ ਹੈ, ਲਈ ਕੈਨੇਡਾ ਜਾਂ ਅਮਰੀਕਾ ਤੋਂ ਲੜਕੀ ਦੀ ਲੋੜ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ। ਤਲਾਕਸ਼ੁਦਾ 'ਤੇ ਵੀ ਵਿਚਾਰ ਕੀਤੀ ਜਾ ਸਕਦੀ ਹੈ। ਲੜਕੇ ਦਾ ਅੰਕਲ ਅਮਰੀਕਾ ਵਿਚ ਸੈਟ ਕਰਨ ਵਿਚ ਮਦਦ ਕਰੇਗਾ। ਹੋਰ ਜਾਣਕਾਰੀ ਲਈ ਸੰਪਰਕ ਕਰੋ 550-355-4065, ਇੰਡੀਆ 91-94655-06499


## ਅਮਰੀਕਾ 'ਚ ਵੱਖ-ਵੱਖ ਥਾਵਾਂ 'ਤੇ ਫਾਇਰਿੰਗ 'ਚ ਤਿੰਨ ਦੀ ਮੌਤ, ਸੱਤ ਹੋਰ ਜ਼ਖ਼ਮੀ

**ਵਾਸ਼ਿੰਗਟਨ–** ਅਮਰੀਕਾ ਦੇ ਸ਼ਹਿਰ ਬਾਲਟੀਮੋਰ ਤੇ ਮੈਰੀਲੈਂਡ ਸਟੇਟ 'ਚ ਚਾਰ ਵੱਖ-ਵੱਖ ਥਾਵਾਂ 'ਤੇ ਫਾਇਰਿੰਗ ਵਿਚ ਤਿੰਨ ਲੋਕਾਂ ਦੀ ਮੌਤ ਹੋ ਗਈ ਜਦਕਿ ਸੱਤ ਹੋਰ ਜ਼ਖ਼ਮੀ ਹੋ ਗਏ। ਬਾਲਟੀਮੋਰ 'ਚ ਐਤਵਾਰ ਦੁਪਹਿਰ ਵਾਪਰੀ ਇਕ ਘਟਨਾ ਵਿਚ ਦੋ ਅਣਪਛਾਤੇ ਲੋਕਾਂ ਜਿਨ੍ਹਾਂ ਵਿਚੋਂ ਇਕ ਕੋਲ ਰਾਈਫਲ ਅਤੇ ਇਕ ਕੋਲ ਹੈਂਡਗੰਨ ਸੀ ਨੇ ਅੰਨ੍ਹੇਵਾਹ ਹੁੱਕਾ ਲਾਂਜ 'ਤੇ ਫਾਇਰਿੰਗ ਸ਼ੁਰੂ ਕਰ ਦਿੱਤੀ ਜਿਸ ਵਿਚ ਤਿੰਨ ਬਾਲਗਾਂ ਸਣੇ ਸੱਤ ਲੋਕ ਜ਼ਖ਼ਮੀ ਹੋ ਗਏ। ਇਸ ਸ਼ਹਿਰ 'ਚ ਇਕ ਸਟੋਰ 'ਤੇ ਕੀਤੀ ਫਾਇਰਿੰਗ ਵਿਚ ਇਕ 35 ਸਾਲਾ ਔਰਤ ਦੀ ਮੌਤ ਹੋ ਗਈ। ਸ਼ਨਿਚਰਵਾਰ ਨੂੰ ਮੈਰੀਲੈਂਡ 'ਚ ਦੋ ਵੱਖ-ਵੱਖ ਥਾਵਾਂ 'ਤੇ ਕੀਤੀ ਗਈ ਫਾਇਰਿੰਗ ਵਿਚ ਹੇਅਰ ਸਾਲੂਨ 'ਚ ਇਕ ਔਰਤ ਦੀ ਮੌਤ ਹੋ ਗਈ ਜਦਕਿ ਇਕ 21 ਸਾਲਾ ਨੌਜਵਾਨ ਵੀ ਇਸ ਗੋ਼ਲੀਬਾਰੀ ਵਿਚ ਮਾਰਿਆ ਗਿਆ।



# ਅਮਰੀਕੀ ਫੌਜ ਨੇ ਸਭ ਧਰਮਾਂ ਲਈ ਆਪਣੇ ਦਰਵਾਜ਼ੇ ਖੋਲੇ

**ਵਾਸ਼ਿੰਗਟਨ (ਹੁਸਨ ਲੜੋਆ ਬੰਗਾ)**– ਅਮਰੀਕੀ ਫੌਜ ਨੇ ਨਵੇਂ ਨਿਯਮ ਜਾਰੀ ਕੀਤੇ ਹਨ ਜਿਨਾਂ ਤਹਿਤ ਦਸਤਾਰ ਬੰਨ ਕੇ , ਹਿਜ਼ਾਬ ਜਾਂ ਦਾੜੀ ਰਖਣ ਵਾਲੇ ਵਿਅਕਤੀ ਫੌਜ ਵਿਚ ਭਰਤੀ ਹੋ ਸਕਣਗੇ। ਇਸ ਤਰਾਂ ਅਮਰੀਕਾ ਨੇ ਘੱਟ ਗਿਣਤੀਆਂ ਲਈ ਆਪਣੀ ਫੌਜ ਦੇ ਦਰਵਾਜ਼ੇ ਖੋਲ ਦਿੱਤੇ ਹਨ। ਆਰਮੀ ਏਰਿਕ ਫੈਨਿੰਗ ਦੇ ਸਕੱਤਰ ਵੱਲੋਂ ਜਾਰੀ ਨਵੇਂ ਨਿਯਮਾਂ ਅਨੁਸਾਰ ਹੁਣ ਘਟ ਗਿਣਤੀ ਧਰਮਾਂ ਵਾਲਿਆਂ ਦੀ ਬ੍ਰਿਗੇਡ ਪੱਧਰ ਤੱਕ ਭਰਤੀ ਹੋ ਸਕੇਗੀ। ਪਹਿਲਾਂ ਇਹ ਭਰਤੀ ਸਕੱਤਰ ਪੱਧਰ ਤੱਕ ਸੀ। ਇਸ ਤਰਾਂ ਅਮਰੀਕੀ ਫੌਜ ਦੇ ਅਹਿਮ ਅਹੁੱਦਿਆਂ ਉਪਰ ਘਟ ਗਿਣਤੀ ਧਰਮਾਂ ਦੇ ਲੋਕ ਤਾਇਨਾਤ ਹੋ ਸਕਣਗੇ। ਕਾਂਗਰਸਮੈਨ ਜੋਇ ਕਰੋਲੀ ਨੇ ਅਮਰੀਕੀ ਫੌਜ ਦੇ ਸਕੱਤਰ ਵੱਲੋਂ ਜਾਰੀ ਨਵੇਂ ਦਿਸ਼ਾ ਨਿਰਦੇਸ਼ਾਂ ਦਾ ਸਵਾਗਤ ਕਰਦਿਆਂ ਕਿਹਾ ਹੈ ਕਿ ਇਹ ਇਕ ਵੱਡੀ ਪ੍ਰਗਤੀ ਹੈ। ਇਸ ਦੀ ਨਾ ਕੇਵਲ ਅਮਰੀਕੀ ਸਿੱਖਾਂ ਲਈ ਅਹਿਮਅਤ ਹੈ ਬਲਕਿ ਦੇਸ਼ ਦੀ ਫੌਜ ਲਈ



ਵੀ ਇਸ ਦੇ ਵੱਡੇ ਅਰਥ ਹਨ। ਅਮਰੀਕੀ ਸਿੱਖ ਇਸ ਦੇਸ਼ ਨੂੰ ਪਿਆਰ ਕਰਦੇ ਹਨ। ਹੁਣ ਉਨਾਂ ਨੂੰ ਇਸ ਦੇਸ਼ ਦੀ ਸੇਵਾ ਕਰਨ ਦੇ ਹੋਰ ਮੌਕੇ ਮਿਲਣਗੇ। ਜੋਇ ਅਨੁਸਾਰ ਸਾਰੇ ਧਰਮਾਂ ਲਈ ਸਾਡੇ ਸਨਮਾਨ ਤੇ ਨਿੱਜੀ ਸੁਤੰਤਰਤਾ ਨੇ ਅਮਰੀਕਾ ਨੂੰ ਇਕ ਮਜਬੂਤ ਦੇਸ਼ ਬਣਾਇਆ ਹੈ ਜਿਸ ਕੋਲ ਇਕ ਮਜਬੂਤ ਫੌਜ ਹੈ। ਅਮਰੀਕੀ ਸਿੱਖਾਂ ਨੇ ਅਮਰੀਕਾ ਦੇ ਇਸ ਕਦਮ ਦਾ ਜੋਰਦਾਰ ਸਵਾਗਤ ਕੀਤਾ ਹੈ ਜੋ ਇਸ ਸਬੰਧੀ ਪਿਛਲੇ ਸਮੇਂ ਤੋਂ ਮੁਹਿੰਮ ਚਲਾ ਰਹੇ ਸਨ। ਸਿੱਖ ਅਮਰੀਕਨ ਕੁਲੀਸ਼ਨ ਨੇ ਇਸ ਕਦਮ ਦਾ ਸਵਾਗਤ ਕੀਤਾ ਹੈ ਪਰ ਨਾਲ ਹੀ ਕਿਹਾ ਹੈ ਕਿ ਇਸ ਸਬੰਧੀ ਅਜੇ ਹੋਰ ਕਦਮ ਪੁੱਟਣ ਦੀ ਲੋੜ ਹੈ। ਕੁਲੀਸ਼ਨ ਦੀ ਕਾਨੂੰਨੀ ਡਾਇਰੈਕਟਰ ਹਰਸਿਮਰਨ ਕੌਰ ਨੇ ਕਿਹਾ ਹੈ ਕਿ ਸਾਰੇ ਧਰਮਾਂ ਤੇ ਘਟ ਗਿਣਤੀਆਂ ਦੀ ਫੌਜ ਵਿਚ ਬੇਰੋਕ ਟੋਕ ਭਰਤੀ ਲਈ ਇਕ ਸਥਾਈ ਨੀਤੀ ਬਣਾਈ ਜਾਣੀ ਚਾਹੀਦੀ ਹੈ ਫਿਰ ਵੀ ਅਸੀਂ ਤਾਜਾ ਪ੍ਰਗਤੀ ਤੋਂ ਖੁਸ਼ ਹਾਂ।

# ਸਾਹਿਬਜ਼ਾਦਿਆਂ ਤੇ ਮਾਤਾ ਗੁਜਰ ਕੌਰ ਜੀ ਦਾ 21 ਤੋਂ 20 ਦਸੰਬਰ ਕੁਰਬਾਨੀਆਂ ਭਰਿਆ ਇਤਿਹਾਸ

ਸਿਆਟਲ (ਗੁਰਚਰਨ ਸਿੰਘ ਢਿੱਲੋਂ)– ਸੰਸਾਰ ਦੇ ਕੋਨੇ ਕੋਨੇ ਵਿਚ ਚਾਰੇ ਸਾਹਿਬਜ਼ਾਦਿਆਂ ਤੇ ਮਾਤਾ ਗੁਜਰ ਕੌਰ



ਜੀ ਦੀਆਂ ਕੁਰਬਾਨੀਆਂ ਤੇ ਦਰਦ ਭਰਿਆ ਇਤਿਹਾਸ 21 ਤੋਂ 29 ਦਸੰਬਰ ਤੱਕ ਸੋਗ ਵਜੋਂ ਸ਼ਹੀਦੀ ਸਮਾਗਮ ਆਯੋਜਿਤ ਕੀਤੇ ਜਾਂਦੇ ਹਨ। 21 ਦਸੰਬਰ ਨੂੰ ਸਰਬੰਸਦਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਪਰਿਵਾਰ ਤੇ ਨਜ਼ਦੀਕੀ ਸਿੰਘਾਂ ਸਹਿਤ ਆਨੰਦਪੁਰ ਸਾਹਿਬ ਦਾ ਕਿਲਾ ਛੱਡਿਆ ਅਤੇ 22 ਦਸੰਬਰ ਨੂੰ ਕੜਾਕੇ ਦੀ ਠੰਡ ਵਿਚ ਸਰਸਾ ਨਦੀ ਤੇ ਪਰਿਵਾਰ ਵਿਛੋੜਾ ਹੋ ਗਿਆ। 23 ਦਸੰਬਰ ਨੂੰ ਵੱਡੇ ਸਾਹਿਬਜ਼ਾਦਿਆਂ ਬਾਬਾ ਅਜੀਤ ਸਿੰਘ ਜੀ ਤੇ ਬਾਬਾ ਜੁਝਾਰ ਸਿੰਘ ਜੀ ਸ਼ਹੀਦੀਆਂ ਪਾ ਗਏ। 24 ਦਸੰਬਰ ਨੂੰ ਚਮਕੌਰ ਦੀ ਗੜ੍ਹੀ ਵਿਚ ਬਚੇ ਸਿੰਘਾਂ ਦੀ ਸ਼ਹੀਦੀ ਅਤੇ 25 ਦਸੰਬਰ ਨੂੰ ਸ਼ਹੀਦੀ ਬੀਬੀ ਹਰਸ਼ਰਨ ਕੌਰ ਜੀ। 26-27 ਦਸੰਬਰ ਨੂੰ ਸੂਬੇ ਦੀ ਕਚਹਿਰੀ ਵਿਚ ਅਤੇ 28 ਦਸੰਬਰ ਨੂੰ ਛੋਟੇ ਸਾਹਿਬਜ਼ਾਦੇ ਬਾਬਾ ਜੋਰਾਵਰ ਸਿੰਘ ਜੀ ਤੇ ਬਾਰਾ ਫਤਿਹ ਸਿੰਘ ਜੀ ਜਿਉਂਦੇ ਨੀਹਾਂ ਵਿਚ ਚਿਣ ਕੇ ਸ਼ਹੀਦ ਕਰ ਦਿੱਤੇ ਤੇ ਮਾਤਾ ਗੁਜਰ ਕੌਰ ਜੀ ਠੰਡੇ ਬੁਰਜ 'ਚ ਸ਼ਹੀਦੀ ਪਾ ਗਏ। 29 ਦਸੰਬਰ ਨੂੰ ਸਾਹਿਬਜ਼ਾਦਿਆਂ ਤੇ ਮਾਤਾ ਗੁਜਰ ਕੌਰ ਜੀ ਦਾ ਸੰਸਕਾਰ ਕੀਤਾ ਗਿਆ। ਚਾਰੇ ਸਾਹਿਬਜਾਦੇ ਤੇ ਮਾਤਾ ਗੁਜਰ ਕੌਰ ਜੀ ਦੀ ਮਿੱਠੀ ਤੇ ਨਿੱਘੀ ਯਾਦ ਵਿਚ ਸਿਆਟਲ ਦੇ ਵੱਖ ਵੱਖ ਗੁਰੂ ਘਰ ਅਤੇ ਨਜ਼ਦੀਕੀ ਸ਼ਹਿਰਾਂ ਬੋਥਲ, ਮੈਰੀਸਵੈਲ, ਸਪੋਕੇਨ, ਬੈਲਗਹਿੰਮ, ਸੈਲਮ, ਪੋਰਟਲੈਂਡ ਅਤੇ ਟਰਾਈਸਿਟੀਜ਼ ਵਿਖੇ 27-28-29 ਦਸੰਬਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਕਰਵਾ ਕੇ ਸ਼ਹੀਦੀ ਸਮਾਗਮ ਆਯੋਜਿਤ ਕੀਤੇ ਗਏ ਹਨ, ਜਿੱਥੇ ਭਾਰੀ ਗਿਣਤੀ ਵਿਚ ਸੰਗਤਾਂ ਨਤਮ-ਸਤਕ ਹੋਣਗੀਆਂ ਅਤੇ ਸ਼ਰਧਾਂਜਲੀ ਵਜੋਂ ਦਰਸ਼ਨ ਕਰਨ ਲਈ ਪਹੁੰਚ ਰਹੀਆਂ ਹਨ।

# 'ਚਮਕੌਰ ਦਾ ਯੁੱਧ' ਸਮਰਪਿਤ ਧਾਰਮਿਕ ਕਵੀ ਦਰਬਾਰ



**ਸੈਨਹੋਜ਼ੇ (ਬਿਊਰੋ)**– ਅਮਰੀਕੀ ਪੰਜਾਬੀ ਕਵੀਆਂ ਵੱਲੋਂ 'ਚਮਕੌਰ ਦਾ ਯੁੱਧ' ਸਮਰਪਿਤ ਧਾਰਮਿਕ ਕਵੀ ਦਰਬਾਰ ਬੜੀ ਸ਼ਰਧਾ ਭਾਵਨਾ ਨਾਲ ਸਿੱਖ ਗੁਰਦੁਆਰਾ ਸੈਨਹੋਜ਼ੇ ਵਿਖੇ ਸਜਾਇਆ ਗਿਆ। ਪ੍ਰਵਾਨਾ ਵੱਲੋਂ ਮੰਚ ਸੰਭਾਲਦਿਆਂ ਇਤਿਹਾਸ ਤੇ ਰੌਸ਼ਨੀ ਪਾਈ ਗਈ ਕਿ ਚਮਕੌਰ ਦੇ ਯੁੱਧ ਵਿਚ ਸਿੰਘਾਂ ਦੀ ਅਸਾਵੀਂ ਫੌਜ ਨੇ ਦੁਸ਼ਮਣ ਨਾਲ ਕਰਾਰੀ ਟੱਕਰ ਲਈ।

ਕਵਿਤਾਵਾਂ ਦੇ ਦੌਰ ਵਿਚ ਕਵੀ ਸ਼ਾਮਲ ਸਨ ਅਮਰਜੀਤ ਸਿੰਘ, ਗੁਰਦਿਆਲ ਸਿੰਘ ਨੂਰਪੁਰੀ, ਤਰਸੇਮ ਸਿੰਘ ਸੁੰਮਨ, ਜਸਦੀਪ ਸਿੰਘ ਫਰੀਮਾਂਟ, ਪ੍ਰਮਿੰਦਰ ਸਿੰਘ ਪ੍ਰਵਾਨਾ ਆਦਿ ਸ਼ਾਮਲ ਹੋਏ, ਜਿਹਨਾਂ ਨੇ ਬੀਰ ਰਸ ਕਵਿਤਾਵਾਂ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਗੁਰਦੁਆਰਾ ਮੰਚ ਸੰਚਾਲਕ ਰਜਿੰਦਰ ਸਿੰਘ ਮੱਘਰ ਵੱਲੋਂ ਪ੍ਰੋਗਰਾਮ ਦੀ ਸਫਲਤਾ ਤੇ ਖੁਸ਼ੀ ਪ੍ਰਗਟ ਕੀਤੀ ਗਈ।

# ਗੁਰੂ ਨਾਨਕ ਦੇਵ ਜੀ ਦੇ 550 ਵੇ ਗੁਰਪੁਰਬ 'ਤੇ 'ਦੇਸ਼ ਦੁਆਬਾ' ਵੱਲੋਂ ਵਿਸ਼ੇਸ਼ ਧੰਨਵਾਦ ਸਮਾਗਮ

**(ਸਫਾ 1 ਦੀ ਬਾਕੀ)** ਸਮਰਪਿਤ ਧੰਨਵਾਦ ਪ੍ਰੋਗਰਾਮ ਕੀਤਾ। ਇਸ ਸਮੇਂ ਗੁਰੂ ਨਾਨਕ ਦੇਵ ਜੀ ਦੇ ਸੱਚੇ ਮਿਸ਼ਨ ਅਤੇ ਮੀਡੀਏ ਦੀਆ ਜ਼ੁੰਮੇਵਾਰੀਆਂ ਸੰਬੰਧੀ ਵਿਚਾਰਾ ਹੋਈਆ। ਸਿੱਖ ਇਤਿਹਾਸ ਬਾਰੇ ਕੁਰਬਾਨੀਆਂ ਦੀ ਗੱਲ ਕਰਦੇ ਹੋਏ ਬਹੁਤ ਸਾਰੇ ਬੁਲ-ਾਰਿਆਂ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਪਰਿਵਾਰ ਅਤੇ ਸਾਹਿਬਜ਼ਾਦਿਆਂ ਦੀ ਮਹਾਨ ਸ਼ਹਾਦਤ ਨੂੰ ਯਾਦ ਕਰਦੇ ਹੋਏ ਸਿਜਦਾ ਕੀਤਾ। ਜਿਸ ਦੌਰਾਨ ਸਮੁੱਚੇ ਮੀਡੀਏ ਨਾਲ ਸ਼ਖ਼ਸੀਅਤਾਂ ਤੋਂ ਇਲਾਵਾ ਪੰਜਾਬੀ ਸਾਹਿੱਤ ਸਭਾ ਕੈਲੀਫੋਰਨੀਆਂ, ਵੱਖ-ਵੱਖ ਸਮਾਜਿਕ, ਧਾਰਮਿਕ ਅਤੇ ਰਾਜਨੀਤਿਕ ਸੰਸਥਾਵਾਂ ਦੇ ਨੁਮਾਇੰਦੇ ਹਾਜ਼ਰ ਹੋਏ। ਇਸ ਪ੍ਰੋਗਰਾਮ ਦੌਰਾਨ ਬੁਲਾਰਿਆ ਨੇ ਪੰਜਾਬੀ ਮਾਂ ਬੋਲੀ ਦੇ ਵਿਕਾਸ ਅਤੇ 'ਦੇਸ਼ ਦੁਆਬਾ' ਅਖਬਾਰ ਦੀ ਟੀਮ ਨੂੰ ਸਫਲਤਾ ਲਈ ਵਧਾਈਆ ਦਿੱਤੀਆਂ। ਸਟੇਜ਼ ਸੰਚਾਲਨ ਜਸਵੰਤ ਸਿੰਘ ਸਾਦ ਨੇ ਕੀਤਾ। ਜਦ ਕਿ ਪੰਜਾਬੀ ਸਾਹਿੱਤ ਨੂੰ ਪਿਆਰ ਕਰਨ ਵਾਲੇ ਕਵੀਆ ਦੁਬਾਰਾ ਕਵਿਤਾਵਾਂ ਪੜ੍ਹੀਆਂ ਗਈ। ਇਹ ਇਸ ਅਖਬਾਰ ਦਾ ਪਲੇਠਾ ਪ੍ਰੋਗਰਾਮ ਸੀ ਜਿਸ ਸਮੇਂ ਹਾਜ਼ਰੀਨ ਦੇ ਮੰਨੋਰੰਜਨ ਲਈ ਬਹੁਤ ਸਾਰੇ ਕਲਾਕਾਰਾਂ ਦੁਆਰਾ ਗੀਤ-ਸੰਗੀਤ ਅਤੇ ਸੁਆਦਿਸ਼ਟ ਰਾਤਰੀ ਦੇ ਖਾਣੇ ਦਾ ਪ੍ਰਬੰਧ ਕੀਤਾ ਗਿਆ ਸੀ। ਇਸ ਸਮੇਂ ਪ੍ਰੇਮ ਚੁੰਬਰ ਨੇ ਸਭ ਸਭ ਸਹਿਯੋਗੀਆਂ ਦਾ ਧੰਨਵਾਦ ਕੀਤਾ। ਸਮੂੰਹ ਸਹਿਯੋਗੀਆਂ ਅਤੇ ਪ੍ਰਮੁੱਖ ਸ਼ਖ਼ਸੀਅਤਾਂ ਨੂੰ ਪਲੇਕਾ ਦੇ ਕੇ ਸਨਮਾਨਿਤ ਕੀਤਾ ਗਿਆ। ਅੰਤ ਆਪਣੀਆ ਅਮਿੱਟ ਪੈੜਾ ਛੱਡਦਾ ਹੋਇਆ ਇਹ ਪ੍ਰੋਗਰਾਮ ਯਾਦਗਾਰੀ ਹੋ ਨਿਬੜਿਆ।


Law Office of
NIRWAN & ASSOCIATES



www.nirwanlaw.com

Business Incorporation
Articles of Incorp
Dissolution
501 © Non-Profit

Jagdip S. Nirwan, Esq
916-832-3144

IMMIGRATION LAW
* Adjustment of Status
* Citizenship
* Employment
* Appeals-1J/
* Family & Finance Visa
* Board /Federal Ct
* Labor Certification
* Asylum
* Removal & Deportation Defense

TAX LAW
* Offer in Compromise
* Payment Plans
* File Back Taxes
* Tax Preparation
* Audits, Appeals
* Tax Court Rep
* IRS/EDD/FTB Representation
* Personal & Business
* Income Tax Filling 1040/1020

1104 Corporate Way Sacramento, CA 95831

A & S
Auto Repair & Services
Specializing in Brakes & Axles

Mon-Fri 9:00 AM to 6:00 PM
Saturday 9:00 AM to 5:00 PM

Free Tire Rotation and Brake Inspection with purchase of Oil Service for most cars

Diagnose check Engine light pre-buyers inspection tune-ups and more

Dealer Recommended Service Shocks/Struts A/C Servics



Ph: 916-238-4431
649 W. Elkhorn Blvd. Suite B2
Rio Linda, CA 95673



Amarjit Sandhu

ਦੇਸ਼ ਦੁਆਬਾ

## ਭਾਜਪਾ ਦੇ ਫੈਲਾਅ 'ਤੇ ਰੋਕ

ਝਾਰਖੰਡ 'ਚ ਹਾਰ ਤੋਂ ਬਾਅਦ ਭਾਜਪਾ ਦੇ ਹੱਥੋਂ ਇਕ ਹੋਰ ਸੂਬਾ ਖਿਸਕ ਗਿਆ ਹੈ। ਸੂਬੇ 'ਚ ਝਾਰਖੰਡ ਮੁਕਤੀ ਮੋਰਚਾ, ਆਰਜੇਡੀ ਤੇ ਕਾਂਗਰਸ ਦੇ ਮਹਾਗੱਠਜੋੜ ਨੂੰ ਸਪਸ਼ਟ ਬਹੁਮਤ ਮਿਲਿਆ ਹੈ। ਪਿਛਲੇ ਇਕ ਸਾਲ 'ਚ ਭਾਜਪਾ ਚਾਰ ਮੁੱਖ ਸੂਬਿਆਂ ਮਹਾਰਾਸ਼ਟਰ, ਛੱਤੀਸਗੜ੍ਹ, ਰਾਜਸਥਾਨ ਤੇ ਮੱਧ ਪ੍ਰਦੇਸ਼ 'ਚ ਸੱਤਾ ਗੁਆ ਚੁੱਕੀ ਹੈ। ਐੱਨਡੀਏ ਦੀ ਸੰਨ 2017 'ਚ ਦੇਸ਼ ਦੀ 72 ਫ਼ੀਸਦੀ ਆਬਾਦੀ 'ਤੇ ਹਕੂਮਤ ਸੀ। ਚਾਰ ਸੂਬੇ ਹਾਰਨ 'ਤੇ ਉਸ ਦੀ ਹਕੂਮਤ 41 ਫ਼ੀਸਦੀ ਆਬਾਦੀ ਤਕ ਸੀਮਤ ਹੋ ਗਈ ਸੀ। ਇਹ ਦਰ ਇਸ ਹਾਰ ਤੋਂ ਬਾਅਦ ਹੋਰ ਘੱਟ ਗਈ ਹੈ। ਝਾਰਖੰਡ 'ਚ ਇਸ ਵਾਰ ਭਾਜਪਾ ਨੂੰ ਸੱਤਾ ਵਿਰੋਧੀ ਲਹਿਰ ਦੇ ਨਾਲ-ਨਾਲ ਮੁੱਖ ਮੰਤਰੀ ਦੇ ਚਿਹਰੇ ਰਘੁਵਰ ਦਾਸ ਨਾਲ ਜਨਤਾ ਦੀ ਵੱਧਦੀ ਅਸਹਿਮਤੀ ਨਾਲ ਵੀ ਜੂਝਣਾ ਪਿਆ। ਇਹ ਸਹੀ ਹੈ ਕਿ ਰਘੁਵਰ ਦਾਸ ਨੇ ਪਹਿਲੀ ਵਾਰ ਸੂਬੇ 'ਚ ਪੰਜ ਸਾਲ ਸਰਕਾਰ ਚਲਾਈ ਪਰ ਨਤੀਜਿਆਂ ਨੇ ਇਹ ਵੀ ਸਪਸ਼ਟ ਕਰ ਦਿੱਤਾ ਹੈ ਕਿ ਲੋਕ ਉਨ੍ਹਾਂ ਦੀ ਸਰਕਾਰ ਤੇ ਉਨ੍ਹਾਂ ਤੋਂ ਨਾਰਾਜ਼ ਸਨ। ਇਸੇ ਲਈ ਤਾਂ ਉਹ ਭਾਜਪਾ ਤੋਂ ਹੀ ਬਾਗ਼ੀ ਹੋ ਕੇ ਚੋਣ ਲੜੇ ਸਰਯੂ ਰਾਏ ਤੋਂ ਹਾਰ ਗਏ। ਇਹ ਗੱਲ ਸਾਬਿਤ ਹੋਈ ਹੈ ਕਿ ਰਾਸ਼ਟਰੀ ਨੇਤਾ ਤੇ ਕੌਮੀ ਮੁੱਦੇ ਸੂਬਿਆਂ 'ਚ ਕੋਈ ਖ਼ਾਸ ਅਸਰ ਨਹੀਂ ਛੱਡ ਸਕੇ। ਸੂਬੇ ਦੀਆਂ ਚੋਣਾਂ ਦੇ ਸਮੀਕਰਨ ਸਮਝਣ 'ਚ ਭਾਜਪਾ ਅਸਫਲ ਰਹੀ ਹੈ। ਇਸ ਵਾਰ 2014 ਦੀਆਂ ਵਿਧਾਨ ਸਭਾ ਚੋਣਾਂ 'ਚ ਸਹਿਯੋਗੀ ਅਲਾਈਡ ਝਾਰਖੰਡ ਸਟੂਡੈਂਟਸ ਯੂਨੀਅਨ (ਏ ਜੇ ਐੱਸ ਯੂ) ਭਾਜਪਾ ਦਾ ਸਾਥ ਛੱਡ ਗਈ। ਓਧਰ ਮਹਾਗੱਠਜੋੜ ਨੇ ਸਮੇਂ ਸਿਰ ਸੀਟਾਂ ਦੀ ਵੰਡ ਕਰ ਕੇ ਚੋਣਾਂ ਲੜੀਆਂ। ਭਾਜਪਾ ਨੇਤਾ ਰਾਧਾਕ੍ਰਿਸ਼ਨ ਕਿਸ਼ੋਰ ਨੇ ਏਜੇਐੱਸਯੂ ਨਾਲ ਹੱਥ ਮਿਲਾਇਆ। ਭਾਜਪਾ ਨੇ ਸੀਨੀਅਰ ਨੇਤਾ ਸਰਯੂ ਰਾਏ ਨੂੰ ਟਿਕਟ ਤੋਂ ਨਾਂਹ ਕਰ ਦਿੱਤੀ ਸੀ। ਉਨ੍ਹਾਂ ਨੇ ਜਮਸ਼ੇਦਪੁਰ ਪੂਰਬੀ ਸੀਟ ਤੋਂ ਮੁੱਖ ਮੰਤਰੀ ਰਘੁਵਰ ਦਾਸ ਦੇ ਖ਼ਿਲਾਫ਼ ਹੀ ਚੋਣ ਲੜੀ ਅਤੇ ਜਿੱਤ ਵੀ ਗਏ। ਦੂਜੇ ਪਾਸੇ ਮਹਾਗੱਠਜੋੜ ਦੀ ਜਿੱਤ 'ਚ ਆਦਿਵਾਸੀਆਂ ਦੀ ਅਹਿਮ ਭੂਮਿਕਾ ਰਹੀ। ਝਾਰਖੰਡ 'ਚ 26.3 ਫ਼ੀਸਦੀ ਆਬਾਦੀ ਆਦਿਵਾਸੀਆਂ ਦੀ ਹੈ ਅਤੇ ਉਨ੍ਹਾਂ ਦੀਆਂ 28 ਸੀਟਾਂ ਰਾਖਵੀਆਂ ਹਨ। ਮਹਾਗੱਠਜੋੜ ਨੇ ਜੇਐੱਮਐੱਮ ਦੇ ਆਦਿਵਾਸੀ ਆਗੂ ਹੇਮੰਤ ਸੋਰੇਨ ਨੂੰ ਮੁੱਖ ਮੰਤਰੀ ਦਾ ਚਿਹਰਾ ਬਣਾਇਆ ਜਦੋਂਕਿ ਭਾਜਪਾ ਨੇ ਗ਼ੈਰ-ਆਦਿਵਾਸੀ ਰਘੁਵਰ ਦਾਸ ਨੂੰ। ਝਾਰਖੰਡ ਦੇ ਆਦਿਵਾਸੀ ਭਾਈਚਾਰੇ 'ਚ ਰਘੁਵਰ ਦਾਸ ਦੀਆਂ ਨੀਤੀਆਂ ਪ੍ਰਤੀ ਬਹੁਤ ਰੋਹ ਸੀ ਜਿਸ ਦਾ ਭਾਜਪਾ ਨੂੰ ਸਭ ਤੋਂ ਵੱਧ ਨੁਕਸਾਨ ਹੋਇਆ। ਭਾਜਪਾ ਨੂੰ ਸੋਚਣ ਦੀ ਲੋੜ ਹੈ ਕਿ ਉਸ ਨੇ ਕਿੱਥੇ ਗ਼ਲਤੀ ਕੀਤੀ। ਜੇਕਰ ਇਨ੍ਹਾਂ ਕਮੀਆਂ ਨੂੰ ਦੂਰ ਨਾ ਕੀਤਾ ਗਿਆ ਤਾਂ ਅਗਲੀ ਲੜਾਈ ਦਿੱਲੀ ਦੀ ਹੈ ਜਿੱਥੇ ਮੁਕਾਬਲਾ ਹੋਰ ਸਖ਼ਤ ਮੰਨਿਆ ਜਾ ਰਿਹਾ ਹੈ। ਭਾਜਪਾ ਕੋਲ ਮੰਥਨ ਲਈ ਜ਼ਿਆਦਾ ਸਮਾਂ ਨਹੀਂ ਹੈ। ਹੁਣ ਮਹਾਗੱਠਜੋੜ ਦੀ ਸਰਕਾਰ ਬਣਨ ਦਾ ਰਾਹ ਪੱਧਰਾ ਹੋ ਚੁੱਕਾ ਹੈ। ਉਸ ਨੇ ਸੂਬੇ ਦੀ ਜਨਤਾ ਨਾਲ ਕਈ ਵੱਡੇ ਵਾਅਦੇ ਕੀਤੇ ਹਨ। ਗੱਠਜੋੜ 'ਚ ਸ਼ਾਮਲ ਦੋਵੇਂ ਮੁੱਖ ਪਾਰਟੀਆਂ ਨੇ ਆਪੋ-ਆਪਣੇ ਮੈਨੀਫੈਸਟੋ 'ਚ ਔਰਤਾਂ ਲਈ ਮੁਫ਼ਤ ਯਾਤਰਾ, ਕਿਸਾਨਾਂ ਦੇ ਦੋ ਲੱਖ ਰੁਪਏ ਤਕ ਦੇ ਕਰਜ਼ੇ ਮਾਫ਼ ਕਰਨ, ਰਾਂਚੀ 'ਚ ਮੈਟਰੋ ਲਾਈਨ, ਦੋ ਸਾਲਾਂ 'ਚ 5 ਲੱਖ ਨੌਜਵਾਨਾਂ ਨੂੰ ਨੌਕਰੀਆਂ ਤੇ ਬੇਰੁਜ਼ਗਾਰੀ ਭੱਤਾ ਦੇਣ ਦੇ ਵਾਅਦੇ ਕੀਤੇ ਹਨ। ਗ਼ਰੀਬੀ ਰੇਖਾ ਤੋਂ ਹੇਠਾਂ ਰਹਿ ਰਹੀਆਂ ਔਰਤਾਂ ਨੂੰ 2 ਹਜ਼ਾਰ ਰੁਪਏ ਮਾਸਿਕ ਅਤੇ 100 ਯੂਨਿਟ ਤਕ ਬਿਜਲੀ ਮੁਫ਼ਤ ਦੇਣ ਦੇ ਵਾਅਦੇ ਵੀ ਕੀਤੇ ਹਨ। ਗੱਠਜੋੜ ਨੂੰ ਇਨ੍ਹਾਂ ਨਤੀਜਿਆਂ ਤੋਂ ਸਿੱਖਿਆ ਲੈਣੀ ਚਾਹੀਦੀ ਹੈ ਅਤੇ ਸਰਕਾਰ ਦਾ ਇਕਮਾਤਰ ਮਕਸਦ ਜਨਤਾ ਦੀ ਸੇਵਾ ਹੀ ਹੋਣਾ ਚਾਹੀਦਾ ਹੈ ਤਾਂ ਜੋ ਸੂਬੇ ਦਾ ਵਿਕਾਸ ਹੋ ਸਕੇ।

ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। ਲੇਖਕ ਆਪਣੇ ਲੇਖ ਅਤੇ ਪੱਤਰਕਾਰ ਆਪਣੀਆਂ ਖ਼ਬਰਾਂ ਲਈ ਖ਼ੁਦ ਜ਼ਿੰਮੇਵਾਰ ਹੋਣਗੇ। -ਸੰਪਾਦਕ

# ਵੱਡੇ ਸਾਕੇ ਵਰਤਾਉਣ ਵਾਲੀਆਂ ਬਹਾਦਰ ਜਿੰਦਾਂ ਲਈ ਸ਼ਰਧਾ ਦੇ ਫੁੱਲ!



ਅਵਤਾਰ ਸਿੰਘ ਮਿਸ਼ਨਰੀ
510-432-5827

ਗੁਰਮਤਿ ਵਿੱਚ ਗਿਆਨਮਈ ਸ਼ਰਧਾ ਪ੍ਰਵਾਨ ਨਾ ਕਿ ਅੰਨ੍ਹੀ ਸ਼ਰਧਾ ਤੇ ਮਿੱਥ। ਸਾਹਿਬਜ਼ਾਦਿਆਂ ਨਾਲ ਵਾਪਰਿਆ ਸਾਕਾ ਯਥਾਰਥ ਤੇ ਇਤਿਹਾਸਕ ਹੈ। ਸਾਕਾ ਸੰਸਕ੍ਰਿਤ ਦਾ ਸ਼ਬਦ ਹੈ ਜਿਸ ਦਾ ਅਰਥ ਸ਼ਕ-ਸੰਮਤ ਅਤੇ ਸਾਕੇ ਬਹੁ ਵਚਨ ਸ਼ਬਦ ਹੈ। ਸਾਕਾ ਤੋਂ ਭਾਵ ਹੈ ਕਿ ਕੋਈ ਐਸਾ ਕਰਮ ਜੋ ਇਤਿਹਾਸ ਵਿੱਚ ਪ੍ਰਸਿੱਧ ਰਹਿਣ ਲਾਇਕ ਹੋਵੇ। ਸਿੱਖਾਂ ਤੋਂ ਪਹਿਲੇ ਵੀ ਸਾਕੇ ਵਰਤੇ, ਹਰੇਕ ਸੱਚ ਦੇ ਪੁਜਾਰੀ ਨਾਲ ਕੋਈ ਨਾਂ ਕੋਈ ਸਾਕਾ ਵਰਤਿਆ ਹੀ ਹੈ ਜਿਵੇਂ ਮਨਸੂਰ, ਸਰਮਦ ਅਤੇ ਗੇਲੀਲੀਓ ਵਰਗੇ ਉੱਚਕੋਟੀ ਦੇ ਸੂਫੀ ਅਤੇ ਵਿਗਿਆਨੀ ਇਸ ਦੀ ਢੁੱਕਵੀਂ ਮਿਸਾਲ ਹਨ। ਪਰ ਜੋ ਛੋਟੀ ਜਿਹੀ ਸਿੱਖ ਕੌਮ ਨੇ ਲਾਸਾਨੀ ਸਾਕੇ ਵਰਤਾਏ ਅਤੇ ਹੰਡਾਏ ਉਹ ਬੇਹੱਦ ਲਾਮਿਸਾਲ ਹਨ। ਸਿੱਖ ਧਰਮ ਦੇ ਬਾਨੀ ਗੁਰੂ ਬਾਬਾ ਨਾਨਕ ਜੀ ਨੇ ਪੁਜਾਰੀਵਾਦ, ਬ੍ਰਾਹਮਣੀ ਕਰਮਕਾਂਡ, ਅਖੌਤੀ ਰੀਤਾਂ ਰਸਮਾਂ, ਸਰਕਾਰੀ ਜ਼ੁਲਮ ਅਤੇ ਅਨਿਆਇ ਵਿਰੁੱਧ ਉੱਠ ਖੜੇ ਹੋਣ ਅਤੇ ਤਰਕਸ਼ੀਲ ਯਥਾਰਥ ਗਿਆਨ ਦਾ ਸਾਕਾ ਵਰਤਾਇਆ। ਸ਼ਹੀਦਾਂ ਦੇ ਸਿਰਤਾਜ ਗੁਰੂ ਅਰਜਨ ਸਾਹਿਬ ਨੇ ਅਸਹਿ ਤੇ ਅਕਹਿ ਕਸ਼ਟ ਸਹਾਰਦੇ ਹੋਏ ਸ਼ਬਦ ਗੁਰੂ ਦੀ ਸ਼ਾਨ ਅਤੇ "ਸਭੇ ਸਾਂਝੀਵਾਲ ਸਦਾਇਨ" ਦੇ ਸਿਧਾਂਤ ਲਈ ਸ਼ਹੀਦੀ ਸਾਕਾ ਵਰਤਾਇਆ। ਗੁਰੂ ਤੇਗ ਬਹਾਦਰ ਜੀ ਨੇ ਮਜ਼ਲੂਮਾਂ ਦਾ ਧਰਮ ਬਚਾਉਣ ਲਈ ਆਪਾ ਵਾਰਿਆ, ਸਿੱਖ ਦੇਗਾਂ ਵਿੱਚ ਉਬਲੇ ਅਤੇ ਆਰਿਆਂ ਨਾਲ ਚੀਰੇ ਗਏ, ਇਉਂ ਸਾਕਿਆਂ ਦੀ ਲੜੀ ਚੱਲ ਪਈ। ਇਸੇ ਸਾਕਾ ਲੜੀ ਦੇ ਅਨਮੋਲ ਹੀਰੇ, ਗੁਰਮਤਿ ਗਾਨੇ ਦੇ ਸੱਚੇ ਸੁੱਚੇ ਮੋਤੀ, ਗੁਰੂ ਗੋਬਿੰਦ ਸਿੰਘ ਜੀ ਦੇ ਲਖ਼ਤੇ ਜ਼ਿਗਰ ਬਾਬਾ ਅਜੀਤ ਸਿੰਘ, ਬਾਬਾ ਜੁਝਾਰ ਸਿੰਘ, ਬਾਬਾ ਜੋਰਾਵਰ ਸਿੰਘ ਅਤੇ ਬਾਬਾ ਫ਼ਤਿਹ ਸਿੰਘ ਚਾਰੇ ਸਾਹਿਬਜ਼ਾਦਿਆਂ ਨੇ ਕ੍ਰਮਵਾਰ ਚਮਕੌਰ ਸਾਹਿਬ ਅਤੇ ਸਰਹਿੰਦ ਵਿਖੇ ਲਾਮਿਸਾਲ ਸਾਕੇ ਵਰਤਾ, ਵਿਲੱਖਣ ਇਤਿਹਾਸ ਸਿਰਜ ਦਿੱਤਾ।

ਸਾਹਿਬਜ਼ਾਦਾ ਫਾਰਸੀ ਦਾ ਸ਼ਬਦ ਹੈ ਜਿਸ ਦੀ ਸੰਗਿਆ ਹੈ-ਬਾਦਸ਼ਾਹਜਾਦਾ, ਰਾਜਕੁਮਾਰ, ਸੁਆਮੀ ਦਾ ਬੇਟਾ ਅਤੇ ਸਿੱਖਾਂ ਵਿੱਚ ਗੁਰੂ ਸਪੁੱਤ੍ਰ ਹੈ। ਸਹਿਬਜ਼ਾਦੇ ਪੁੱਤਰਾਂ ਨੂੰ ਵੀ ਕਿਹਾ ਜਾਂਦੈ, ਕਈ ਵਾਰ ਸਿਆਣੇ ਲੋਕ ਇੱਕ ਦੂਜੇ ਦਾ ਹਾਲ-ਚਾਲ ਪੁੱਛਦੇ ਸਮੇ ਕਹਿੰਦੇ ਨੇ ਤੁਹਾਡੇ ਸਾਹਿਬਜ਼ਾਦਿਆਂ ਦਾ ਕੀ ਹਾਲ ਹੈ? ਸੁੱਖ ਨਾਲ ਆਪ ਜੀ ਦੇ ਕਿੰਨ੍ਹੇ ਸਾਹਿਬਜ਼ਾਦੇ ਹਨ? ਪਰ ਆਂਮ ਤੌਰਤੇ ਸਾਹਿਬਜ਼ਾਦੇ ਲਕਬ ਗੁਰੂ ਸਪੁੱਤ੍ਰਾਂ ਲਈ ਹੀ ਢੁਕਵਾਂ ਹੈ। ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਸਾਹਿਬ ਜੀ ਦੇ ਦਸਵੇਂ ਜਾਂਨਸ਼ੀਨ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਪੁੱਤ੍ਰ ਸਨ ਜਿਨ੍ਹਾਂ ਨੂੰ ਸਿੱਖ ਸੰਗਤਾਂ ਸਤਿਕਾਰ ਨਾਲ ਸਾਹਿਬਜ਼ਾਦੇ ਅਤੇ ਬਾਬਾ ਸ਼ਬਦਾਂ ਨਾਲ ਸੰਬੋਧਨ ਕਰਦੀਆਂ ਹਨ। ਚਾਰੇ ਸਾਹਿਜ਼ਾਦਿਆਂ ਦੀ ਮਾਂ ਮਾਤਾ ਜੀਤ ਕੌਰ ਹੀ ਹੈ ਜਿਨ੍ਹਾਂ ਨੂੰ ਸੁੰਦਰ ਸ਼ਕਲ ਹੋਣ ਕਰਕੇ ਮਾਤਾ ਸੁੰਦਰੀ ਨਾਮ ਨਾਲ ਵੀ ਪੁਕਾਰਿਆ ਜਾਂਦਾ ਹੈ। ਪੁਰਾਣੇ ਸਮੇਂ ਜਦ ਲੜਕੀ ਵਿਆਹ ਕੇ ਸਹੁਰੇ ਘਰ ਜਾਂਦੀ ਸੀ ਤਾਂ ਸਹੁਰੇ ਉਸ ਦਾ ਨਵਾਂ ਨਾਂ ਰੱਖਦੇ ਸਨ। ਇਸ ਕਰਕੇ ਇਤਿਹਾਸਕਾਰਾਂ ਨੂੰ ਦੋ ਮਾਤਾਵਾਂ ਹੋਣ ਦਾ ਟਪਲਾ ਲੱਗਾ ਹੈ।

ਵੈਸੇ ਵੀ ਗੁਰੂ ਘਰ ਵਿੱਚ ਇੱਕ ਨਾਰੀ ਨੂੰ ਹੀ ਮਾਨਤਾ ਹੈ-ਏਕਾ ਨਾਰੀ ਸਦਾ ਜਤੀ ਪਰ ਨਾਰੀ ਧੀ ਭੈਣ ਵਖਾਣੈ॥ (ਭਾ.ਗੁ) ਬਹੁ ਪਤਨੀ ਵਿਆਹ ਇਸਲਾਮ 'ਚ ਪਰ ਸਿੱਖ ਧਰਮ ਵਿੱਚ ਨਹੀਂ ਹਨ। ਗੁਰੂ ਸਾਹਿਬ ਕੋਈ ਕਾਮੀ ਪੁਰਖ ਨਹੀਂ ਸਨ ਜੋ ਬਹੁ ਪਤਨੀ ਵਿਆਹ ਕਰਦੇ। ਕਈ ਕਹਿੰਦੇ ਨੇ ਕਿ ਗੁਰੂ ਸਾਹਿਬ ਰਾਜ-ਯੋਗੀ ਸਨ ਇਸ ਦਾ ਮਤਲਵ ਇਹ ਨਹੀਂ ਕਿ ਉਹ ਦੁਨਿਆਵੀ ਰਾਜਿਆਂ ਵਰਗੇ ਅਜਾਸ਼ ਸਨ? ਜੇ ਐਸਾ ਗੁਰਮਤਿ ਵਿੱਚ ਪ੍ਰਵਾਨ ਹੁੰਦਾ ਤਾਂ ਸਿੱਖਾਂ ਦੀਆਂ ਵੀ ਕਈ-ਕਈ ਪਤਨੀਆਂ ਹੁੰਦੀਆਂ। ਇਹ ਗਲਤੀ ਮਹਾਂਰਾਜਾ ਰਣਜੀਤ ਸਿੰਘ ਨੇ ਕੀਤੀਐ ਜਾਂ ਨਹੀਂ ਇਤਿਹਾਸ ਵਿੱਚ ਰਲਾ ਹੈ। ਸਿੱਖ ਰਹਿਤ ਮਰਯਾਦਾ ਵਿੱਚ ਵੀ ਲਿਖਿਆ ਹੈ ਕਿ ਆਮ ਹਾਲਤਾਂ ਵਿੱਚ ਸਿੱਖ ਇੱਕ ਹੀ ਪਤਨੀ ਨਾਲ ਵਿਆਹ ਕਰੇ, ਹਾਂ ਜੇ ਕਿਸੇ ਖਾਸ ਹਾਲਤ ਵਿੱਚ ਪਹਿਲੀ ਪਤਨੀ ਚੜ੍ਹਾਈ ਕਰ ਜਾਵੇ ਜਾਂ ਸੰਤਾਨ ਨਾਂ ਹੋਵੇ ਤਾਂ ਕੁਲ ਜਾਰੀ ਰੱਖਣ ਵਾਸਤੇ ਦੂਜਾ ਵਿਆਹ ਕੀਤਾ ਜਾ ਸਕਦੈ ਨਾਂ ਕਿ ਐਸ਼ੋ-ਇਸ਼ਰਤ ਲਈ। ਗੁਰੂ ਸਾਹਿਬ ਜੋ ਉਪਦੇਸ਼ ਸਿੱਖਾਂ ਨੂੰ ਦਿੰਦੇ, ਉਸਦੇ ਉਹ ਆਪ ਧਾਰਨੀ ਸਨ। ਆਪਾਂ ਗੁਰਬਾਣੀ ਸਿਧਾਂਤ ਨੂੰ ਮੁੱਖ ਰੱਖਣੈ ਨਾਂ ਕਿ ਸਾਖੀਆਂ ਜਾਂ ਸੁਣੀਆਂ ਸੁਣਾਈਆਂ ਗੱਲਾਂ ਨੂੰ। ਰੱਬੀ ਭਗਤਾਂ ਅਤੇ ਸਿੱਖ ਗੁਰੂ ਸਹਿਬਾਨਾਂ ਦਾ ਜੀਵਨ ਗੁਰਬਾਣੀ ਚੋਂ ਹੀ ਪ੍ਰਗਟ ਹੁੰਦਾ ਹੈ। ਸਿੱਖ ਧਰਮ ਨਾਰੀ ਤੇ ਪੁਰਸ਼ ਨੂੰ ਬਰਾਬਰ ਮਾਨਤਾ ਦਿੰਦਾ ਹੈ। ਜੇ ਪੁਰਸ਼ ਵੱਧ ਵਿਆਹ ਕਰਵਾ ਸਕਦੈ ਤਾਂ ਫਿਰ ਨਾਰੀ ਕਿਉਂ ਨਹੀਂ? ਇਤਿਹਾਸ ਪੜ੍ਹਦੇ ਤੇ ਵਾਚਦੇ ਸਮੇਂ ਗੁਰਮਤਿ ਸਿਧਾਂਤਾਂ ਦੀ ਪਰਖ ਜਰੂਰੀ ਹੈ। ਜਿਵੇਂ ਸੁਨਿਆਰਾ ਸੋਨੇ ਦੀ ਪਰਖ ਕਰਕੇ ਖੋਟ ਪ੍ਰਵਾਨ ਨਹੀਂ ਕਰਦਾ, ਇਵੇਂ ਹੀ ਸਿੱਖ ਇਤਿਹਾਸ ਰੂਪੀ ਸੋਨੇ ਵਿੱਚ ਪੈ ਚੁੱਕੀ ਖੋਟ ਨੂੰ ਗੁਰਬਾਣੀ ਦੀ ਕਸਵੱਟੀ ਤੇ ਪਰਖਣ ਦੀ ਅਤਿਅੰਤ ਲੋੜ ਹੈ।

ਸਾਹਿਬਜ਼ਾਦਿਆਂ ਦੀ ਪਾਲਣਾ ਪੋਸ਼ਣਾ ਅਤੇ ਪੜ੍ਹਾਈ ਮਾਤਾ ਗੁਜਰੀ ਜੀ ਅਤੇ ਮਾਮਾ ਕ੍ਰਿਪਾਲ ਚੰਦ ਦੀ ਦੇਖ-ਰੇਖ ਵਿੱਚ ਹੋਈ। ਸਾਹਿਬਜ਼ਾਦਿਆਂ ਦਾ ਪਿਛੋਕੜ ਅਤੇ ਵਰਤਮਾਨ ਗੁਰੂ ਘਰ ਵਿੱਚ ਹੀ ਹੋਇਆ। ਜਿੱਥੇ ਬਾਕੀ ਗੁਰੂ ਸਹਿਬਾਨਾਂ ਦੇ ਕੁਝ ਸਾਹਿਬਜ਼ਾਦੇ ਗੁਰੂ ਘਰ ਤੋਂ ਬਾਗੀ ਵੀ ਰਹੇ ਓਥੇ ਗੁਰੂ ਗੋਬਿੰਦ ਸਿੰਘ ਜੀ ਦੇ ਹੋਣਹਾਰ ਸਪੁੱਤ੍ਰ ਗੁਰੂ ਜੀ ਦੀ ਆਗਿਆ ਦਾ ਪਾਲਣ ਕਰਦੇ ਹੋਏ ਹੀ ਅਣਖ ਦੀ ਜ਼ਿੰਦਗੀ ਜੀਏ ਅਤੇ ਜ਼ਾਲਮਾਂ ਨਾਲ ਲੋਹਾ ਲੈਂਦੇ ਹੋਏ ਸ਼ਹੀਦ ਹੋਏ। ਸਾਹਿਬਜ਼ਾਦਿਆਂ ਦੀ ਸਾਰੀ ਜਿੰਦਗੀ ਹੀ ਜੰਗਾਂ ਯੁੱਧਾਂ ਵਿੱਚ ਲੰਘੀ। ਉਹ ਆਮ ਬੱਚਿਆਂ ਵਾਂਗ ਸੁੱਖਾਂ ਤੇ ਲਾਡਾਂ ਭਰਿਆ ਬਚਪਨ ਨਹੀਂ ਮਾਨ ਸਕੇ। ਉਸ ਵੇਲੇ ਜ਼ਾਲਮ ਮੁਗਲਾਂ ਅਤੇ ਉਨ੍ਹਾਂ ਦੇ ਝੋਲੀ ਚੁੱਕ ਹਿੰਦੂ ਪਹਾੜੀ ਰਾਜਿਆਂ ਨਾਲ ਜੋ ਗੁਰੂ ਦੀ ਅਗਵਾਈ ਵਿੱਚ ਸਿੱਖਾਂ ਦੀਆਂ ਜੰਗਾਂ ਹੋਈਆਂ, ਉਹ ਉਨ੍ਹਾਂ ਨੇ ਆਪਣੀ ਅੱਖੀਂ ਦੇਖੀਆਂ ਤੇ ਹੰਡਾਈਆਂ। ਇਸ ਲਈ ਉਨ੍ਹਾਂ ਨੂੰ ਵਿਰਸੇ ਵਿੱਚ ਹੀ ਅਜਿਹੇ ਬੀਰ ਰਸੀ ਕਾਰਨਾਮਿਆਂ ਦੀ ਗੁੜ੍ਹਤੀ ਮਿਲਦੀ ਰਹੀ। ਜਿਵੇਂ ਸ਼ੇਰ ਦੇ ਬੱਚੇ ਸ਼ੇਰ ਹੀ ਹੁੰਦੇ ਨੇ ਓਵੇਂ ਸ਼ੇਰ-ਮਰਦ ਗੁਰੂ ਗੋਬਿੰਦ ਸਿੰਘ ਜੀ ਦੇ ਬੱਚੇ ਵੀ ਸ਼ੇਰ-ਮਰਦ ਸਨ।

ਪਾਠਕ ਜਨੋ! ਦੇਖੋ ਭਰ ਜਵਾਨੀ ਅਤੇ ਬਚਪਨ ਵਿੱਚ ਗੁਰੂ ਕੇ ਲਾਲ ਧਰਮ, ਅਣਖ ਅਤੇ ਇਜ਼ਤ ਆਬਰੂ ਖਾਤਰ ਗੁਰੂ ਪੰਥ ਦਾ ਕੌਮੀ ਮਹਿਲ ਉਸਾਰਨ ਲਈ ਹੱਸ-ਹੱਸ ਕੁਰਬਾਨ ਹੋ ਗਏ, ਜ਼ਾਲਮ ਮੁਗਲੀਆ ਸਰਕਾਰ ਦੀ ਈਨ ਨਹੀਂ ਮੰਨੀ ਪਰ ਅੱਜ ਦੇ ਨਕਲੀ ਬਾਬੇ, ਉਨ੍ਹਾਂ ਬੀਰ ਬਹਾਦਰ ਬਾਬਿਆਂ ਦੀਆਂ ਅਸਲੀ ਯਾਦਗਾਰਾਂ ਉੱਤੇ ਬਦਨੀਤੀ ਦਾ ਕੁਹਾੜਾ ਚਲਾ ਕੇ ਅਸਲੀ ਨਾਮੋਂ-ਨਿਸ਼ਾਨ ਹੀ ਮਿਟਾਈ ਜਾ ਰਹੇ ਹਨ। ਸਿੱਖ ਪੰਥ ਨੂੰ ਇਧਰ ਫੌਰੀ ਧਿਆਨ ਦੇਣਾ ਚਾਹੀਦਾ ਹੈ ਨਹੀਂ ਤਾਂ ਇਹ ਸਰਕਾਰਾਂ ਦੇ ਵੋਟ ਬੈਂਕ ਲਈ ਪ੍ਰਮੋਟ ਕੀਤੇ ਹੋਏ ਨਕਲੀ ਬਾਬੇ ਸ਼ਹੀਦਾਂ ਦੀਆਂ ਅਸਲੀ ਯਾਦਾਂ ਦਾ ਪੁਰਜਾ-ਪੁਰਜਾ ਕੱਟ ਦੇਣਗੇ ਅਤੇ ਸਿੱਖ ਸਿਧਾਂਤਾਂ ਨੂੰ ਬਦਨੀਤੀ ਦੀਆਂ ਨੀਹਾਂ ਵਿੱਚ ਚਿਣਦੇ ਹੋਏ ਉਨ੍ਹਾਂ ਉੱਪਰ ਬ੍ਰਾਹਮਣਵਾਦ, ਮਿਥਿਹਾਸ ਅਤੇ ਪਾਖੰਡਵਾਦ ਦਾ ਗਿਲਾਫ ਚੜ੍ਹਾ ਦੇਣਗੇ। ਜਰਾ ਸੋਚੋ! ਜੇ ਛੋਟੀ ਉੱਮਰ ਵਿੱਚ ਸਾਹਿਬਜ਼ਾਦੇ ਸੁਚੇਤ ਸਨ ਤਾਂ ਸਾਨੂੰ ਵੀ ਉਨ੍ਹਾਂ ਦੇ ਜੀਵਨ ਤੋਂ ਸਿਖਿਆ ਲੈ ਕੇ, ਅਜੋਕੇ ਬ੍ਰਾਹਮਣ ਅਤੇ ਸੰਤ-ਬਾਬਾਵਾਦ ਤੋਂ ਸੁਚੇਤ ਹੋਣਾ ਚਾਹੀਦਾ ਹੈ।

ਇਹ ਹੀ ਸੱਚੀ ਸ਼ਰਧਾਂਜਲੀ ਹੋਵੇਗੀ ਉਨ੍ਹਾਂ ਬੀਰ ਬਹਾਦਰ ਗੁਰੂ ਕੇ ਲਾਲਾਂ ਨੂੰ ਕਿ ਅਸੀਂ ਵੀ ਆਪਣੇ ਬੱਚਿਆਂ ਨੂੰ ਸਾਹਿਬਜ਼ਾਦਿਆਂ ਦੀਆਂ ਬੀਰ ਗਾਥਾਵਾਂ ਪੜ੍ਹਾ-ਸੁਣਾ ਕੇ ਯੂਨੀਵਰਸਲ ਸਿੱਖ ਧਰਮ ਦੇ ਵਿਰਸੇ ਨਾਲ ਜੋੜੀਏ ਤਾਂ ਕਿ ਸਾਡੇ ਬੱਚੇ ਵੀ ਸਿੱਖੀ ਸਿਧਾਂਤਾਂ ਦੇ ਧਾਰਨੀ, ਮਾਡਲ ਅਤੇ ਪ੍ਰਚਾਰਕ ਬਣ ਕੇ, ਸਿੱਖ ਕੌਮ ਦਾ ਸਿਰ ਉੱਚਾ ਕਰ ਸਕਣ। ਐਸੀਆਂ ਬੀਰ ਬਹਾਦਰ ਜਿੰਦਾਂ ਜਿੰਨ੍ਹਾਂ ਨੇ ਬਹੁਤ ਵੱਡੀ ਮੁਗਲੀਆ ਹਕੂਮਤ ਦੀ ਈਨ ਨਹੀਂ ਮੰਨੀ ਤੇ ਮੁਗਲਾਂ ਦੇ ਜ਼ਾਲਮ ਰਾਜ ਦੀਆਂ ਜੜਾਂ ਪੰਜਾਬ ਤੇ ਭਾਰਤ ਚੋਂ ਪੁੱਟਦੇ ਹੋਏ, ਬੀਰ ਰਸੀ ਅੰਦਾਜ਼ ਵਿੱਚ ਸ਼ਹਦਤਾਂ ਦੇ ਜਾਮ ਪੀਤੇ ਅਜਿਹੇ ਹੋਣਹਾਰ ਪ੍ਰਵਾਨਿਆਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਕੋਟਿ ਕੋਟਿ ਪ੍ਰਨਾਮ!

# ਨਿੱਕੀਆਂ ਜਿੰਦਾਂ ਵੱਡੇ ਸਾਕੇ

ਕਰਨੈਲ ਸਿੰਘ ਐੱਮਏ

ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਪੁੱਤਰ ਬਾਬਾ ਜ਼ੋਰਾਵਰ ਸਿੰਘ ਦਾ ਜਨਮ ਮੱਘਰ ਸੁਦੀ 3 ਸੰਮਤ 1753, ਸੰਨ 1696 ਈਸਵੀ ਤੇ ਬਾਬਾ ਫਤਿਹ ਸਿੰਘ ਦਾ ਜਨਮ ਫੱਗਣ ਸੁਦੀ 7 ਸੰਮਤ 1755, ਸੰਨ 1698 ਈ. ਨੂੰ ਹੋਇਆ ਸੀ। ਪਿਆਰਾ ਸਿੰਘ ਪਦਮ ਅਨੁਸਾਰ ਬਾਬਾ ਜ਼ੋਰਾਵਰ ਸਿੰਘ ਦਾ ਜਨਮ ਮੱਘਰ ਸੁਦੀ 3, ਸੰਮਤ 1753 ਬਿਕਰਮੀ ਨੂੰ ਮਾਤਾ ਜਤੋ ਜੀ ਦੀ ਕੁੱਖੋਂ ਆਨੰਦਪੁਰ ਵਿਚ ਹੋਇਆ ਤੇ ਸ਼ਹੀਦੀ 3 ਪੋਹ ਸੰਮਤ 1762 ਬਿਕਰਮੀ ਨੂੰ ਸਰਹਿੰਦ ਵਿਖੇ ਹੋਈ। ਬਾਬਾ ਫਤਿਹ ਸਿੰਘ ਦਾ ਜਨਮ ਫੱਗਣ ਸੁਦੀ ਇਕਾਦਸੀ 1755 ਬਿਕਰਮੀ ਨੂੰ ਮਾਤਾ ਜੀਤੋ ਜੀ ਦੀ ਕੁੱਖੋਂ ਹੋਇਆ ਅਤੇ ਸ਼ਹੀਦੀ ਸਰਹਿੰਦ ਵਿਖੇ ਹੋਈ। ਕਿਉਂਕਿ ਦੋ-ਦੋ ਸਾਹਿਬਜ਼ਾਦੇ ਇਕੱਠੇ ਸ਼ਹੀਦ ਹੋਏ, ਇਸ ਕਰਕੇ ਇਨ੍ਹਾਂ ਨੂੰ 'ਵੱਡੇ ਸਾਹਿਬਜ਼ਾਦੇ' ਤੇ 'ਛੋਟੇ ਸਾਹਿਬਜ਼ਾਦੇ' ਕਹਿ ਕੇ ਵੀ ਯਾਦ ਕੀਤਾ ਜਾਂਦਾ ਹੈ।

ਬਾਬਾ ਜ਼ੋਰਾਵਰ ਸਿੰਘ ਦੀ ਸ਼ਹਾਦਤ ਸਮੇਂ ਉਨ੍ਹਾਂ ਦੀ ਉਮਰ ਲਗਪਗ 9 ਸਾਲ ਅਤੇ ਬਾਬਾ ਫਤਿਹ ਸਿੰਘ ਦੀ ਲਗਪਗ 7 ਸਾਲ ਸੀ। ਲਾਸਾਨੀ ਕੁਰਬਾਨੀ ਦੇ ਕਾਰਨ ਉਨ੍ਹਾਂ ਨੂੰ 'ਬਾਬਾ' ਪਦ ਨਾਲ ਸਨਮਾਨਿਆ ਜਾਂਦਾ ਹੈ ਅਤੇ ਅਰਦਾਸ ਸਮੇਂ ਇਨ੍ਹਾਂ ਦਾ ਨਾਮ ਸ਼ਰਧਾ, ਸਤਿਕਾਰ ਨਾਲ ਲਿਆ ਜਾਂਦਾ ਹੈ। ਸਾਕਾ ਸਰਹਿੰਦ ਅਤੇ ਇਸ ਨਾਲ ਸਬੰਧਤ ਘਟਨਾਵਾਂ ਦਾ ਸਿਲਸਿਲਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਆਨੰਦਪੁਰ ਸਾਹਿਬ ਦਾ ਕਿਲ੍ਹਾ ਖ਼ਾਲੀ ਕਰਨ ਨਾਲ ਸ਼ੁਰੂ ਹੁੰਦਾ ਹੈ। ਇੱਕੀ ਦਸੰਬਰ 1704 ਈ. (ਸੰਮਤ 1761 ਬਿਕਰਮੀ) ਨੂੰ ਗੁਰੂ ਜੀ ਫ਼ੌਜਾਂ ਅਤੇ ਲਾਡਲੇ ਸਾਹਿਬਜ਼ਾਦਿਆਂ ਸਮੇਤ ਥੋੜ੍ਹੀ ਹੀ ਦੂਰ ਗਏ ਸਨ ਕਿ ਮੁਗ਼ਲ ਸੈਨਾ ਨੇ ਪਿੱਛਿਓਂ ਆ ਕੇ ਹਮਲਾ ਕਰ ਦਿੱਤਾ। ਸਿੰਘਾਂ ਨੇ ਬੜੀ ਬਹਾਦਰੀ ਨਾਲ ਮੁਗ਼ਲ ਸੈਨਾ ਦਾ ਟਾਕਰਾ ਕੀਤਾ। ਅੱਗੇ ਸਰਸਾ ਨਦੀ ਠਾਠਾਂ ਮਾਰ ਰਹੀ ਸੀ। ਸਰਸਾ ਨੂੰ ਪਾਰ ਕਰਦੇ ਸਮੇਂ ਗੁਰੂ ਜੀ ਦਾ ਪਰਿਵਾਰ ਵਿੱਛੜ ਗਿਆ। ਕਈ ਸਿੰਘ ਵੀ ਸਰਸਾ ਨਦੀ ਦੀ ਭੇਟ ਹੋ ਗਏ। ਗੁਰੂ ਸਾਹਿਬ ਅਤੇ ਉਨ੍ਹਾਂ ਦੇ ਦੋ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਅਤੇ ਬਾਬਾ ਜੁਝਾਰ ਸਿੰਘ ਸਮੇਤ 40 ਸਿੰਘ ਰੋਪੜ ਤੋਂ ਹੁੰਦੇ ਹੋਏ ਚਮਕੌਰ ਸਾਹਿਬ ਜਾ ਪੁੱਜੇ ਅਤੇ ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ ਤੇ ਬਾਬਾ ਫਤਿਹ ਸਿੰਘ ਆਪਣੀ ਦਾਦੀ ਮਾਤਾ ਗੁਜਰੀ ਜੀ ਤੇ ਗੰਗੂ ਰਸੋਈਏ ਨਾਲ ਉਨ੍ਹਾਂ ਦੇ ਪਿੰਡ ਖੇੜੀ ਨੇੜੇ ਮੋਰਿੰਡਾ ਕੋਲ ਜਾ ਪਹੁੰਚੇ। ਗੰਗੂ ਰਸੋਈਆ ਉਨ੍ਹਾਂ ਨੂੰ ਆਪਣੇ ਘਰ ਲੈ ਗਿਆ ਤੇ ਆਰਾਮ ਕਰਨ ਲਈ ਇਕ ਕਮਰਾ ਦਿੱਤਾ। ਗੰਗੂ ਆਖ਼ਰ ਇਕ ਨੌਕਰ ਸੀ, ਉਹ ਗੁਰੂ ਦਾ ਸਿੱਖ ਨਹੀਂ ਸੀ। ਉਸ ਦੇ ਘਰਦਿਆਂ ਨੇ ਪ੍ਰੇਰਿਆ ਹੋਣੈ ਕਿ ਸਰਕਾਰ ਦੇ ਐਲਾਨੇ ਬਾਗ਼ੀ ਦੇ ਪਰਿਵਾਰ ਨੂੰ ਘਰ ਵਿਚ ਪਨਾਹ ਦੇ ਕੇ ਉਹ ਆਪਣੇ ਪਿੰਡ ਲਈ ਮੁਸੀਬਤ ਸਹੇੜ ਰਿਹਾ ਹੈ। ਇੱਥੇ ਉਸ ਨੇ ਸਭ ਤੋਂ ਵੱਡਾ ਗੁਨਾਹ ਇਹ ਕੀਤਾ ਕਿ ਉਸ ਨੇ ਆਪਣੇ ਮਾਲਕ ਨਾਲ ਬੇਵਫ਼ਾਈ ਕੀਤੀ। ਪਹਿਲਾਂ ਤਾਂ ਮਾਤਾ ਗੁਜਰੀ ਜੀ ਕੋਲ ਜੋ ਕੁਝ ਨਕਦੀ ਅਤੇ ਸੋਨਾ ਸੀ ਉਹ ਰਾਤ ਨੂੰ ਚੋਰੀ ਕਰ ਲਿਆ ਤੇ ਸਵੇਰੇ ਚੋਰੀ ਹੋਣ ਦਾ ਡਰਾਮਾ ਰਚਿਆ। ਮਾਤਾ ਜੀ ਤਾਂ ਗੰਗੂ ਦੀ ਬਦਨੀਅਤ ਨੂੰ ਪਹਿਲਾਂ ਹੀ ਭਾਂਪ ਗਏ ਸਨ।

ਅਗਲੀ ਸਵੇਰ 9 ਪੋਹ (23 ਦਸੰਬਰ) ਨੂੰ ਇਲਾਕੇ ਦੇ ਥਾਣੇਦਾਰ ਨੂੰ ਬੁਲਾ ਕੇ ਇਹ ਸੂਚਨਾ ਦੇਣੀ ਕਿ ਗੁਰੂ ਜੀ ਦੇ ਸਤਿਕਾਰਯੋਗ ਮਾਤਾ ਜੀ ਅਤੇ ਉਨ੍ਹਾਂ ਨਾਲ ਦੋ ਛੋਟੇ-ਛੋਟੇ ਸਾਹਿਬਜ਼ਾਦੇ ਘਰ ਵਿਚ ਲਿਆਂਦੇ ਹੋਏ ਹਨ। ਮਾਤਾ ਜੀ ਦਾ ਮਾਲ-ਧਨ ਚੋਰਾਂ ਵਾਂਗ ਰਾਤ ਨੂੰ ਚੁਰਾ ਲੈਣ ਤੋਂ ਪਿੱਛੋਂ ਗੰਗੂ ਸਵੇਰੇ ਸੱਚਾ ਬਣਨ ਲਈ ਸਰਕਾਰ ਦੀਆਂ ਨਜ਼ਰਾਂ 'ਚ ਮੁਖ਼ਬਰ ਬਣ ਕੇ ਇਨਾਮ ਦਾ ਹੱਕਦਾਰ ਬਣ ਰਿਹਾ ਸੀ। ਮੋਰਿੰਡੇ ਦਾ ਕੋਤਵਾਲ ਮਾਤਾ ਗੁਜਰੀ ਜੀ ਤੇ ਦੋਵੇਂ ਸਾਹਿਬਜ਼ਾਦਿਆਂ ਨੂੰ ਗ੍ਰਿਫ਼ਤਾਰ ਕਰ ਕੇ ਸਰਹਿੰਦ ਲੈ ਗਿਆ ਅਤੇ ਸਰਹਿੰਦ ਦੇ ਸੂਬੇਦਾਰ ਵਜ਼ੀਰ ਖਾਂ ਦੇ ਹਵਾਲੇ ਕਰ ਦਿੱਤਾ। ਅਗਲੇ ਦਿਨ 10 ਪੋਹ (ਦਸੰਬਰ) ਨੂੰ ਛੋਟੇ ਸਾਹਿਬਜ਼ਾਦਿਆਂ ਨੂੰ ਵਜ਼ੀਰ ਖਾਂ ਦੇ ਹੁਕਮ ਨਾਲ ਉਸ ਦੀ ਕਚਹਿਰੀ 'ਚ ਪੇਸ਼ ਕੀਤਾ ਗਿਆ। ਸੂਬੇਦਾਰ ਨੇ ਬੱਚਿਆਂ ਨੂੰ ਇਸਲਾਮ ਕਬੂਲ ਕਰਨ ਲਈ ਕਿਹਾ ਅਤੇ ਕਈ ਤਰ੍ਹਾਂ ਦੇ ਲਾਲਚ ਦਿੱਤੇ ਪਰ ਸਾਹਿਬਜ਼ਾਦਿਆਂ ਨੇ ਸਭ ਕੁਝ ਠੁਕਰਾ ਦਿੱਤਾ। 11 ਪੋਹ (ਦਸੰਬਰ) ਨੂੰ ਸਾਹਿਬਜ਼ਾਦਿਆਂ ਨੂੰ ਦੁਬਾਰਾ ਫਿਰ ਕਚਹਿਰੀ ਵਿਚ ਪੇਸ਼ ਕੀਤਾ ਗਿਆ। ਕਈ ਤਰ੍ਹਾਂ ਦੇ ਡਰਾਵੇ ਦਿੱਤੇ ਗਏ ਪਰ ਜਿਨ੍ਹਾਂ ਦੀਆਂ ਰਗਾਂ ਵਿਚ ਦਸਮੇਸ਼ ਪਿਤਾ ਦਾ ਖ਼ੂਨ ਹੋਵੇ ਅਤੇ ਜਿਨ੍ਹਾਂ ਦੇ ਵਡੇਰਿਆਂ ਦੀ ਇਹ ਕੁਲ ਰੀਤੀ ਚਲੀ ਆ ਰਹੀ ਹੈ : ਸੀਸੁ ਦੀਆ ਪਰ ਸਿਰਰੁ ਨ ਦੀਆ £14£

(ਦਸਮ ਗ੍ਰੰਥ ਸਾਹਿਬ ਜੀ, ਅੰਗ 54)

ਉਹ ਕਿਵੇਂ ਝੂਠ, ਡਰਾਵੇ ਅਤੇ ਫੋਕੇ ਮਾਇਆ ਦੇ ਲਾਲਚ ਅੱਗੇ ਝੁਕ ਸਕਦੇ ਸਨ। ਕੋਈ ਵੱਸ ਨਾ ਚੱਲਦਾ ਵੇਖ ਸੂਬੇਦਾਰ ਨੇ ਆਪਣੀ ਹਾਰ ਸਮਝਦਿਆਂ ਸਾਹਿਬਜ਼ਾਦਿਆਂ ਨੂੰ ਦੀਵਾਰ ਵਿਚ ਚਿਣ ਦੇਣ ਦਾ ਫ਼ੈਸਲਾ ਦੇ ਦਿੱਤਾ। ਨਵਾਬ ਮਲੇਰਕੋਟਲਾ ਵੀ ਉਸ ਸਮੇਂ ਉੱਥੇ ਹੀ ਸੀ। ਉਸ ਨੇ ਸੂਬੇਦਾਰ (ਵਜ਼ੀਰ ਖਾਂ) ਨੂੰ ਬੜੇ ਜ਼ੋਰਦਾਰ ਸ਼ਬਦਾਂ ਵਿਚ ਅਪੀਲ ਕੀਤੀ ਕਿ ਵਜ਼ੀਰ ਖਾਂ, ''ਤੇਰਾ ਝਗੜਾ ਗੁਰੂ ਗੋਬਿੰਦ ਸਿੰਘ ਨਾਲ ਹੈ, ਉਸ ਨਾਲ ਤੂੰ ਜੰਗ ਕਰਦਾ ਵੀ ਚੰਗਾ ਲੱਗਦਾ ਹੈਂ। ਇਨ੍ਹਾਂ ਨਿੱਕੇ ਜਿਹੇ ਮਾਸੂਮ ਬੱਚਿਆਂ ਨੇ ਤੇਰਾ ਕੀ ਵਿਗਾੜਿਆ ਹੈ? ਇਨ੍ਹਾਂ ਨੂੰ ਮਾਰਨਾ ਤੇਰੀ ਬੁਜ਼ਦਿਲੀ ਹੋਵੇਗੀ।'' ਡਾ. ਹਰਚੰਦ ਸਿੰਘ ਸਰਹਿੰਦੀ ਤੇ ਹੋਰ ਕਈ ਲੇਖਕਾਂ ਅਨੁਸਾਰ 12 ਪੋਹ (26 ਦਸੰਬਰ) ਨੂੰ ਚੁੱਪ ਵਰਤੀ ਰਹੀ। 13 ਪੋਹ (27 ਦਸੰਬਰ) ਨੂੰ ਸਾਹਿਬਜ਼ਾਦਿਆਂ ਨੂੰ ਫਿਰ ਕਚਹਿਰੀ ਵਿਚ ਪੇਸ਼ ਕੀਤਾ ਗਿਆ। ਸੂਬੇਦਾਰ ਨੇ ਕਈ ਤਰ੍ਹਾਂ ਦੇ ਸਾਹਿਬਜ਼ਾਦਿਆਂ ਨੂੰ ਸਵਾਲ ਕੀਤੇ ਤੇ ਲਾਲਚ ਦਿੱਤੇ ਪਰ ਸਾਹਿਬਜ਼ਾਦੇ ਸ਼ਾਂਤ ਤੇ ਆਪਣੇ ਫ਼ੈਸਲੇ 'ਤੇ ਅਟੱਲ ਰਹੇ। ਸੂਬੇਦਾਰ ਦੇ ਹੁਕਮ ਨਾਲ ਸਮਾਣੇ ਦੇ ਦੋ ਜਲਾਦਾਂ ਸ਼ਾਸ਼ਲ ਬੇਗ ਤੇ ਬਾਸ਼ਲ ਬੇਗ ਨੇ ਸਾਹਿਬਜ਼ਾਦਿਆਂ ਦੇ ਸਿਰ ਕਲਮ ਕਰ ਦਿੱਤੇ। ਮਹਾਨ ਕੋਸ਼ ਦੇ ਕਰਤਾ ਭਾਈ ਕਾਨ੍ਹ ਸਿੰਘ ਨਾਭਾ ਨੇ ਵੀ ਸਾਹਿਬਜ਼ਾਦਿਆਂ ਦੇ ਸਿਰ ਕਲਮ ਕੀਤੇ ਜਾਣ ਬਾਰੇ ਦੱਸਿਆ ਹੈ। ਕਈ ਲੇਖਕਾਂ ਨੇ ਸਾਹਿਬਜ਼ਾਦਿਆਂ ਨੂੰ ਦੀਵਾਰ ਵਿਚ ਚਿਣਵਾ ਕੇ ਸ਼ਹੀਦ ਕੀਤਾ ਗਿਆ ਲਿਖਿਆ ਹੈ। ਅਨੇਕਾਂ ਚਿੱਤਰਕਾਰਾਂ ਨੇ ਵੀ ਸਾਹਿਬਜ਼ਾਦਿਆਂ ਨੂੰ ਨੀਹਾਂ ਵਿਚ ਚਿਣਦਿਆਂ ਦੀਆਂ ਤਸਵੀਰਾਂ ਬਣਾਈਆਂ ਹਨ। ਜਦੋਂ ਮਾਤਾ ਗੁਜਰੀ ਜੀ ਨੇ ਬੱਚਿਆਂ ਦੀ ਸ਼ਹੀਦੀ ਦੀ ਖ਼ਬਰ ਸੁਣੀ ਤਾਂ ਉਹ ਬੇਹੋਸ਼ ਹੋ ਗਏ ਤੇ ਦੁਬਾਰਾ ਹੋਸ਼ ਵਿਚ ਨਾ ਆਏ। ਗੁਰੂਘਰ ਦੇ ਅਨਿੰਨ ਸੇਵਕ ਸੇਠ ਦੀਵਾਨ ਟੋਡਰ ਮੱਲ ਨੇ ਤਿੰਨ ਸ਼ਹੀਦਾਂ ਬਾਬਾ ਜ਼ੋਰਾਵਰ ਸਿੰਘ, ਬਾਬਾ ਫਤਿਹ ਸਿੰਘ ਤੇ ਮਾਤਾ ਗੁਜਰੀ ਦਾ ਸਸਕਾਰ ਕਰਨ ਲਈ 78000 ਸੋਨੇ ਦੀ ਮੋਹਰਾਂ ਖੜ੍ਹੀਆਂ ਜ਼ਮੀਨ 'ਤੇ ਵਿਛਾ ਕੇ ਮੁਸਲਿਮ ਬਾਦਸ਼ਾਹ ਤੋਂ ਜ਼ਮੀਨ ਖ਼ਰੀਦੀ। ਸੋਨੇ ਦੀ ਕੀਮਤ ਦੇ ਮੁਤਾਬਕ ਇਸ ਚਾਰ ਸਕੁਏਅਰ ਮੀਟਰ ਜ਼ਮੀਨ ਦੀ ਕੀਮਤ ਦੋ ਅਰਬ ਪੰਜਾਹ ਕਰੋੜ ਰੁਪਏ ਬਣਦੀ ਹੈ।


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਪੰਜਾਬ ਲੋਕ ਰੰਗ ਵਲੋਂ ਖੇਡੇ ਜਾ ਰਹੇ ਚਰਚਿਤ ਨਾਟਕ 'ਮਿਟੀ ਧੁੰਦ ਜੱਗ ਚਾਨਣ ਹੋਇਆ' ਦੀ ਸਮੁੱਚੀ ਟੀਮ ਨਾਲ ਰੂਬਰੂ

ਬੀਤੇ ਦਿਨੀਂ ਪੰਜਾਬੀ ਦੇ ਸੁਪ੍ਰਸਿੱਧ ਸ਼ਾਇਰ ਕੁਲਵਿੰਦਰ ਦੇ ਗ੍ਰਿਹਿ ਵਿਖੇ ਪੰਜਾਬੀ ਲੋਕ ਰੰਗ ਦੀ ਸਮੁੱਚੀ ਟੀਮ ਦੇ ਮਾਣ ਸਨਮਾਨ ਵਿਚ ਇਕ ਸੰਖੇਪ ਮਿਲਣੀ ਰੱਖੀ ਗਈ। ਇਹ ਮਿਲਣੀ ਸਮੁੱਚੀ ਟੀਮ ਦੀ ਹੌਸਲਾ ਅਫਜ਼ਾਈ ਕਰਦੀ ਆਪਣੀ ਪੈੜ ਉਸ ਵਕਤ ਹੋਰ ਵੀ ਡੂੰਘੀ ਕਰ ਗਈ ਜਦ ਇਸ ਨਾਟਕ ਦੇ ਸਮੂਹ ਕਲਾਕਾਰ, ਕੁਝ ਸਾਹਿਤਕਾਰਾਂ ਦੇ ਰੂ ਬ ਰੂ ਹੋਏ।ਜਿਨ੍ਹਾਂ ਵਿਚ ਤਾਰਾ ਸਿੰਘ ਸਾਗਰ, ਡਾ. ਸੁਖਪਾਲ ਸੰਘੇੜਾ ਅਮਰਜੀਤ ਪੰਨੂੰ ਅਤੇ ਰੇਸ਼ਮ ਸਿੱਧੂ ਆਦਿ ਤੋਂ ਇਲਾਵਾ ਰਵਿੰਦਰ ਵਿਰਦੀ ਅਤੇ ਅਭੀਤਾਬ ਸੈਣੀ ਉਚੇਚੇ ਤੌਰ 'ਤੇ ਸ਼ਾਮਿਲ ਸਨ।

ਚਾਹ-ਪਾਣੀ ਤੋਂ ਬਾਅਦ ਲਾਜ ਨੀਲਮ ਸੈਣੀ ਨੇ ਸਭ ਨੂੰ ਜੀ ਆਇਆਂ ਕਹਿੰਦੇ ਹੋਏ ਪੰਜਾਬ ਲੋਕ ਰੰਗ ਦੇ ਲੇਖਕ, ਨਿਰਦੇਸ਼ਕ ਅਤੇ ਕਲਾਕਾਰ ਸੁਰਿੰਦਰ ਸਿੰਘ ਧਨੋਆ ਅਤੇ ਵਿਪਸਾ ਦੇ ਪ੍ਰਧਾਨ ਪ੍ਰੋ. ਸੁਰਿੰਦਰ ਸੀਰਤ ਨੂੰ ਪ੍ਰਧਾਨਗੀ ਮੰਡਲ ਵਿਚ ਸ਼ੁਸ਼ੋਭਿਤ ਕੀਤਾ। ਇਸ ਉਪਰੰਤ ਪ੍ਰੋ. ਸੁਖਵਿੰਦਰ ਕੰਬੋਜ ਨੇ ਮੰਚ ਦਾ ਕਾਜ-ਭਾਰ ਸੰਭਾਲਦਿਆਂ ਕਿਹਾ ਕਿ ਉਨ੍ਹਾਂ ਨੂੰ ਇਕ ਵਾਰੀ ਚੰਡੀਗੜ੍ਹ ਵਿਖੇ ਪ੍ਰਸਿੱਧ ਨਾਟਕਕਾਰ ਬਲਵੰਤ ਗਾਰਗੀ ਵਲੋਂ ਲਗਾਈ ਇਕ ਵਰਕਸ਼ਾਪ, ਜਿਸ ਵਿਚ ਵਿਜੇ ਤੇਂਦੂਲਕਾਰ ਮੁੱਖ ਮਹਿਮਾਨ ਸਨ ਸ਼ਾਮਿਲ ਹੋਣ ਦਾ ਮੌਕਾ ਮਿਲਿਆ ਸੀ।ਉਹ ਉਸ ਵਰਕਸ਼ਾਪ ਤੋਂ ਬਹੁਤ ਪ੍ਰਭਾਵਿਤ ਹੋਏ ਸਨ ਅਤੇ ਅੱਜ ਉਸੇ ਤਜ਼ਰਬੇ ਨਾਲ ਪੰਜਾਬ ਲੋਕ ਰੰਗ ਦੇ ਕਲਾਕਾਰਾਂ ਨੂੰ ਸਭ ਦੇ ਰੂ ਬ ਰੂ ਕਰਨਗੇ। ਪ੍ਰੋ. ਕੰਬੋਜ ਨੇ ਅੱਗੇ ਕਿਹਾ ਕਿ ਨਾਟਕ ਦੋ ਵਿਰੋਧੀ ਵਿਚਾਰਾਂ ਦੀ ਟੱਕਰ ਵਿਚੋਂ ਪੈਦਾ ਹੁੰਦਾ ਹੈ। ਨਾਟਕ ਦੀ ਵਿਧਾ ਸਾਹਿਤ ਦੇ ਬਾਕੀ ਰੂਪਾਂ ਨਾਲੋਂ ਇਸ ਲਈ ਵੱਖਰੀ ਹੈ ਕਿਉਂਕਿ ਇਸ ਵਿਚ ਹਰ ਚੀਜ਼ ਰੰਗ ਮੰਚ ਤੇ ਜੀਵੰਤ ਦਿਖਾਈ ਜਾਂਦੀ ਹੈ। ਨਾਟਕ 'ਮਿਟੀ ਧੁੰਦ ਜੱਗ ਚਾਨਣ ਹੋਇਆ' ਨੇ ਉਨ੍ਹਾਂ ਨੂੰ ਬਹੁਤ ਪ੍ਰਭਾਵਿਤ ਕੀਤਾ ਹੈ। ਇਸ ਦੇ ਨਾਲ ਹੀ ਉਨ੍ਹਾਂ ਨਾਟਕ ਦੇ ਕਲਾਕਾਰਾਂ ਸੋਨੂੰ ਰਾਣਾ-ਪੰਡਿਤ, ਮਰਦਾਨਾ-ਪਰਮਪਾਲ ਸਿੰਘ, ਮਲਕ ਭਾਗੋ-ਦਰਸ਼ਨ ਸਿੰਘ ਔਜਲਾ, ਪੁਰਾਣੇ ਵਕਤ ਦੀ ਸੂਤਰਧਾਰ ਦੇ ਰੂਪ ਵਿਚ ਦੌਲਤਾਂ-ਜਸਵਿੰਦਰ ਧਨੋਆ, ਅੱਜ ਦੇ ਵਕਤ ਦੇ ਸੂਤਰਧਾਰ-ਕਰਮਵੀਰ ਸਿੰਘ ਭੱਟੀ, ਨਾਨਕੀ ਦੀ ਸਹੇਲੀ ਕਰਮੋ-ਸੋਨੀਆ ਛੇੜਾ, ਸੁਲੱਖਣੀ ਦੀ ਸਹੇਲੀ-ਜਸਪ੍ਰੀਤ ਕੌਰ ਢਿੱਲੋਂ, ਨਵਾਬ ਦੌਲਤ ਖਾਨ-ਬਲਜੀਵਨ ਧਾਲੀਵਾਲ,



ਮੌਲਵੀ ਤੇ ਬਲੀ ਕੰਧਾਰੀ-ਅਨੂਪ ਸਿੰਘ ਚੀਮਾ, ਮੁਹੰਮਦ ਸਾਰਬਾਨ-ਨਵਪ੍ਰੀਤ ਸਿੰਘ ਕੰਬੋਜ, ਜੈ ਰਾਮ-ਬਲਜੀਤ ਮੁਹਾਰ, ਅਤੇ ਵਿਭਿੰਨ ਰੋਲਾਂ ਵਿਚ ਜਸਵਿੰਦਰ ਸੱਗੀ, ਸੁਰਿੰਦਰ ਕੌਰ, ਸਿਮਰਨ ਕੌਰ ਅਤੇ ਮੁਨਸ਼ੀ ਅਤੇ ਮੁਹੰਮਦ ਜਹੀਰਉ-ਦੀਨ ਬਾਬਰ -ਸੁਰਿੰਦਰ ਸਿੰਘ ਧਨੋਆ ਨੂੰ ਰੂ ਬ ਰੂ ਕੀਤਾ। ਪ੍ਰੋ. ਕੰਬੋਜ ਵਲੋਂ ਪੁੱਛੇ ਗਏ ਸਵਾਲਾਂ ਦੇ ਜਵਾਬ ਸਮੂਹ ਕਲਾਕਾਰਾਂ ਵਲੋਂ ਆਤਮ ਵਿਸ਼ਵਾਸ ਅਤੇ ਸੁਲਝੇ ਹੋਏ ਤਰੀਕੇ ਨਾਲ ਦਿੱਤੇ ਗਏ। ਤੁਸੀਂ ਕੀ ਸੋਚ ਕੇ ਇਸ ਸੰਸਥਾ ਵਿਚ ਸ਼ਾਮਿਲ ਹੋਏ? ਇਸ ਸਵਾਲ ਦੇ ਜਵਾਬ ਵਿਚ ਬਹੁਤੇ ਕਲਾਕਾਰਾਂ ਨੇ ਇਹ ਹੀ ਕਿਹਾ ਕਿ ਉਹ ਸਕੂਲ, ਕਾਲਜ ਜਾਂ ਪੰਜਾਬ ਤੋਂ ਹੀ ਮੰਚ ਨਾਲ ਜੁੜੇ ਹੋਏ ਸਨ ਅਤੇ ਉਨ੍ਹਾਂ ਨੇ ਇਸ ਪੰਜਾਬ ਲੋਕ ਰੰਗ ਨਾਂ ਦੀ ਇਸ ਸੰਸਥਾ ਨੂੰ ਲੱਭਿਆ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਪ੍ਰਤਿਭਾ ਮੁਤਾਬਿਕ ਸੁਰਿੰਦਰ ਸਿੰਘ ਧਨੋਆ ਉਨ੍ਹਾਂ ਨੂੰ ਰੋਲ ਦਿੰਦੇ ਹਨ ਅਤੇ ਅਭਿਆਸ ਕਰਵਾਉਂਦੇ ਵਕਤ ਉਹ ਬਹੁਤ ਗੰਭੀਰ ਹੋ ਕੇ ਨਿਰਦੇਸ਼ਨ ਦਿੰਦੇ ਅਤੇ ਅਨੁਸਾਸ਼ਨ ਕਾਇਮ ਰੱਖਦੇ ਹਨ। ਗੁਰੂ ਨਾਨਕ ਦੇਵ ਜੀ ਦੇ ਜੀਵਨ ਬਾਰੇ ਪੁੱਛੇ ਗਏ ਸਵਾਲਾਂ ਦਾ ਜਵਾਬ ਦਿੰਦਿਆਂ ਕਲਾਕਾਰ ਭਾਵੁਕ ਹੁੰਦੇ ਰਹੇ।

ਬਾਬੇ ਨਾਨਕ ਦੀਆਂ ਸਿੱਖਿਆਵਾਂ ਤੇ ਚੱਲਣ ਦੀ ਗੱਲ ਕਰਦੇ ਵਕਤ ਉਨ੍ਹਾਂ ਦੇ ਚਿਹਰਿਆਂ ਤੇ ਜਲੌਅ ਵੀ ਦਿਸਦਾ ਰਿਹਾ। ਉਨ੍ਹਾਂ ਕਿਹਾ ਕਿ ਉਹ ਆਪਣੀ ਕਲਾ ਨੂੰ ਲਗਾਤਾਰ ਮਿਹਨਤ ਕਰਕੇ ਨਿਖਾਰਨ ਲਈ ਵਚਨਬੱਧ ਹਨ। ਪ੍ਰੋ. ਸਰਿੰਦਰ ਸੀਰਤ ਨੇ ਕਿਹਾ ਕਿ ਉਹ ਸੁਰਿੰਦਰ ਸਿੰਘ ਧਨੋਆ ਦੇ ਨਾਟਕ 'ਮਿਟੀ ਧੁੰਦ ਜੱਗ ਚਾਨਣ ਹੋਇਆ' ਬਾਰੇ ਡਾ. ਬਲਜੀਤ ਕੌਰ ਜੰਮੂ ਵਲੋਂ ਲਿਖਿਆ ਪੇਪਰ ਪੜ੍ਹਦੇ ਹੀ ਇਸ ਨਾਟਕ ਨੂੰ ਦੇਖਣ ਲਈ ਉਤਾਵਲੇ ਹੋ ਗਏ ਸਨ। ਇਹ ਨਾਟਕ ਉਨ੍ਹਾਂ ਦੀਆਂ ਆਸਾਂ ਤੇ ਪੂਰਾ ਉੱਤਰਿਆ ਹੈ। ਅੰਤ ਵਿਚ ਸੁਰਿੰਦਰ ਸਿੰਘ ਧਨੋਆ ਨੇ ਕਿਹਾ ਕਿ ਬਾਬੇ ਨਾਨਕ ਦੀਆਂ ਸਿੱਖਿਆਵਾਂ ਦੇ ਸੰਦਰਭ ਵਿਚ ਅਸੀਂ ਸਾਰੇ ਕਿੱਥੇ ਖੜ੍ਹੇ ਹਾਂ? ਬੱਸ ਇਸੇ ਸੋਚ ਨੇ ਮੇਰੇ ਕੋਲੋਂ ਇਹ ਨਾਟਕ ਲਿਖਵਾਇਆ।

ਮੈਨੂੰ ਨਾਟਕ ਲਿਖਣ ਲਈ ਲੰਮੇ ਸਮੇਂ ਤੋਂ ਪੰਜਾਬ ਲੋਕ ਰੰਗ ਨਾਲ ਜੁੜੇ ਸੋਨੂੰ ਰਾਣਾ ਨੇ ਹਮੇਸ਼ਾਂ ਪ੍ਰੇਰਿਤ ਕੀਤਾ। ਅਸੀਂ ਨਾਟਕ ਨੂੰ ਖੇਡਣ ਤੋਂ ਬਾਅਦ ਵੀ ਦਰਸ਼ਕਾਂ ਦੇ ਸੁਝਾਵਾਂ ਨੂੰ ਮੁੱਖ ਰੱਖ ਕੇ ਤਬਦੀਲ ਕਰਦੇ ਰਹਿੰਦੇ ਹਾਂ। ਮੈਂ ਪਿਛਲੀ ਸਾਹਿਤਕ ਮਿਲਣੀ ਵਿਚ ਕੁਲਵਿੰਦਰ ਦੇ ਨਿਮਨਲਿਖਤ ਸ਼ੇਅਰ ਤੋਂ ਪ੍ਰਭਾਵਿਤ ਹੋਇਆ ਸੀ, ਜਿਸ ਨੂੰ ਕੁਲਵਿੰਦਰ ਦੀ ਆਗਿਆ ਨਾਲ ਨਾਟਕ ਵਿਚ ਸ਼ਾਮਿਲ ਕੀਤਾ।

ਸੁੱਕੀਆਂ ਸ਼ਾਖਾਂ ਤੇ ਮੁਰਝਾਏ ਪਏ ਨੇ ਖ਼ੁਸ਼ਕ ਖਾਬ।  
ਕੀ ਪਤਾ ਕਿੱਥੇ ਗਿਆ ਹੈ ਪੰਜ ਦਰਿਆਵਾਂ ਦਾ ਆਬ।

----------

ਉਮਰ ਭਰ ਸੁੱਕੀ ਨਦੀ ਦਾ ਦਰਦ ਹੀ ਲਿਖਦਾ ਰਿਹਾ।  
ਸੋਚਿਆ ਤਾਂ ਸੀ ਲਿਖਾਂਗਾ ਇਕ ਮੁਹੱਬਤ ਦੀ ਕਿਤਾਬ।

ਉਨ੍ਹਾਂ ਕਿਹਾ, "ਮੈਂ ਅੱਜ ਦੇ ਰੂ ਬ ਰੂ ਤੋਂ ਬੁਹਤ ਪ੍ਰਭਾਵਿਤ ਹੋਇਆ ਹਾਂ। ਇਹ ਪਹਿਲੀ ਵਾਰੀ ਹੋਇਐ ਕਿ ਸਾਡੇ ਨਾਟਕ ਦੇ ਸਾਹਿਤਕ ਪੱਖ ਦੀ ਗੱਲ ਕੀਤੀ ਗਈ ਐ। ਮੈਂ ਅੱਜ ਜਿਸ ਮੁਕਾਮ ਤੇ ਪਹੁੰਚਿਆਂ ਹਾਂ,ਉਸਦਾ ਸਿਹਰਾ ਮੇਰੀ ਸਮੁੱਚੀ ਟੀਮ ਦੇ ਸਿਰ ਜਾਂਦੈ। ਅਸੀਂ ਵਿਪਸਾ ਨਾਲ ਮਿਲ ਕੇ ਕੰਮ ਕਰਾਂਗੇ, ਜਿਸਦਾ ਲਾਭ ਦੋਵਾਂ ਸੰਸਥਾਵਾਂ ਨੂੰ ਪਹੁੰਚੇਗਾ। ਮੈਂ ਕੁਲਵਿੰਦਰ ਅਤੇ ਮਨਜੀਤ ਪਲੇਹੀ ਦਾ ਇਸ ਮਿਲਣੀ ਨੂੰ ਆਯੋਜਿਤ ਕਰਨ ਲਈ ਤਹਿ ਦਿਲੋਂ ਧੰਨਵਾਦੀ ਹਾਂ।"

**ਰਿਪੋਰਟ: ਲਾਜ ਨੀਲਮ ਸੈਣੀ**

# ਸ਼ਿਵ ਕੁਮਾਰ ਬਟਾਲਵੀ ਯਾਦਗਾਰੀ ਪੁਰਸਕਾਰ ਮਿਲੇਗਾ ਸਤੀਸ਼ ਗੁਲਾਟੀ ਨੂੰ

**ਲੁਧਿਆਣਾ-** ਨਾਮਵਰ ਲੇਖਕ ਸ਼ਿਵ ਕੁਮਾਰ ਬਟਾਲਵੀ ਦੀ ਯਾਦ ਨੂੰ ਸਮਰਪਿਤ ਪੰਜਵਾਂ ਸ਼ਿਵ ਕੁਮਾਰ ਬਟਾਲਵੀ ਯਾਦਗਾਰੀ ਕਵੀ ਦਰਬਾਰ ਅਤੇ ਸਨਮਾਨ ਸਮਾਰੋਹ ਸਥਾਨਕ ਪੰਜਾਬੀ ਭਵਨ, ਲੁਧਿਆਣਾ 'ਚ 30 ਦਸੰਬਰ ਨੂੰ ਕਰਵਾਇਆ ਜਾਵੇਗਾ। ਇਸ 'ਚ ਨਾਮਵਰ ਸ਼ਾਇਰ ਤੇ ਚੇਤਨਾ ਪ੍ਰਕਾਸ਼ਨ ਦੇ ਮਾਲਕ ਸਤੀਸ਼ ਗੁਲਾਟੀ ਨੂੰ ਇਹ ਪੁਰਸਕਾਰ ਦਿੱਤਾ ਜਾਵੇਗਾ।

ਮਿਲੀ ਜਾਣਕਾਰੀ ਅਨੁਸਾਰ ਪੰਜਵਾਂ ਸ਼ਿਵ ਕੁਮਾਰ ਬਟਾਲਵੀ ਯਾਦਗਾਰੀ ਕਵੀ ਦਰਬਾਰ ਅਤੇ ਸਨਮਾਨ ਸਮਾਰੋਹ 30 ਦਸੰਬਰ ਸਵੇਰੇ 10 ਵਜੇ ਸੈਮੀਨਾਰ ਹਾਲ, ਪੰਜਾਬੀ ਭਵਨ ਵਿਖੇ ਕਰਵਾਇਆ ਜਾਵੇਗਾ, ਜਿਸ 'ਚ ਤਰਸੇਮ ਨੂਰ ਮੁੱਖ ਮਹਿਮਾਨ ਵਜੋਂ ਸ਼ਾਮਿਲ ਹੋਣਗੇ ਜਦਕਿ ਵਿਜੇ ਵਿਵੇਕ, ਹਰਦਿਆਲ ਸਾਗਰ, ਮੁਕੇਸ਼ ਆਲਮ, ਜਗਵਿੰਦਰ ਜੋਧਾ ਇਸ ਸਮਾਰੋਹ ਦੌਰਾਨ ਸ਼ਮ੍ਹਾ ਰੋਸ਼ਨ ਕਰਨਗੇ। ਇਸ ਸਮਾਗਮ 'ਚ ਨਾਮਵਰ ਸ਼ਾਇਰ ਤੇ ਚੇਤਨਾ ਪ੍ਰਕਾਸ਼ਨ ਦੇ ਮਾਲਕ ਸਤੀਸ਼ ਗੁਲਾਟੀ ਜਿਨ੍ਹਾਂ ਦੇ ਤਿੰਨ ਗ਼ਜ਼ਲ ਸੰਗ੍ਰਹਿ 'ਚੁੱਪ ਦੇ ਖ਼ਿਲਾਫ਼' (1998, 2004, 2016), 'ਚੁੱਪ ਨਦੀ ਤੇ ਮੈਂ' (2005, 2016), 'ਚੁੱਪ



ਜਿਹਾ ਸੰਵਾਦ' (2016) ਤੇ ਇੱਕ ਸਫ਼ਰਨਾਮਾ 'ਚੁੱਪ ਦੇ ਅੰਦਰ ਬਾਹਰ ਬਾਹਰ' (2015, 2020) ਕਿਤਾਬਾਂ ਪ੍ਰਕਾਸ਼ਿਤ ਹੋਈਆਂ ਹਨ, ਨੂੰ ਪੰਜਵਾਂ ਸ਼ਿਵ ਕੁਮਾਰ ਬਟਾਲਵੀ ਯਾਦਗਾਰੀ ਪੁਰਸਕਾਰ ਦਿੱਤਾ ਜਾਵੇਗਾ। ਇਸ ਸਮਾਗਮ ਵਿਚ ਕਵੀ ਦਰਬਾਰ 'ਚ ਵਿਜੇ ਵਿਵੇਕ, ਸਤੀਸ਼ ਗੁਲਾਟੀ, ਤਰਸੇਮ ਨੂਰ, ਹਰਦਿਆਲ ਸਾਗਰ, ਮੁਕੇਸ਼ ਆਲਮ, ਜਗਵਿੰਦਰ ਜੋਧਾ, ਵਿਜੇ ਧੰਮੀ, ਗੁਰਚਰਨ ਕੌਰ ਕੋਚਰ, ਰੇਨੂੰ ਨਈਅਰ, ਪ੍ਰਮੋਦ ਕਾਫ਼ਿਰ, ਸੁਖਦੇਵ ਮਠਾੜੂ, ਕਰਨਜੀਤ ਨਕੋਦਰ, ਜਸਪਾਲ ਅਨਹਦ, ਤੇਜਬੀਰ ਸਿੰਘ ਸਿੱਧੂ, ਕੋਮਲਦੀਪ ਅਹਿਸਾਸ, ਜਸਵਿੰਦਰ ਲਫ਼ਜ਼, ਪਰਮਜੀਤ ਢਿੱਲੋਂ,



ਰਿਸ਼ੀ ਹਿਰਦੇਪਾਲ, ਨਵਦੀਪ ਮੁੰਡੀ ਤੇ ਰਵੀ ਦੀਪ ਆਪਣੀਆਂ ਰਚਨਾਵਾਂ ਕਹਿਣਗੇ। ਇਸ ਸਬੰਧੀ ਹੋਰ ਜਾਣਕਾਰੀ ਰਾਕੇਸ਼ ਤੇਜਪਾਲ 'ਜਾਨੀ', ਅਮਰਜੀਤ ਸਿੰਘ ਨਾ.ਲ ਸੰਪਰਕ ਕੀਤਾ ਜਾ ਸਕਦਾ ਹੈ। **– ਸੁਮਿਤ ਗੁਲਾਟੀ (ਚੇਤਨਾ ਪ੍ਰਕਾਸ਼ਨ)**




# ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਹਫਤਾਵਾਰੀ ਦੀਵਾਨ ਸਜਾਏ ਗਏ









ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਦੀ ਪ੍ਰਬੰਧਕ ਕਮੇਟੀ ਵਲੋਂ ਸੰਗਤਾਂ ਦੇ ਸਹਿਯੋਗ ਨਾਲ ਹਫਤਾਵਾਰੀ ਦੀਵਾਨ ਸਜਾਏ ਗਏ। ਜਿਸ ਵਿਚ ਗੁਰਮੁੱਖ ਪ੍ਰੀਵਾਰ ਸੁਰਗਵਾਸੀ ਸਰਦਾਰ ਗੁਰਮੀਤ ਸਿੰਘ ਜੀ ਬਾਸੀ ਬੀਬੀ ਸੁਰਜੀਤ ਕੌਰ ਬਾਸੀ ਜੀ ਦੇ ਸਪੁੱਤਰ ਸਰਦਾਰ ਮੋਹਣ ਸਿੰਘ ਜੀ ਬਾਸੀ ਬੀਬੀ ਕੁਲਜੀਤ ਕੌਰ ਬਾਸੀ ਜੀ ਨੇ ਆਪਣੀ ਸਪੁੱਤਰੀ ਜੈਸਮੀਨ ਕੌਰ ਦੇ ਵਿਆਹ ਨੂੰ ਮੁੱਖ ਰੱਖਦਿਆਂ ਗੁਰੂ ਘੱਰ ਵਿਖੇ ਦਿਨ ਸ਼ੁੱਕਰਵਾਰ 20 ਦਸੰਬਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਅਰੰਭ ਕੀਤੇ ਗਏ।

ਜਿਨਾ ਦੇ ਭੋਗ 22 ਦਸੰਬਰ ਦਿਨ ਐਤਵਾਰ ਨੂੰ ਪਾਏ ਗਏ ।ਉਪਰੰਤ ਕੀਰਤਨ ਦਰਵਾਰ ਸਜਾਏ ਗਏ। ਗੁਰੂ ਘੱਰ ਦੇ ਹਜੂਰੀ ਰਾਗੀ ਭਾਈ ਸਾਹਿਬ ਭਾਈ ਗੁਰਦਿਆਲ ਸਿੰਘ ਜੀ(ਸੁਦਾਣੇ ਵਾਲੇ)ਦੇ ਜਥੇ ਨੇ ਗੁਰਬਾਣੀ ਦੇ ਕੀਰਤਨ ਕਰਕੇ ਨਿਹਾਲ ਕੀਤਾ।

ਗੁਰੂ ਘੱਰ ਦੀ ਪ੍ਰਬੰਧਕ ਕਮੇਟੀ ਵਲੋਂ ਗੁਰਮੁੱਖ ਪ੍ਰੀਵਾਰ ਨੂੰ ਗੁਰੂ ਘੱਰ ਦੀ ਬਖਸ਼ਿਸ ਸਿਰੋਪਾਓ ਦੇਕੇ ਸਨਮਾਨਤ ਕੀਤਾ ਸਟੇਜ ਸਕੱਤਰ ਦੀ ਸੇਵਾ ਸ੍ਰੀ ਰਾਮ ਸੇਵਕ ਭਾਟੀਆ ਜੀ (ਮੁੱਖ ਕੈਸ਼ੀਅਰ) ਜੀ ਨੇ ਬਹੁਤ ਵਧੀਆ ਢੰਗ ਨਾਲ ਨਿਭਾਈ ਅਖੀਰ ਵਿਚ ਗੁਰੂ ਘਰ ਦੇ ਪ੍ਰਧਾਨ ਸ੍ਰੀ ਦਲਵਿੰਦਰ ਰੱਲ ਜੀ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ। ਉਪਰੰਤ ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ।

# New Executive Committee of BootanMandi Guru Ravidass Educational and Charitable Trust





Guru Ravidass Educational and Charitable Trust of BootanMandi Jalandhar, an apex center of spiritual, social and community activities in the Doaba region of Punjab elected and appointed a new Executive Committee on December 23, 2019, in the run up to the forthcoming ParkashUtsav of Guru Ravidass in February, 2020 and manage the affairs of the BootanMandiGuru RavidassDham. The new committee is a mix of old hands like Om ParkashMahey as President, Amar Nath Ram as Finance Secretary and young and intelligent persons like Prof. Mahesh Chander and Gaurav Mahey as General Secretary and Joint Secretary respectively.

A solemn Ardas was held at the Dhamfor the success of the new committee and to wish them all the best in the days to come. Some of the trustees of the Trust and Dham namely Seth Sat Paul, Seth Chint Ram, ParamjitMahey among others and also prominent residents of the area like Ambassador Ramesh Chander, KrishanLal and SantBalramVirdi, who performed the Ardas ceremony also registered their presence at the occasion.

# 17 ਸਾਲ ਦੀ ਨਾਬਲਿਗ ਨੇ ਚੁਰਾਇਆ ਪਲੇਨ, ਨਾ ਉਡਿਆ ਤਾਂ ਮਾਰਿਆ ਕੰਧ



ਕੈਲੀਫੋਰਨੀਆ- ਅਮਰੀਕਾ ਵਿਚ ਇਕ ਹੈਰਾਨ ਕਰਨ ਵਾਲਾ ਮਾਮਲਾ ਸਾਹਮਣੇ ਆਇਆ ਹੈ। ਜਿਥੇ 17 ਸਾਲ ਦੀ ਇਕ ਲੜਕੀ ਨੇ ਕੈਲੀਫੋਰਨੀਆ ਏਅਰਪੋਰਟ ਵਿਚ ਚੋਰੀ ਚੋਰੀ ਇਕ ਛੋਟੇ ਜਹਾਜ਼ ਵਿਚ ਵੜ ਗਈ ਅਤੇ ਉਸ ਨੂੰ ਉਡਾ ਕੇ ਲਿਜਾਣ ਲੱਗੀ। ਹਾਲਾਂਕਿ ਉਹ ਆਪਣੀ ਕੋਸ਼ਿਸ਼ ਵਿਚ ਕਾਮਯਾਬ ਨਹੀਂ ਹੋਈ ਅਤੇ ਉਸ ਨੇ ਜਹਾਜ਼ ਦੀ ਇਕ ਕੰਧ ਨਾਲ ਟੱਕਰ ਮਾਰ ਦਿੱਤੀ। ਦੱਸਿਆ ਜਾ ਰਿਹਾ ਹੈ ਕਿ ਜਹਾਜ਼ ਕੰਧ ਤੋੜ ਕੇ ਏਅਰਪੋਰਟ ਅੰਦਰ ਜਾ ਵੜਿਆ, ਜਿਸ ਪਾਸੇ ਕੰਢਿਆਂ ਵਾਲੀ ਵਾੜ ਲੱਗੀ ਹੋਈ ਸੀ। ਮਾਮਲਾ ਫ੍ਰੈਸਨੋ ਯੋਸ਼ਿਮਾਇਟ ਇੰਟਰਨੈਸ਼ਨਲ ਏਅਰਪੋਰਟ ਦਾ ਹੈ। ਅਮਰੀਕੀ ਏਅਰਪੋਰਟ ਪੁਲਿਸ ਚੀਫ਼ ਡਿਊ ਬੇਸਿਨਗਰ ਨੇ ਦੱਸਿਆ ਕਿ ਲੜਕੀ ਨੇ ਪਲੇਨ ਦਾ ਇੰਜਨ ਚਾਲੂ ਕੀਤਾ ਅਤੇ ਉਹ ਇਸ ਨੂੰ ਲੈ ਕੇ ਜੰਜੀਰਾਂ ਨਾਲ ਬਣੀ ਵਾੜ ਨਾਲ ਟਕਰਾ ਗਿਆ। ਉਨ੍ਹਾਂ ਦੱਸਿਆ ਕਿ ਲੜਕੀ ਨੇ ਵਣਜੀ ਟਰਮੀਨਲਾਂ ਅਤੇ ਸੈਨਾ ਦੇ ਖੇਤਰ ਤੋਂ ਲਗਪਗ 400 ਮੀਟਰ ਦੀ ਦੂਰੀ 'ਤੇ ਸਥਿਤ ਵਾੜ ਵਾਲੇ ਪਾਸਿਓਂ ਘੁਸਪੈਠ ਕੀਤਾ ਸੀ। ਉਨ੍ਹਾਂ ਦੱਸਿਆ ਕਿ ਕਿਸੇ ਵੀ ਹਵਾਈ ਯਾਤਰੀ ਦੀ ਜਾਨ ਨੂੰ ਕੋਈ ਖ਼ਤਰਾ ਨਹੀਂ ਹੋਇਆ ਅਤੇ ਦੁਰਘਟਨਾ ਵਿਚ ਕੋਈ ਵੀ ਵਿਅਕਤੀ ਜ਼ਖ਼ਮੀ ਨਹੀਂ ਹੋਇਆ। ਉਨ੍ਹਾਂ ਦੱਸਿਆ ਕਿ ਲੜਕੀ ਨੂੰ ਹਿਰਾਸਤ ਵਿਚ ਲੈ ਲਿਆ ਗਿਆ ਸੀ। ਪੁਲਿਸ ਜਾਂਚ ਜਾਰੀ ਹੈ।

# ਅਮਰੀਕਾ ਤੋਂ ਨਵੀ ਦਿੱਲੀ ਲਈ ਰਵਾਨਾ ਹੋਣ ਵਾਲੇ 16 ਭਾਰਤੀ-ਅਮਰੀਕੀਆਂ ਨੂੰ ਕੈਨੇਡੀ ਹਵਾਈ ਅੱਡੇ 'ਤੇ ਰੋਕਿਆ

**ਵਾਸ਼ਿੰਗਟਨ-** ਅਮਰੀਕਾ ਤੋਂ ਨਵੀਂ ਦਿੱਲੀ ਲਈ ਰਵਾਨਾ ਹੋਣ ਵਾਲੇ ਘੱਟੋ-ਘੱਟ 16 ਭਾਰਤੀ-ਅਮਰੀਕੀ ਜਿਨ੍ਹਾਂ ਕੋਲ ਜਾਇਜ਼ ਓਸੀਆਈ ਕਾਰਡ ਸਨ ਨੂੰ ਐਤਵਾਰ ਨੂੰ ਜੋਹਨ ਐੱਫ ਕੈਨੇਡੀ ਹਵਾਈ ਅੱਡੇ 'ਤੇ ਅਜੀਬ ਸਥਿਤੀ ਦਾ ਸਾਹਮਣਾ ਕਰਨਾ ਪਿਆ। ਏਅਰ ਇੰਡੀਆ ਉਨ੍ਹਾਂ ਦੇ ਬੋਰਡਿੰਗ ਪਾਸ ਇਸ ਕਰ ਕੇ ਤਿਆਰ ਨਹੀਂ ਕਰ ਸਕਿਆ ਕਿਉਂਕਿ ਉਹ ਆਪਣੇ ਪੁਰਾਣੇ 'ਕੈਨਸਲਡ ਪਾਸਪੋਰਟ' ਨਾਲ ਨਹੀਂ ਸਨ ਲਿਆਏ। ਨਵੇਂ ਲਾਗੂ ਆਰਜ਼ੀ ਨਿਯਮ, ਜਿਨ੍ਹਾਂ ਬਾਰੇ ਇਨ੍ਹਾਂ ਭਾਰਤੀ-ਅਮਰੀਕੀਆਂ ਨੂੰ ਜਾਣਕਾਰੀ ਨਹੀਂ ਸੀ, 'ਚ ਕਿਹਾ ਗਿਆ ਹੈ ਕਿ ਮੁਸਿਫ਼ਰਾਂ ਨੂੰ ਆਪਣਾ ਪੁਰਾਣਾ ਕੈਨਸਲਡ ਪਾਸਪੋਰਟ ਨਾਲ ਲਿਆਉਣਾ ਚਾਹੀਦਾ ਹੈ ਕਿਉਂਕਿ ਓਵਰਸੀਜ਼ ਸਿਟੀਜ਼ਨਜ਼ ਆਫ ਇੰਡੀਆ (ਓਆਈਸੀ) 'ਚ ਪੁਰਾਣੇ ਪਾਸਪੋਰਟ ਦਾ ਨੰਬਰ ਭਰਨਾ ਹੁੰਦਾ ਹੈ। ਓਸੀਆਈ ਕਾਰਡ, ਕਾਰਡ ਧਾਰਕ ਨੂੰ ਭਾਰਤ ਲਈ ਉਮਰ ਭਰ ਦਾ ਵੀਜ਼ਾ ਪ੍ਰਦਾਨ ਕਰਦਾ ਹੈ।

ਜੋ 20 ਸਾਲ ਤੋਂ ਘੱਟ ਜਾਂ 50 ਸਾਲ ਤੋਂ ਉਪਰ ਹਨ ਨੂੰ ਆਪਣਾ ਪਾਸਪੋਰਟ ਨਵਿਆਉਣ ਸਮੇਂ ਓਸੀਆਈ ਕਾਰਡ ਵੀ ਨਵਿਆਉਣਾ ਪੈਂਦਾ ਹੈ। ਇਸ ਮਹੀਨੇ ਦੇ ਸ਼ੁਰੂ ਵਿਚ ਇਸ ਨਿਯਮ 'ਚ 30 ਜੂਨ, 2020 ਤਕ ਛੋਟ ਦੇ ਦਿੱਤੀ ਗਈ ਸੀ ਪ੍ਰੰਤੂ ਹੁਣ ਉਨ੍ਹਾਂ ਨੂੰ ਪੁਰਾਣੇ ਕੈਨਸਲਡ ਪਾਸਪੋਰਟ ਨਾਲ ਲਿਆਉਣ ਲਈ ਕਿਹਾ ਗਿਆ। ਰੋਕੇ ਗਏ 16 ਭਾਰਤੀ-ਅਮਰੀਕੀਆਂ 'ਚ ਮੈਕਕਿਨਸੇ ਗਲੋਬਲ ਬੈਂਕਿੰਗ ਐਂਡ ਸਕਿਓਰਿਟੀਜ਼ ਪ੍ਰੈਕਟਿਸ ਦੇ ਸਹਿ-ਪ੍ਰਧਾਨ ਸੋਮੇਸ਼ ਖੰਨਾ ਵੀ ਸ਼ਾਮਲ ਸਨ ਜੋ ਏਅਰ ਇੰਡੀਆ ਦੇ ਜਹਾਜ਼ ਵਿਚ ਫਸਟ ਕਲਾਸ ਵਿਚ ਆਪਣੇ ਪਰਿਵਾਰ ਸਣੇ ਭਾਰਤ ਜਾ ਰਹੇ ਸਨ। ਉਕਤ 16 ਭਾਰਤੀ-ਅਮਰੀਕੀਆਂ ਨੂੰ ਕੈਨੇਡੀ ਹਵਾਈ ਅੱਡੇ ਤੋਂ ਘਰ ਵਾਪਸ ਜਾਣ ਅਤੇ ਭਾਰਤ ਲਈ ਬੁਕਿੰਗ ਦੁਬਾਰਾ ਕਰਵਾਉਣ ਲਈ ਕਿਹਾ ਗਿਆ।


'ਦੇਸ਼ ਦੁਆਬਾ'

ਹਰ ਹਫਤੇ ਛਪਣ ਵਾਲਾ ਅਖਬਾਰ

ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?

ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?

ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।

ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ

ਆਪਣੀ ਰਚਨਾ ਹਰ ਸ਼ਨਿਚਰਵਾਰ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ।

ਰਚਨਾ ਸਿਰਫ ਅਣਛਪੀ ਹੀ ਭੇਜੀ ਜਾਵੇ।

ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੈ।

ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ

ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।

1-916-947-8920 (ਫੋਨ), 1-916-238-1393 (ਫੈਕਸ)

E-mail : deshdoaba@yahoo.com

www.deshdoaba.com www.ambedkartimes.com



BERKSHIRE HATHAWAY BH HS

Home Services



Shangara Ram

ELITE REAL ESTATE

Realtor CalBRE# 01969522

Cell: 916-479-5587

Fax # 916-721-2373

Office: 916-681-5112

shangararam2@gmail.com

* ਅਸੀਂ ਪੰਜਾਬੀ, ਹਿੰਦੀ, ਅੰਗਰੇਜ਼ੀ
ਤਿੰਨੇ ਭਾਸ਼ਾਵਾਂ ਵਿਚ ਗੱਲ ਕਰ ਸਕਦੇ ਹਾਂ।
ਕਿਸੇ ਵੀ ਕਿਸਮ ਦੀ ਸੰਪਤੀ ਘਰੇਲੂ, ਵਪਾਰਕ ਅਤੇ ਲੈਂਡ
ਅਤੇ ਲੋਨ ਸਮੇਤ ਵਿਆਜ ਦਰਾਂ ਲਈ ਸੇਵਾ ਦਾ ਮੌਕਾ ਦਿਓ

7412 Elsie Ave., Sacramento, CA 95828

# ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓ ਲਿੰਡਾ ਵਿਖੇ ਸੰਤ ਭਗਵਾਨ ਦਾਸ ਜੀ ਦੇ ਅੰਤਿਮ ਅਰਦਾਸ ਸਮਾਗਮ ਕਰਵਾਏ ਗਏ













ਸੰਸਾਰਿਕ ਜੀਵਾਂ ਨੂੰ ਏਕਤਾ, ਭਾਈਵਾਲਤਾ ਅਤੇ ਨਾਮ ਜਪਣ ਦਾ ਸੰਦੇਸ਼ ਦੇਣ ਵਾਲੇ ਨਿਮਰ ਸੁਭਾਅ ਅਤੇ ਮਿੱਠ ਬੋਲੜੇ 108 ਸੰਤ ਭਗਵਾਨ ਦਾਸ ਜੀ ਡੇਰਾ ਨਗਰ (ਫਿਲੌਰ) ਜੋ ਕਿ ਆਪਣੀ ਮਾਤਲੋਕ ਦੀ ਯਾਤਰਾ ਪੂਰੀ ਕਰਦੇ ਹੋਏ ਮਿਤੀ 7 ਨਵੰਬਰ 2019 ਨੂੰ ਸ੍ਰੀ ਸੱਚਖੰਡ ਵਿਖੇ ਗੁਰੂ ਚਰਨਾਂ ਵਿੱਚ ਜਾ ਬਿਰਾਜੇ ਸਨ ਦੀ ਅੰਤਿਮ ਅਰਦਾਸ ਸਮਾਗਮ ਸ਼੍ਰੀ ਗੁਰੂ ਰਵਿਦਾਸ ਟੈਂਪਲ ਰਿਓ ਲਿੰਡਾ ਵਿਖੇ ਸੈਕਰਾਮੈਂਟੋ ਅਤੇ ਯੂਬਾ ਸਿਟੀ ਦੀ ਸਮੂੰਹ ਸਾਧਸੰਗਤਿ ਦੇ ਸਹਿਯੋਗ ਨਾਲ ਕਰਵਾਏ ਗਏ।

ਸ਼੍ਰੀ ਅਖੰਡ ਪਾਠ ਸਾਹਿਬ ਦੇ ਅਰੰਭ 20 ਦਸੰਬਰ 2019 ਨੂੰ ਹੋਏ, ਜਿਨ੍ਹਾਂ ਦੇ ਭੋਗ ਦਿਨ ਐਤਵਾਰ 22 ਦਸੰਬਰ 2019 ਸਵੇਰੇ 10:30 ਵਜੇ ਪਏ ਗਏ, ਉਪਰੰਤ ਅਰਦਾਸ ਬੇਨਤੀਆਂ ਕੀਤੀਆਂ ਗਈਆਂ ਅਤੇ ਕਥਾ ਕੀਰਤਨ ਦੀਵਾਨ ਸਜਾਏ ਗਏ ਜਿਨ੍ਹਾਂ ਵਿੱਚ ਗੁਰੂਘਰ ਦੇ ਹਜ਼ੂਰੀ ਰਾਗੀ ਜੱਥਾ ਭਾਈ ਜਸਪਾਲ ਸਿੰਘ, ਭਾਈ ਗੁਰਦੀਪ ਸਿੰਘ, ਭਾਈ ਅਮਰਜੀਤ ਸਿੰਘ ਵੱਲੋਂ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕੀਤਾ ਗਿਆ ਅਤੇ ਭਾਈ ਕ੍ਰਿਸ਼ਨ ਸਿੰਘ ਜੀ ਵਲੋਂ ਕਥਾ ਦੁਆਰਾ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਿਆ ਗਿਆ।

ਇਸ ਮੌਕੇ ਸ੍ਰੀ ਸਤੀਸ਼ ਕੁਮਾਰ ਰੱਲ ਜੀ ਨੇ ਬਹੁਤ ਹੀ ਵਿਸਥਾਰ ਪੂਰਵਕ ਸੰਗਤਾਂ ਨੂੰ ਸੰਤਾਂ ਦੇ ਜੀਵਨ, ਉਦੇਸ਼ ਅਤੇ ਉਨ੍ਹਾਂ ਦੁਆਰਾ ਆਰੰਭੇ ਗਏ ਸਮਾਜ ਸੁਧਾਰ ਦੇ ਮਿਸ਼ਨ ਬਾਰੇ ਜਾਣਕਾਰੀ ਦਿੰਦਿਆਂ ਸੰਤ ਭਗਵਾਨ ਦਾਸ ਜੀ ਨੂੰ ਨਿੱਘੀਆਂ, ਸ਼ਰਧਾ ਅਤੇ ਸਤਿਕਾਰ ਭਰਪੂਰ ਸ਼ਰਧਾਂਜਲੀਆਂ ਭੇਂਟ ਕੀਤੀਆਂ। ਯੂਬਾ ਸਿਟੀ ਤੋਂ ਸ੍ਰੀ ਗੁਰਨਾਮ ਸਿੰਘ ਭੰਡਾਲ ਜੀ ਨੇ ਵੀ ਆਪਣੇ ਸ਼ਬਦਾਂ ਰੂਪੀ ਫੁੱਲਾਂ ਨਾਲ ਸ਼ਰਧਾਂਜਲੀਆਂ ਭੇਂਟ ਕੀਤੀਆਂ। ਸ੍ਰੀ ਰਮੇਸ਼ ਬੰਗੜ ਜੀ ਨੇ ਵੀ ਆਪਣੇ ਸ਼ਬਦਾਂ ਰੂਪੀ ਫੁੱਲਾਂ ਨਾਲ ਸ਼ਰਧਾਂਜਲੀਆਂ ਭੇਂਟ ਕੀਤੀਆਂ ਅਤੇ ਸਮੂੰਹ ਸੰਗਤਾਂ ਦਾ ਧੰਨਵਾਦ ਕੀਤਾ।

----

# ਕੈਪਟਨ ਨੂੰ ਝਟਕਾ: ਛੇ ਸਲਾਹਕਾਰਾਂ ਦੀਆਂ ਨਿਯੁਕਤੀਆਂ ਬਾਰੇ ਸੋਧ ਬਿੱਲ ਵਾਪਸ ਭੇਜਿਆ

ਚੰਡੀਗੜ੍ਹ- ਕੈਪਟਨ ਸਰਕਾਰ ਵਲੋਂ ਛੇ ਵਿਧਾਇਕਾਂ ਦੀਆਂ ਸਲਾਹਕਾਰਾਂ ਵਜੋਂ ਨਿਯੁਕਤੀਆਂ ਸਬੰਧੀ ਸੋਧ ਬਿੱਲ ਰਾਜਪਾਲ ਨੇ ਸਰਕਾਰ ਨੂੰ ਵਾਪਿਸ ਭੇਜ ਦਿੱਤਾ ਹੈ। ਇਸ ਤੋਂ ਪਹਿਲਾਂ ਪੰਜਾਬ ਸਰਕਾਰ ਨੇ ਆਰਡੀਨੈਂਸ ਰਾਹੀ ਸਲਾਹਕਾਰਾਂ ਦੀਆਂ ਨਿਯੁਕਤੀਆਂ ਉੱਤੇ ਰਾਜਪਾਲ ਦੀ ਮੋਹਰ ਲਵਾਉਣ ਦਾ ਯਤਨ ਕੀਤਾ ਸੀ ਪਰ ਉਸ ਵੇਲੇ ਵੀ ਸਫਲਤਾ ਨਹੀਂ ਮਿਲੀ ਸੀ ਕਿਉਂਕਿ ਰਾਜਪਾਲ ਨੇ ਆਰਡੀਨੈਂਸ ਵਾਪਸ ਭੇਜ ਦਿੱਤਾ ਸੀ। ਰਾਜਪਾਲ ਨੇ ਸੂਬਾ ਸਰਕਾਰ ਨੂੰ ਵਾਪਿਸ ਭੇਜੇ ਸੋਧ ਬਿਲ ਸਬੰਧੀ 13 ਮਾਮਲਿਆਂ ਬਾਰੇ ਜਾਣਕਾਰੀ ਮੰਗੀ ਹੈ। ਵਰਨਣਯੋਗ ਹੈ ਕਿ ਪੰਜਾਬ ਸਰਕਾਰ ਨੇ ਪੰਜਾਬ ਰਾਜ ਲੈਜਿਸਲੇਚਰ ਪ੍ਰੀਵੈਨਸ਼ਨ ਆਫ ਡਿਸਕੁਆਲੀਫਿਕੇਸ਼ਨ ਸੋਧ ਬਿਲ 2019 ਰਾਜਪਾਲ ਨੂੰ ਪ੍ਰਵਾਨਗੀ ਲਈ ਭੇਜਿਆ ਸੀ। ਇਹ ਬਿੱਲ ਪੰਜਾਬ ਵਿਧਾਨ ਸਭਾ ਦੇ 6 ਅਤੇ 7 ਨਵੰਬਰ ਨੂੰ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਸਬੰਧੀ ਸੱਦੇ ਵਿਸ਼ੇਸ਼ ਸੈਸ਼ਨ ਵਿੱਚ ਪਾਸ ਕੀਤਾ ਗਿਆ ਸੀ। ਰਾਜਪਾਲ ਨੇ ਬਿੱਲ ਵਾਪਸ ਭੇਜਦਿਆਂ ਰਾਜ ਸਰਕਾਰ ਨੂੰ ਸਲਾਹਕਾਰਾਂ ਦੀਆਂ ਸਿਆਸੀ ਨਿਯੁਕਤੀਆਂ ਸਬੰਧੀ ਸੁਆਲ ਪੁੱਛੇ ਹਨ। ਸਲਾਹਕਾਰਾਂ ਦੀਆਂ ਜ਼ਿੰਮੇਵਾਰੀਆਂ, ਡਿਊਟੀਆਂ, ਸੂਬੇ ਉੱਤੇ ਪੈਣ ਵਾਲੇ ਵਿੱਤੀ ਬੋਝ, ਨਿਯੁਕਤੀਆਂ ਦੀ ਕਾਨੂੰਨੀ ਪੱਖ ਤੋਂ ਜਾਇਜ਼ਤਾ ਅਤੇ ਜੁਆਬਦੇਹੀ ਬਾਰੇ ਪੁੱਛਿਆ ਹੈ। ਵਰਨਣਯੋਗ ਹੈ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਇਸ ਸਾਲ 9 ਸਤੰਬਰ ਨੂੰ ਪੰਜ ਵਿਧਾਇਕਾਂ ਜਿਨ੍ਹਾਂ ਵਿੱਚ ਫਰੀਦਕੋਟ ਤੋਂ ਕੁਸ਼ਲਦੀਪ ਸਿੰਘ ਢਿਲੋਂ, ਗਿੱਦੜਬਾਹਾ ਤੋਂ ਅਮਰਿੰਦਰ ਸਿੰਘ ਰਾਜਾ ਵੜਿੰਗ, ਉੜਮੜ ਤੋਂ ਸੰਗਤ ਸਿੰਘ ਗਿਲਜ਼ੀਆਂ ਅਤੇ ਅੰਮ੍ਰਿਤਸਰ ਤੋਂ ਇੰਦਰਬੀਰ ਸਿੰਘ ਬੁਲਾਰੀਆ ਸ਼ਾਮਲ ਹਨ।

SKY TRANSPORT SOLUTIONS
STRIVE FOR MORE
WE PROVIDE ALL TRUCKING RELATED PERMITS AND SERVICES
ਟਰੱਕਾਂ ਵਾਲਿਆਂ ਵੀਰਾਂ ਦੇ ਲਈ
ਸਕਾਈ ਟਰਾਂਸਪੋਰਟ ਸਾਲਿਊਸ਼ਨ
ਦੀਆਂ ਵਿਸ਼ੇਸ਼ ਸੇਵਾਵਾਂ

SPECIAL BIT INSPECTION AND DOT AUDIT COMPLIANCE:
ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.
NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS FOR OUT OF SERVICE DOT.
SPECIAL DOT COMPLIANCE FOR SAFETY, AUDITS AND RECORD KEEPING.
PLEASE CONTACT US FOR MORE INFORMATION
PHONE: 209-855-6938, FAX: 209-762-6540
Email: skytransportsolution@gmail.com
Give us a chance to provide you best services
2680 N TRACY BLVD, SUITE 4, TRACY, CA 95376

# ਸੀਏਏ/ ਐਨਆਰਸੀ ਦੀ ਵਾਪਸੀ ਲਈ ਬਹੁਜਨ ਕ੍ਰਾਂਤੀ ਮੋਰਚਾ ਅਤੇ ਅਕਾਲੀ ਦਲ (ਅ) ਨੇ ਰੋਸ ਮਾਰਚ ਉਪਰੰਤ ਦਿੱਤਾ ਮੰਗ ਪੱਤਰ

**ਲੁਧਿਆਣਾ–** ਬਹੁਜਨ ਕ੍ਰਾਂਤੀ ਮੋਰਚਾ ਅਤੇ ਅਕਾਲੀ ਦਲ ਅ ਨੇ ਅੱਜ ਕੇਂਦਰ ਸਰਕਾਰ ਵੱਲੋਂ ਬਣਾਏ ਦੋ ਨਵੇਂ ਨਾਗਰਿਕਤਾ ਸੋਧ ਕਾਨੂੰਨ ਅਤੇ ਕੌਮੀ ਦਰਜ ਨਾਗਰਿਕਤਾ ਕਾਨੂੰਨ ਦੀ ਵਾਪਸੀ ਲਈ ਡੀਸੀ ਲੁਧਿਆਣਾ ਰਾਹੀਂ ਦੇਸ਼ ਦੇ ਰਾਸ਼ਟਰਪਤੀ ਨੂੰ ਮੰਗ ਪੱਤਰ ਭੇਜਿਆ ਗਿਆ। ਮੰਗ ਪੱਤਰ ਦੇਣ ਤੋਂ ਪਹਿਲਾਂ ਦੋਵਾਂ ਪਾਰਟੀਆਂ ਤੇ ਆਗੂਆਂ ਅਤੇ ਵਰਕਰਾਂ ਵੱਲੋਂ ਇਹਨਾਂ ਕਾਨੂੰਨਾ ਦੇ ਖਿਲਾਫ ਰੋਸ ਮਾਰਚ ਕਰ ਕੇਂਦਰ ਦੀ ਭਾਜਪਾ ਸਰਕਾਰ ਦਾ ਪਿੱਟ ਸਿਟਾਪਾ ਵੀ ਕੀਤਾ ਗਿਆ। ਮਾਰਚ ਦੀ ਅਗਵਾਈ ਕਰ ਰਹੇ ਬੀਕੇਐਮ ਦੇ ਸੂਬਾ ਜਨਰਲ ਸਕੱਤਰ ਜੋਗਿੰਦਰ ਰਾਏ ਅਤੇ ਅਕਾਲੀ ਦਲ ਅ ਦੇ ਜਿਲਾ ਪ੍ਰਧਾਨ ਜੱਥੇਦਾਰ ਜਸਵੰਤ ਸਿੰਘ ਚੀਮਾ ਨੇ ਕਿਹਾ ਕਿ ਕੇਂਦਰ ਸਰਕਾਰ ਦੁਆਰਾ ਦੋਵੇਂ ਬਿੱਲਾਂ ਨੂੰ ਲਿਆ ਕੇ ਇਹਨਾਂ ਨੂੰ ਕਾਨੂੰਨ ਦਾ ਰੂਪ ਦਿੱਤਾ ਗਿਆ ਹੈ ਉਸ ਵਿੱਚ ਧਰਮ ਦੇ ਅਧਾਰ ਤੇ ਭੇਦਭਾਵ ਕੀਤਾ ਗਿਆ ਹੈ ਜੋ ਸੰਵਿਧਾਨ ਦੀ ਮੂਲ ਭਾਵਨਾ ਦੇ ਖਿਲਾਫ ਹੈ। ਆਰਟੀਕਲ 14 ਦੇ ਤਹਿਤ ਹਰ ਧਰਮ ਦੇ ਲੋਕਾਂ ਨੂੰ ਬਰਾਬਰਤਾ ਦੇ ਨਾਲ ਨਾਲ ਸੁਰੱਖਿਆ ਦਿੱਤੀ ਗਈ ਹੈ ਪਰ ਦੋਵੇਂ ਕਾਨੂੰਨ ਇਸ ਮੌਲਿਕ ਅਧਿਕਾਰਾਂ ਦਾ ਹਨਨ ਕਰਕੇ ਹਨ ਜਿਸ ਕਾਰਨ ਅਸੀਂ ਇਸ ਖਿਲਾਫ ਹਾਂ। ਉਹਨਾਂ ਕਿਹਾ ਕਿ ਇਸ ਸੰਵਿਧਾਨਿਕ ਅਵਾਜ ਨੂੰ ਬੁਲੰਦ ਕਰਨ ਤੇ ਦੇਸ਼ ਦੇ ਵੱਖ ਖੇਤਰਾਂ ਦੇ ਲੋਕਾਂ ਉੱਤੇ ਪੁਲਿਸ ਵੱਲੋਂ ਤਸੱਦਦ ਕੀਤਾ ਗਿਆ, ਝੂਠੇ ਪਰਚੇ ਦਰਜ ਕੀਤੇ ਗਏ ਅਤੇ ਜਾਮੀਆ ਮਿਲੀਆ ਯੂਨੀਵਰਸਿਟੀ ਵਿੱਚ ਜਿਸ ਪ੍ਰਕਾਰ ਵਿਦਿਆਰਥੀਆਂ ਦੀ ਅੰਦਰ ਵੜ ਕੇ ਕੁੱਟਮਾਰ ਕੀਤੀ ਗਈ




ਉਹਨਾਂ ਨੂੰ ਜੇਲਾਂ ਵਿੱਚ ਬੰਦ ਕੀਤਾ ਗਿਆ, ਅਸੀਂ ਉਸ ਦੇ ਵੀ ਖਿਲਾਫ ਹਾਂ।

ਪੁਲਿਸ ਵੱਲੋਂ ਸਾਰੀਆਂ ਹੱਦਾਂ ਪਾਰ ਕਰ ਦਿੱਲੀ ਦੀ ਉਸਨੂੰ ਅਤਿ ਸ਼ਰਮਨਾਕ ਕਾਰਾ ਆਖ ਉਸਦੀ ਨਿੰਦਾ ਕਰਦੀ ਹੈ।

ਆਗੂਆਂ ਨੇ ਕਿਹਾ ਕਿ ਅਸੀਂ ਮੰਗ ਪੱਤਰ ਰਾਹੀਂ ਰਾਸ਼ਟਰਪਤੀ ਤੋਂ ਦੋਵੇਂ ਕਾਨੂੰਨਾਂ ਨੂੰ ਵਾਪਸ ਲੈਣ ਦੀ ਮੰਗ ਕਰਦੇ ਹਾਂ ਅਤੇ ਨਾ ਹੋਣ ਦੀ ਸੂਰਤ ਵਿੱਚ ਅਸੀਂ ਸੰਘਰਸ ਨੂੰ ਹੋਰ ਤਿੱਖਾ ਕਰਾਂਗੇ। ਉਹਨਾਂ ਕਿਹਾ ਕਿ 3 ਜਨਵਰੀ ਨੂੰ ਦੇਸ਼ ਦੇ ਸਾਰੇ ਜਿਲਾ ਹੈਡ ਕੁਆਟਰਾਂ ਉੱਤੇ ਰੈਲੀਆਂ ਕੀਤੀਆਂ ਜਾਣਗੀਆਂ ਅਤੇ 30 ਜਨਵਰੀ ਨੂੰ ਭਾਰਤ ਬੰਦ ਦਾ ਸੱਦਾ ਦਿੱਤਾ ਗਿਆ ਹੈ ਜਿਸਨੂੰ ਸਫਲ ਬਣਾਉਣ ਲਈ ਜਨ ਸੰਪਰਕ ਮੁਹਿੰਮ ਚਲਾਈ ਜਾਵੇਗੀ ਤੇ ਹਰ ਭਾਰਤੀ ਤੱਕ ਸੰਦੇਸ਼ ਪਹੁੰਚਾਇਆ ਜਾਵੇਗਾ ਕਿ ਅੱਜ ਮੁਸਲਮਾਨਾਂ ਨਾਲ ਅਜਿਹਾ ਕੀਤਾ ਜਾ ਰਿਹਾ ਹੈ ਕੱਲ ਨੂੰ ਸਾਡੇ ਨਾਲ ਵੀ ਅਜਿਹਾ ਕੀਤਾ ਜਾਵੇਗਾ। ਆਗੂਆਂ ਨੇ ਕਿਹਾ ਕਿ ਆਰ ਐਸ ਐਸ ਦਾ ਭਾਰਤ ਨੂੰ ਹਿੰਦੂ ਰਾਸ਼ਟਰ ਬਣਾਉਣ ਦਾ ਸੁਪਨਾ ਭਾਰਤ ਦੇ ਮੂਲਨਿਵਾਸੀ ਪੂਰਾ ਨਹੀਂ ਹੋਣ ਦੇਣਗੇ।

ਉਹਨਾਂ ਕਿਹਾ ਕਿ ਆਰੀਅਨ ਖੁਦ ਵਿਦੇਸ਼ੀ ਹੈ ਅਤੇ ਉਹ ਭਾਰਤ ਦੇ ਮੂਲਨਿਵਾਸੀਆਂ ਤੇ ਕਾਲੇ ਕਾਨੂੰਨ ਬਣਾ ਰਿਹਾ ਹੈ ਜੋ ਹੁਣ ਬਰਦਾਸ਼ਤ ਨਹੀਂ ਕੀਤੇ ਜਾਣਗੇ। ਇਸ ਮੌਕੇ ਰਾਮ ਸਿੰਘ ਦੀਪਕ, ਹਰਬੰਸ ਸਿੰਘ ਗਿੱਲ, ਮਨਜੀਤ ਸਿੰਘ ਬੱਦੋਵਾਲ, ਮਨਜੀਤ ਸਿੰਘ ਸਿਆਲਕੋਟੀ, ਬਾਬਾ ਦਰਸ਼ਨ ਸਿੰਘ, ਜੱਥੇਦਾਰ ਮੋਹਣ ਸਿੰਘ, ਸਵਰਨ ਸਿੰਘ, ਮੋਹਣ ਸਿੰਘ, ਬਲਦੇਵ ਸਿੰਘ ਸੇਠੀ, ਰੋਸ਼ਨ ਸਿੰਘ ਸਾਗਰ, ਪੀ ਐਲ ਸੋਹਲ, ਜਤਿੰਦਰ ਸਿੰਘ ਮਹਿਲਕਲਾਂ ਅਤੇ ਹੋਰ ਹਾਜਰ ਸਨ।

# ਡਾ. ਅੰਬੇਡਕਰ ਭਵਨ ਚੈਰੀਟੇਬਲ ਰਿਲੀਜਸ ਟਰੱਸਟ ਨਵਾਂਸ਼ਹਿਰ ਦੀ ਹੋਈ ਚੋਣ, ਗੋਪਾਲ ਕ੍ਰਿਸ਼ਨ ਬਣੇ ਪ੍ਰਧਾਨ







**ਜਲੰਧਰ–** ਡਾ. ਅੰਬੇਡਕਰ ਭਵਨ ਚੈਰੀਟੇਬਲ ਰਿਲਿਜਸ ਟਰੱਸਟ , ਨਵਾਂਸ਼ਹਿਰ ਦੀ ਜਨਰਲ ਬਾਡੀ ਦੀ ਮੀਟਿੰਗ ਟਰੱਸਟ ਦੇ ਪ੍ਰਧਾਨ ਸੋਹਨ ਸਿੰਘ ਦੀ ਪ੍ਰਧਾਨਗੀ ਹੇਠ ਹੋਈ. ਮੀਟਿੰਗ ਵਿਚ ਪਿਛਲੇ ਦੋ ਸਾਲਾਂ ਦੀ ਕਾਰਗੁਜਾਰੀ ਅਤੇ ਜਮ੍ਹਾ ਖਰਚ ਦੀ ਰਿਪੋਰਟ ਪੜ੍ਹਨ ਤੋਂ ਬਾਅਦ ਇਸ ਟਰੱਸਟ ਦੇ ਫਾਊਂਡਰ ਟਰੱਸਟੀ, ਉੱਘੇ ਅੰਬੇਡਕਰਵਾਦੀ ਤੇ ਭੀਮ ਪਤ੍ਰਿਕਾ ਦੇ ਸੰਪਾਦਕ ਸ਼੍ਰੀ ਲਾਹੌਰੀ ਰਾਮ ਬਾਲੀ ਨੂੰ ਟਰੱਸਟ ਦੀ ਨਵੀਂ ਕਮੇਟੀ ਦੀ ਚੋਣ ਕਰਾਉਣ ਵਾਸਤੇ ਚੋਣ ਆਬਜ਼ਰਵਰ ਨਿਯੁਕਤ ਕੀਤਾ ਗਿਆ। ਮੌਜੂਦਾ ਕਮੇਟੀ ਭੰਗ ਕੀਤੀ ਗਈ ਅਤੇ ਟਰੱਸਟ ਦੀ ਨਵੀਂ ਕਮੇਟੀ ਦੀ ਚੋਣ ਕਰਾਉਣ ਦੀ ਜਿੰਮੇਦਾਰੀ ਸ਼੍ਰੀ ਲਾਹੌਰੀ ਰਾਮ ਬਾਲੀ ਨੇ ਸੰਭਾਲੀ. ਇਹ ਜਾਣਕਾਰੀ ਆਲ ਇੰਡੀਆ ਸਮਤਾ ਸੈਨਿਕ ਦਲ (ਰਜਿ.) ਦੇ ਜਨਰਲ ਸਕੱਤਰ ਬਲਦੇਵ ਰਾਜ ਭਾਰਦਵਾਜ ਨੇ ਇਕ ਪ੍ਰੈਸ ਬਿਆਨ ਜਾਰੀ ਕਰਕੇ ਦਿੱਤੀ। ਬਲਦੇਵ ਭਾਰਦਵਾਜ ਨੇ ਕਿਹਾ ਕਿ ਚੋਣ ਵਿਚ ਪ੍ਰਧਾਨ-ਗੋਪਾਲ ਕ੍ਰਿਸ਼ਨ, ਸੀਨੀਅਰ ਵਾਈਸ ਪ੍ਰਧਾਨ-ਦਿਲਬਾਗ ਸਿੰਘ, ਮੀਤ ਪ੍ਰਧਾਨ-ਬੰਸੀ ਲਾਲ, ਸਕੱਤਰ-ਸਤੀਸ਼ ਕੁਮਾਰ, ਕੈਸ਼ੀਅਰ-ਹਰੀ ਕਿਸ਼ਨ, ਜੁਐਂਟ ਸਕੱਤਰ- ਬੀਰਬਲ ਤੱਖੀ, ਪ੍ਰਚਾਰ ਸਕੱਤਰ- ਮਨੋਹਰ ਲਾਲ ਬਾਲੀ, ਸਲਾਹਕਾਰ- ਸੋਹਨ ਸਿੰਘ, ਸੁਲੇਮ ਪੂਰੀ, ਪ੍ਰੇਮ ਮਲਹੋਤਰਾ, ਚੇਤ ਰਾਮ ਰਤਨ ਸਰਬਸੰਮਤੀ ਨਾਲ ਅਗਲੇ ਦੋ ਸਾਲਾਂ ਲਈ ਚੁਣੇ ਗਏ।

ਇਸ ਚੋਣ ਪ੍ਰਕਿਰਿਆ ’ਚ ਉਪਰੋਕਤ ਮੇਮ੍ਬਰਾਂ ਤੋਂ ਅਲਾਵਾ ਓ.ਪ. ਲਾਖਾ, ਜੈ ਦੇਵ ਗੋਗਾ, ਸੋਹਨ ਲਾਲ ਦੀਵਾਨਾ, ਡਾ. ਐਲ. ਆਰ. ਬੱਧਣ , ਦੇਵ ਰਾਜ, ਰਾਮ ਸਰੂਪ ਸਹਿਜਲ, ਹੁਸਨ ਲਾਲ, ਪ੍ਰਦੀਪ ਨਾਹਰ, ਕੇਸਰ ਨਾਹਰ, ਮੈਡਮ ਸੋਮਾ ਸਬਲੋਕ, ਰਮੇਸ਼ ਰਾਣੀ ਅਤੇ ਸੰਤੋਸ਼ ਨੇ ਭਾਗ ਲਿਆ।

ਬਲਦੇਵ ਰਾਜ ਭਾਰਦਵਾਜ ਨੇ ਅੱਗੇ ਕਿਹਾ ਕਿ ਮੀਟਿੰਗ ਦੌਰਾਨ ਪੂਰੇ ਹਾਊਸ ਨੇ ਪ੍ਰਵਾਨ ਕੀਤਾ ਕਿ ਟਰੱਸਟ ਵਿਚ ਨਵੀਂ ਮੈਂਬਰਸ਼ਿਪ ਨਾ ਵਧਾਈ ਜਾਵੇ ਸਗੋਂ ਮੌਜੂਦਾ ਮੈਂਬਰਾਂ ਨੂੰ ਉਤਸਾਹਿਤ ਕਰਕੇ ਅੰਬੇਡਕਰ ਮਿਸ਼ਨ ਦੀ ਪੂਰਤੀ ਅਤੇ ਟਰੱਸਟ ਦੀ ਤਰੱਕੀ ਲਈ ਕੰਮ ਕੀਤਾ ਜਾਵੇ. ਜਲੰਧਰ ਤੋਂ ਅੰਬੇਡਕਰ ਮਿਸ਼ਨ ਸੋਸਾਇਟੀ ਦੇ ਜਨਰਲ ਸਕੱਤਰ ਵਰਿੰਦਰ ਕੁਮਾਰ ਅਤੇ ਆਲ ਇੰਡੀਆ ਸਮੇਤ ਸੈਨਿਕ ਦਲ ਪੰਜਾਬ ਯੂਨਿਟ ਦੇ ਜਨਰਲ ਸਕੱਤਰ ਬਲਦੇਵ ਰਾਜ ਭਾਰਦਵਾਜ ਵਿਸ਼ੇਸ਼ ਤੌਰ ‘ਤੇ ਪਹੁੰਚੇ ਅਤੇ ਟਰੱਸਟ ਦੀ ਨਵੀਂ ਚੁਣੀ ਹੋਈ ਕਮੇਟੀ ਨੂੰ ਮੁਬਾਰਕਬਾਦ ਦਿੱਤੀ. ਸ਼੍ਰੀ ਲਾਹੌਰੀ ਰਾਮ ਬਾਲੀ ਨੇ ਟਰੱਸਟ ਦੇ ਮੈਂਬਰਾਂ ਦਾ ਅੰਬੇਡਕਰ ਮਿਸ਼ਨ ਦੇ ਪ੍ਰਚਾਰ ਦਾ ਕੰਮ ਕਰਨ ਤੇ ਦਸਵੀਂ ਤੱਕ ਅੰਬੇਡਕਰ ਮਾਡਲ ਸਕੂਲ ਚਲਾਉਣ ਵਾਸਤੇ ਵਧੀਆ ਪ੍ਰਬੰਧ ਲਈ ਧੰਨਵਾਦ ਕੀਤਾ ਅਤੇ ਉਨ੍ਹਾਂ ਨੂੰ ਹੋਰ ਵਧੀਆ ਢੰਗ ਨਾਲ ਸਮਾਜ ਸੇਵਾ ਕਰਨ ਵਾਸਤੇ ਅਸ਼ੀਰਵਾਦ ਵੀ ਦਿੱਤਾ।

# ਨਾਗਰਿਕਤਾ ਸੋਧ ਨੂੰ ਲੈ ਕੇ ਬਸਪਾ ਹੁਸਿਆਰਪੁਰ ਨੇ ਫੂਕਿਆਂ ਕੇਂਦਰ ਦੀ ਭਾਜਪਾ ਸਰਕਾਰ ਦਾ ਪੁਤਲਾ





**ਹੁਸਿਆਰਪੁਰ (ਅਮਰਜੀਤ ਭੱਟੀ)–** ਬਹੁਜਨ ਸਮਾਜ ਪਾਰਟੀ ਹੁਸਿਆਰਪੁਰ ਵੱਲੋਂ ਨਾਗਰਿਕਤਾ ਸੋਧ ਐਕਟ ( ਸੀ ਏ ਏ ) ਤੇ ਰਾਸ਼ਟਰੀ ਨਾਗਰਿਕਤਾ ਰਜਿਸਟਰ ( ਐਨ ਸੀ ਆਰ ) ਜੋ ਕਿ ਕੇਂਦਰ ਦੀ ਭਾਜਪਾ ਸਰਕਾਰ ਵੱਲੋਂ ਲਾਗੂ ਕੀਤਾ ਜਾਂ ਰਿਹਾ ਹੈ ਇਸ ਦੇ ਵਿਰੋਧ ਚ ਬਸਪਾ ਹੁਸਿਆਰਪੁਰ ਟੀਮ ਵੱਲੋਂ ਡਿਪਟੀ ਕਮਿਸ਼ਨਰ ਰਾਹੀਂ ਗਵਰਨਰ ਪੰਜਾਬ ਨੂੰ ਮੈਮੋਰੰਡਮ ਭੇਜਿਆ ਗਿਆ ਤੇ ਬਸਪਾ ਆਗੂਆਂ ਨੇ ਕਿਹਾ ਕਿ ਕੇਂਦਰ ਦੀ ਭਾਜਪਾ ਸਰਕਾਰ ਦੇ ਉਕਤ ਫੈਸਲੇ ਦੇ ਲਾਗੂ ਹੋਣ ਨਾਲ ਧਾਰਮਕ ਘੱਟ ਗਿਣਤੀ ਸਮਾਜ ਤੇ ਬਹੁਜਨ ਸਮਾਜ ਨੂੰ ਕਾਫੀ ਠੇਸ ਪਹੁੰਚੀ ਏ ਤੇ ਕੇਂਦਰ ਦੀ ਭਾਜਪਾ ਸਰਕਾਰ ਉਕਤ ਫੈਸਲੇ ਵਿਰੁੱਧ ਅੱਜ ਸਾਂਤੀਪੂਰਨ ਢੰਗ ਨਾਲ ਪੰਜਾਬ ਭਰ ਚ ਵੱਖ ਵੱਖ ਥਾਵਾਂ ਤੇ ਰੋਸ ਪ੍ਰਦਰਸ਼ਨ ਹੋ ਰਹੇ ਨੇ ਤੇ ਕੇਂਦਰ ਦੀ ਭਾਜਪਾ ਸਰਕਾਰ ਭਾਰਤੀ ਲੋਕਾਂ ਤੇ ਲਾਠੀਚਾਰਜ , ਝੂਠੇ ਪਰਚੇ ਦਰਜ ਕਰ ਰਹੀ ਹੈ ਬਸਪਾ ਜ਼ੋਰਦਾਰ ਨਿੰਦਾ ਕਰਦੀ ਹੈ ਬਸਪਾ ਹੁਸਿਆਰਪੁਰ ਆਗੂਆਂ ਨੇ ਰਾਜਪਾਲ ਪੰਜਾਬ ਨੂੰ ਅਪੀਲ ਕੀਤੀ ਕਿ ਕੇਂਦਰ ਦੀ ਭਾਜਪਾ ਸਰਕਾਰ ਨਾਗਰਿਕਤਾ ਸੋਧ ਐਕਟ ਐਨ ਸੀ ਆਰ ਨੂੰ ਤੁਰੰਤ ਵਾਪਸ ਲਿਆ ਜਾਵੇ ਇਸ ਮੇਕੇ ਬਸਪਾ ਹੁਸਿਆਰਪੁਰ ਆਗੂਆਂ ਨੇ ਕੇਂਦਰ ਦੀ ਭਾਜਪਾ ਸਰਕਾਰ ਦਾ ਬਾਬਾ ਸਾਹਿਬ ਚੌਕ ਬਸ ਸਟੈਂਡ ਹੁਸਿਆਰਪੁਰ ਵਿਖੇ ਪੁਤਲਾ ਵੀ ਫੂਕਿਆਂ ਇਸ ਮੋਕੇ ਤੇ ਜਿਲ੍ਹਾ ਪ੍ਰਧਾਨ ਪਸ਼ੋਤਮ ਆਹੀਰ ਹੁਸ਼ਿਆਰਪੁਰ, ਸੂਬਾ ਜਨਰਲ ਸਕਤਰ ਠੇਕੇਦਾਰ ਭਗਵਾਨ ਦਾਸ ਸਿੱਧੂ, ਉੰਕਾਰ ਸਿੰਘ ਝੰਮਟ ਜੋਨ ਇੰਨਚਾਰ ਹੁਸਿਆਰਪੁਰ, ਅਮਰਜੀਤ ਭੱਟੀ ਸੀਨੀਅਰ ਆਗੂ ਬਸਪਾ ਹੁਸਿਆਰਪੁਰ, ਸੁਖਦੇਵ ਬਿੱਟਾ, ਮਨਦੀਪ ਕਲਸੀ ਜੋਨ ਇੰਨਚਾਰ, ਬਿੰਦਰ ਸਰੋਆ, ਨਰਿੰਦਰ ਖਨੌੜਾ, ਦਿਨੇਸ਼ ਪੱਪੂ, ਵਿਕਾਸ ਹੰਸ, ਮਦਨ ਬੈਂਸ, ਸਤਪਾਲ ਭਾਰਦਵਾਲ, ਹਰਜੀਤ ਲਾਡੀ, ਨਿਸ਼ਾਨ ਚੋਧਰੀ, ਹਰਦੀਪ ਹਰੀ, ਦਰਸ਼ਨ ਲੱਧੜ, ਜਗਮੋਹਨ ਸੱਜਣਾਂ, ਸੋਢੀ ਖਾਨਪੁਰੀ, ਕਮਲਜੀਤ ਦਰਦੀ, ਰਣਜੀਤ ਬਬਲੂ, ਮਨੀਸ ਕੁਮਾਰ, ਲੱਕੀ ਬਜਵਾੜਾ, ਭਾਗ ਰਾਮ, ਸੁਖਵਿੰਦਰ ਮੈਮੋਵਾਲ,ਆਦਿ ਬਸਪਾ ਆਗੂ ਹਾਜਰ ਸਨ।

# ‘ਭਾਰਤੀ ਸੰਵਿਧਾਨ ਅਤੇ ਤਰਕਸ਼ੀਲਤਾ’ ਵਿਸ਼ੇ ਤੇ ਅੰਬੇਡਕਰ ਭਵਨ ਵਿਖੇ ਵਿਚਾਰ ਗੋਸ਼ਠੀ 29 ਨੂੰ

**ਜਲੰਧਰ–** ਅੰਬੇਡਕਰ ਮਿਸ਼ਨ ਸੋਸਾਇਟੀ ਪੰਜਾਬ (ਰਜਿ.) ਦੀ ਕਾਰਜਕਾਰਨੀ ਕਮੇਟੀ ਦੀ ਮੀਟਿੰਗ ਸੋਸਾਇਟੀ ਦੀ ਪ੍ਰਧਾਨ ਮੈਡਮ ਸੁਦੇਸ਼ ਕਲਿਆਣ ਦੀ ਪ੍ਰਧਾਨਗੀ ਹੇਠ ਪਿੱਛਲੇ ਦਿਨੀਂ ਅੰਬੇਡਕਰ ਭਵਨ ਜਲੰਧਰ ਵਿਖੇ ਹੋਈ। ਮੀਟਿੰਗ ਵਿਚ ਵਿਚਾਰ-ਗੋਸ਼ਠੀਆਂ ਦੀ ਲੜੀ ਵਿਚ ਅਗਲੀ ਵਿਚਾਰ-ਗੋਸ਼ਠੀ ਸੰਵਿਧਾਨ ਦਿਵਸ ਦੇ ਸੰਬੰਧ ਵਿਚ 29 ਦਿਸੰਬਰ (ਐਤਵਾਰ) ਨੂੰ ਸਵੇਰੇ 10.00 ਵਜੇ ਅੰਬੇਡਕਰ ਭਵਨ, ਡਾ. ਅੰਬੇਡਕਰ ਰੋਡ, ਜਲੰਧਰ ਵਿਖੇ ਆਯੋਜਿਤ ਕਰਨ ਦਾ ਫੈਸਲਾ ਕੀਤਾ ਗਿਆ। ਵਿਚਾਰ-ਗੋਸ਼ਠੀ ਦੇ ਮੁੱਖ ਬੁਲਾਰੇ ਉੱਘੇ ਅੰਬੇਡਕਰਵਾਦੀ ਅਤੇ ਭੀਮ ਪਤ੍ਰਿਕਾ ਦੇ ਸੰਪਾਦਕ ਲਾਹੌਰੀ ਰਾਮ ਬਾਲੀ ਹੋਣਗੇ। ਵਿਚਾਰ-ਗੋਸ਼ਠੀ ਚ ’ਭਾਰਤੀ ਸੰਵਿਧਾਨ ਅਤੇ ਤਰਕਸ਼ੀਲਤਾ’ ਵਿਸ਼ੇ ਤੇ ਚਰਚਾ ਹੋਵੇਗੀ। ਇਹ ਜਾਣਕਾਰੀ ਸੋਸਾਇਟੀ ਦੇ ਜਨਰਲ ਸਕੱਤਰ ਵਰਿੰਦਰ ਕੁਮਾਰ ਨੇ ਇੱਕ ਪ੍ਰੈਸ ਬਿਆਨ ਵਿਚ ਦਿਤੀ. ਵਰਿੰਦਰ ਕੁਮਾਰ ਨੇ ਕਿਹਾ ਕਿ ਕਾਨੂੰਨ ਦੇ ਨਜ਼ਰੀਏ ਤੋਂ ਭਾਰਤ ਦਾ ਸੰਵਿਧਾਨ ਦੁਨੀਆ ਦਾ ਸਭ ਤੋਂ ਉਤਮ ਸੰਵਿਧਾਨ ਮੰਨਿਆ ਜਾਂਦਾ ਹੈ। ਵਰਿੰਦਰ ਕੁਮਾਰ ਨੇ ਅੱਗੇ ਕਿਹਾ ਕਿ ਸ਼੍ਰੀ ਬਾਲੀ ਜੀ ਦੁਆਰਾ ਵਿਚਾਰ-ਗੋਸ਼ਠੀ ਨਾਲ ਸੰਬੰਧਤ ਸਵਾਲਾਂ ਦੇ ਜਬਾਵ ਦਿੱਤੇ ਜਾਣਗੇ। ਸਾਰੇ ਵਿਚਾਰਸ਼ੀਲ ਸਾਥੀਆਂ ਨੂੰ ਇਸ ਵਿਚਾਰ ਗੋਸ਼ਠੀ ਵਿਚ ਸ਼ਾਮਲ ਹੋ ਕੇ ਲਾਭ ਉਠਾਉਣਾ ਚਾਹੀਦਾ ਹੈ। ਇਸ ਮੌਕੇ ਵਰਿੰਦਰ ਕੁਮਾਰ, ਬਲਦੇਵ ਰਾਜ ਭਾਰਦਵਾਜ, ਤਿਲਕ ਰਾਜ, ਲਾਹੌਰੀ ਰਾਮ ਬਾਲੀ, ਐਡਵੋਕੇਟ ਕੁਲਦੀਪ ਭੱਟੀ, ਜਸਵਿੰਦਰ ਵਰਿਆਣਾ ਅਤੇ ਨਿਰਮਲ ਬਿੰਜੀ ਹਾਜਰ ਸਨ।



# ਸੀਏਏ ਅਤੇ ਐਨਆਰਸੀ ਵਰਗੇ ਤੁਗਲਕੀ ਫਰਮਾਨ ਵਾਪਸ ਲਵੇ ਸਰਕਾਰ - ਸਮਤਾ ਸੈਨਿਕ ਦਲ

**ਜਲੰਧਰ–** ਆਲ ਇੰਡੀਆ ਸਮਤਾ ਸੈਨਿਕ ਦਲ (ਰਜਿ.), ਪੰਜਾਬ ਇਕਾਈ ਦੇ ਸੂਬਾ ਪ੍ਰਧਾਨ ਜਸਵਿੰਦਰ ਵਰਿਆਣਾ ਨੇ ਇੱਕ ਪ੍ਰੈਸ ਬਿਆਨ ਵਿੱਚ ਕਿਹਾ ਕਿ ਸੰਸਦ ਵਿੱਚ ਭਾਰਤ ਦੇ ਗ੍ਰਹਿ ਮੰਤਰੀ ਅਮਿਤ ਸ਼ਾਹ ਦਾ ਬਿਆਨ ਹੈ ਕਿ ’’ ਨਾਗਰਿਕ ਸੰਸ਼ੋਧਨ ਤੋਂ ਬਾਅਦ, ਸਰਕਾਰ 2024 ਤੱਕ ਰਾਸ਼ਟਰ ਐਨਆਰਸੀ ਪੂਰਾ ਕਰ ਲਵੇਗੀ’, ਨੇ ਪੂਰੇ ਦੇਸ਼ ਵਿਚ ਇੰਨੀ ਬੇ-ਚੈਨੀ ਪੈਦਾ ਕਰ ਦਿੱਤੀ ਹੈ ਕਿ ਬਹੁਤ ਸਾਰੇ ਲੋਕ ਮਾਰੇ ਗਏ ਹਨ ਅਤੇ ਦੇਸ਼ ਭਰ ਵਿਚ ਪ੍ਰਦਰਸ਼ਨ ਹੋ ਰਹੇ ਹਨ। ਬਹੁਤ ਸਾਰਾ ਖ਼ੂਨ ਖ਼ਰਾਬਾ ਹੋਣ ਤੋਂ ਬਾਅਦ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਇਹ ਕਹਿਣ ਲਈ ਮਜਬੂਰ ਹੋਣਾ ਪਿਆ ਕਿ ਨਾ ਤਾਂ ਕੇਂਦਰੀ ਮੰਤਰੀ ਮੰਡਲ ਅਤੇ ਨਾ ਹੀ ਸੰਸਦ ਨੇ ਐਨਆਰਸੀ ਬਾਰੇ ਕੋਈ ਫੈਸਲਾ ਲਿਆ ਹੈ। ਸਚਾਈ ਇਹ ਹੈ ਕਿ ਇਹ ਇਕ ਦੋਗਲੀ ਨੀਤੀ ਹੈ ਜਿਸ ’ਤੇ ਦੇਸ਼ ਦੇ ਲੋਕਾਂ ਨੂੰ ਭਰੋਸਾ ਨਹੀਂ ਹੈ।



ਵਰਿਆਣਾ ਨੇ ਕਿਹਾ ਕਿ ਸਰਕਾਰ ਦੇ ਦੋਵੇਂ ਕਦਮ ਅਰਥਾਤ ਸੀਏਏ ਅਤੇ ਐਨਆਰਸੀ ਸੰਵਿਧਾਨ ਦੀ ਪ੍ਰਸਤਾਵਨਾ ਅਤੇ ਖ਼ਾਸਕਰ ਸੰਵਿਧਾਨ ਦੇ ਅਨੁਛੇਦ 14 ਅਤੇ 15 ਦਾ ਪੂਰੀ ਤਰ੍ਹਾਂ ਵਿਰੋਧ ਹੈ। ਐਨਆਰਸੀ ਘੱਟ ਗਿਣਤੀਆਂ ਲਈ ਇੱਕ ਗਹਿਰਾ ਸੰਕਟ ਅਤੇ ਮੁਸੀਬਤ ਪੈਦਾ ਕਰੇਗੀ, ਖ਼ਾਸਕਰ ਉਨ੍ਹਾਂ ਗਰੀਬਾਂ ਲਈ ਜਿਨ੍ਹਾਂ ਕੋਲ ਆਪਣੀ ਨਾਗਰਿਕਤਾ ਸਾਬਤ ਕਰਨ ਲਈ ਕੋਈ ਸਬੂਤ ਨਹੀਂ ਹੋਵੇਗਾ।

ਵਰਿਆਣਾ ਨੇ ਅੱਗੇ ਕਿਹਾ ਕਿ ਦੇਸ਼ ਵਿੱਤੀ ਸੰਕਟ ਵਿੱਚ ਬੁਰੀ ਤਰ੍ਹਾਂ ਨਾਲ ਬੁਰੀ ਤਰ੍ਹਾਂ ਡੁੱਬਿਆ ਹੋਇਆ ਹੈ। ਇਸ ਨਾਲ ਬੇਰੁਜ਼ਗਾਰੀ ਅਤੇ ਲੱਕ ਤੋੜ ਮਹਿੰਗਾਈ ਨੇ ਲੋਕਾਂ ਨੂੰ ਨਿਰਾਸ਼ਾ ਵਿੱਚ ਪਾ ਦਿੱਤਾ ਹੈ। ਨੌਜਵਾਨ ਵਰਗ ਬੇਰੁਜ਼ਗਾਰੀ ਕਾਰਣ ਖੁਦਕੁਸ਼ੀਆਂ ਤਕ ਕਰਨ ਲਈ ਮਜਬੂਰ ਹੋ ਗਿਆ ਹੈ। ਸਰਕਾਰ ਦੇਸ਼ ਦੀ ਮੌਜੂਦਾ ਸਮੱਸਿਆਵਾਂ ਨੂੰ ਹੱਲ ਕਰਨ ਦੀ ਬਜਾਏ ਆਪਣੀ ਸਾਰੀ ਤਾਕਤ ਸੀਏਏ ਅਤੇ ਐਨਆਰਸੀ ਵਰਗੀਆਂ ਤੁਗਲਕੀ ਯੋਜਨਾਵਾਂ ’ਤੇ ਖਰਚ ਕਰ ਰਹੀ ਹੈ। ਸਰਕਾਰ ਦੀਆਂ ਨੀਤੀਆਂ ਨਾਲ ਸਾਡੀ ਵਿਸ਼ਵਵਿਆਪੀ ਦੇਸ਼ ਦੀ ਸਾਖ ਨੂੰ ਬੁਰੀ ਤਰ੍ਹਾਂ ਧੱਕਾ ਲੱਗਾ ਹੈ। ਆਲ ਇੰਡੀਆ ਸਮਤਾ ਸੈਨਿਕ ਦਲ ਮੰਗ ਕਰਦਾ ਹੈ ਕਿ ਸਰਕਾਰ ਇਹ ਘੋਸ਼ਣਾ ਕਰੇ ਕਿ ਸੀਏਏ ਅਤੇ ਐਨਆਰਸੀ ਕਦੇ ਲਾਗੂ ਨਹੀਂ ਹੋਏਗੀ ਅਤੇ ਦੇਸ਼ ਦੀਆਂ ਧਾਰਮਿਕ ਘੱਟ ਗਿਣਤੀਆਂ ਨਾਲ ਕੋਈ ਵਿਤਕਰਾ ਨਹੀਂ ਹੋਵੇਗਾ। ਇਸ ਮੌਕੇ ਵਰਿੰਦਰ ਕੁਮਾਰ, ਐਡਵੋਕੇਟ ਕੁਲਦੀਪ ਭੱਟੀ, ਬਲਦੇਵ ਰਾਜ ਭਾਰਦਵਾਜ, ਤਿਲਕ ਰਾਜ, ਚਮਨ ਲਾਲ ਅਤੇ ਹੋਰ ਹਾਜ਼ਰ ਸਨ।

# ਕ੍ਰਿਸਮਸ: ਈਸਾ ਦਾ ਜਨਮ ਦਿਨ ਜਾਂ ਮੌਸਮੀ ਮੇਲਾ

ਮੁਹਿੰਦਰ ਸਿੰਘ ਘੱਗ
(530) 695-1318




ਕ੍ਰਿਸਮਸ ਸੰਸਾਰ ਵਿਚ ਸਭ ਨਾਲੋਂ ਮਹਿੰਗਾ ਅਤੇ ਸਭ ਨਾਲੋਂ ਵੱਡੇ ਪੱਧਰ ਤੇ ਮਨਾਏ ਜਾਣ ਵਾਲਾ ਮੇਲਾ ਹੋਣ ਦੇ ਨਾਲ ਨਾਲ ਕਈ ਦਫਾ ਵਿਵਾਦਾਂ ਦੇ ਘੇਰੇ ਵਿਚ ਵੀ ਆ ਜਾਂਦਾ ਹੈ। ਸੰਨ 2005 ਵਿਚ ਬਹੁਤ ਸਾਰੇ ਲੋਕਾਂ ਦੇ ਦਬਾਅ ਥੱਲੇ ਵਾਲਮਾਰਟ ਅਤੇ ਹੋਰ ਸਟੋਰਾਂ ਨੇ ਆਪਣੇ ਸਟੋਰਾਂ ਤੇ ਕ੍ਰਿਸਮਸ ਦਾ ਬੈਨਰ ਲਾਉਣ ਦੀ ਬਜਾਏ ਹੈਪੀ ਹੋਲੀਡੇ ਦੇ ਬੈਨਰ ਲਟਕਾਏ ਤਾਂ ਕ੍ਰਿਸਚੀਅਨ ਭਾਈਚਾਰੇ ਨੇ ਰੋਸ ਵਜੋਂ ਸਟੋਰਾਂ ਨੂੰ ਪੱਤਰ ਲਿਖੇ। ਅਖਬਾਰਾਂ ਰਾਹੀਂ ਰੋਸ ਪ੍ਰਗਟ ਕੀਤਾ। ਸਟੋਰਾਂ ਦਾ ਬਾਈਕਾਟ ਕੀਤਾ, ਜਿਸ ਨਾਲ ਸਟੋਰਾਂ ਦੀ ਸੇਲ ਨੂੰ ਫਰਕ ਪਿਆ।

ਵਿਉਪਾਰੀ ਤਬਕਾ ਤਾਂ 'ਸੇਲ ਬੋਟ' ਦੀ ਨਿਆਈਂ ਹੁੰਦਾ ਹੈ। ਆਪਣੀ ਜੇਬ ਖਾਤਰ ਉਹ ਹਵਾ ਦੇ ਬਦਲਦੇ ਰੁਖ ਨਾਲ ਆਪਣੀ ਦਿਸ਼ਾ ਬਦਲ ਲੈਂਦਾ ਹੈ। ਵਕਤ ਦੀ ਨਜ਼ਾਕਤ ਨੂੰ ਸਮਝਦਿਆਂ ਸੰਨ 2006 ਤੋਂ ਹੀ ਹੋਲੀਡੇਜ਼ ਦੇ ਬੈਨਰ ਮੈਰੀ ਕ੍ਰਿਸਮਸ ਵਿਚ ਬਦਲ ਗਏ ਅਤੇ ਸਟੋਰ ਦੇ ਅੰਦਰ ਜਾਂਦਿਆਂ ਹੀ 'ਜਿੰਗਲ ਬੈਲ, ਜਿੰਗਲ ਬੈਲ' ਦੀਆਂ ਧੁਨਾਂ ਗਾਹਕਾਂ ਦਾ ਸਵਾਗਤ ਕਰਨ ਲੱਗ ਪਈਆਂ।

### ਕ੍ਰਿਸਮਸ ਇਕ ਮੌਸਮੀ ਮੇਲਾ

ਕ੍ਰਿਸਮਿਸ ਇਕ ਮੌਸਮੀ ਮੇਲਾ ਹੈ ਇਸ ਦਾ ਸਬੰਧ ਸੂਰਜ ਨਾਲ ਹੈ। ਜਦ ਬਾਕੀ ਮੇਲਿਆਂ ਵਾਂਗ ਇਸ 'ਤੇ ਵੀ ਧਰਮ ਨੇ ਚਾਦਰ ਪਾ ਲਈ ਤਾਂ ਕ੍ਰਿਸਚੀਅਨ ਭਾਈਚਾਰਾ ਇਸ ਮੌਸਮੀ ਮੇਲੇ ਨੂੰ ਈਸਾ ਦੇ ਜਨਮ ਦਿਨ ਵਜੋਂ ਮਨਾਉਣ ਲੱਗਾ। ਹੌਲੀ ਹੌਲੀ ਕ੍ਰਿਸਚੀਅਨ ਭਾਈਚਾਰਾ ਇੱਡਾ ਹਾਵੀ ਹੋ ਗਿਆ ਕਿ ਇਸ ਮੇਲੇ ਦੀ ਅਸਲ ਹੋਂਦ ਧੁੰਦਲੀ ਹੋ ਗਈ। ਇਤਿਹਾਸ ਗਵਾਹ ਹੈ ਕਿ ਤਾਕਤਵਰ ਹਮੇਸ਼ਾ ਹੀ ਇਤਿਹਾਸ ਨੂੰ ਆਪਣੀ ਮਰਜ਼ੀ ਮੁਤਾਬਕ ਢਾਲਦਾ ਆਇਆ ਹੈ। ਭਾਰਤ ਵਿਚ ਇਸਦੀ ਤਾਜ਼ਾ ਮਿਸਾਲ ਭਾਰਤੀ ਜਨਤਾ ਪਾਰਟੀ (ਬੀਜੇਪੀ) ਅਤੇ ਰਾਸ਼ਟਰੀ ਸੋਇਮ ਸੇਵਕ ਸੰਘ ਦੀ ਹੈ ਜੋ ਇਤਿਹਾਸ ਨੂੰ ਗੇਰੂਆ ਕਰਨ ਦੇ ਯਤਨ ਕਰ ਰਹੇ ਹਨ।

ਪੁਰਾਤਨ ਮਨੁੱਖ ਧਰਤੀ ਨੂੰ ਧੁਰਾ ਮਨ ਕੇ ਚੰਦ ਸੂਰਜ ਨੂੰ ਧਰਤੀ ਦੁਆਲੇ ਘੁੰਮਦਾ ਮੰਨਦਾ ਸੀ। ਵਧਦੇ ਘਟਦੇ ਚੰਦਰਮਾ ਨੂੰ ਤੱਕ ਕੇ ਉਸ ਨੇ ਸਮੇਂ ਦੇ ਮਾਪ ਤੋਲ ਲਈ ਕੈਲੰਡਰ ਬਣਾ ਲਿਆ। ਕੁਝ ਮੇਲੇ ਉਸਨੇ ਚੰਦਰਮਾ ਦੇ ਵਧਣ ਘਟਣ ਨਾਲ ਅਤੇ ਕੁਝ ਚੰਦਰਮਾ ਨੂੰ ਕੈਲੰਡਰ ਮੰਨ ਕੇ ਵਾਪਰੀਆਂ ਘਟਨਾਵਾਂ ਦੇ ਆਧਾਰ ਤੇ ਨੀਅਤ ਕਰ ਲਏ। ਜਿਵੇਂ ਮੱਸਿਆ, ਪੁੰਨਿਆਂ, ਦੀਪਾਵਲੀ, ਈਦ ਮੁਬਾਰਕ, ਰਖੜ ਪੁੰ-ਨਿਆਂ, ਕਰਵਾ ਚੌਥ ਅਤੇ ਦੁਸਹਿਰਾ ਵਗੈਰਾ।

ਕੁਝ ਮੇਲੇ ਸੂਰਜ ਨਾਲ ਜੁੜੇ ਹੋਏ ਹਨ। ਅੱਜ ਅਸੀਂ ਸਿਰਫ ਇਕ ਮੇਲੇ ਦੀ ਗੱਲ ਕਰਾਂਗੇ, ਜਿਸ ਨੂੰ ਕ੍ਰਿਸਮਸ ਵਜੋਂ ਮਨਾਇਆ ਜਾਂਦਾ ਹੈ। ਸੂਰਜ ਆਕਾਰ ਵਿਚ ਤਾਂ ਇਕੋ ਸਮਾਨ ਰਹਿੰਦਾ ਹੈ ਪਰ ਇਸ ਦੀ ਹਾਜ਼ਰੀ ਦਾ ਸਮਾਂ ਬਦਲਣ ਨਾਲ ਕਦੇ ਅੰਤਾਂ ਦੀ ਗਰਮੀ ਅਤੇ ਕਦੇ ਠੁਰ ਠੁਰ ਕਰਦਾ ਪਾਲਾ। ਭਰ ਜਵਾਨ ਸੂਰਜ ਦੀ ਗਰਮੀ ਤੋਂ ਬਚਣ ਲਈ ਮਨੁੱਖ ਕੁੱਲੀਆਂ ਬਣਾ ਸਕਦਾ ਸੀ। ਉਸ ਪਾਸ ਛਾਂ ਲਈ ਦਰਖਤ ਸਨ। ਦਰਿਆਵਾਂ, ਟੋਭਿਆਂ ਵਿਚ ਵੀ ਚੁੱਭੀਆਂ ਲਾ ਸਕਦਾ ਸੀ। ਸੂਰਜ ਦੇਵਤੇ ਨੂੰ ਸ਼ਾਂਤ ਕਰਨ ਲਈ ਮਨੁੱਖ ਨੇ ਸਵੇਰੇ ਉੱਠ ਕੇ ਸੂਰਜ ਨੂੰ ਪਾਣੀ ਅਰਪਨ ਕਰਨਾ ਸ਼ੁਰੂ ਕੀਤਾ। (ਸ਼ਿਵਲਿੰਗ ਤੇ ਪਾਣੀ ਜਾਂ ਦੁੱਧ ਪਾਉਣਾ ਵੀ ਕਾਮਦੇਵ ਨੂੰ ਸ਼ਾਂਤ ਰੱਖਣ ਲਈ ਹੀ ਹੈ)। ਸੂਰਜ ਅਲੋਪ ਹੁੰਦਿਆਂ ਹੀ ਠਰੂੰ ਠਰੂੰ ਕਰਦੀ ਸਰਦੀ ਜਦ ਆ ਡੇਰਾ ਜਮਾਉਂਦੀ ਤਾਂ ਠੰਡ ਤੋਂ ਬਚਣ ਲਈ ਮਨੁੱਖ ਪਾਸ ਸਿਰਫ ਅੱਗ ਦਾ ਸਹਾਰਾ ਸੀ। ਉਹ ਵੀ ਤਾਂ ਅੱਗ ਵਾਲੇ ਪਾਸੇ ਨਿੱਘ ਹੁੰਦਾ, ਬਾਕੀ ਸਾਰਾ ਜਿਸਮ ਤਾਂ ਨਿੱਘ ਵਿਚ ਨਹੀਂ ਲਪੇਟਿਆ ਜਾ ਸਕਦਾ ਸੀ। ਜਦ ਕਦੀ ਧੁੰਦ ਕਾਰਨ ਸੂਰਜ ਭਗਵਾਨ ਦੇ ਕਈ ਦਿਨ ਦਰਸ਼ਣ ਹੀ ਨਾ ਹੁੰਦੇ ਤਾਂ ਮਨੁੱਖ ਨੂੰ ਘਬਰਾਹਟ ਹੋਣੀ ਸੁਭਾਵਕ ਹੀ ਸੀ। ਉੱਪਰੋਂ ਪੁਜਾਰੀ ਤਬਕਾ ਦੱਸਦਾ ਕਿ ਸੂਰਜ ਦੇਵਤਾ ਤਾਂ ਧੁੰਦ ਦੇ ਦੈਂਤ ਨਾਲ ਜੰਗ ਵਿਚ ਰੁੱਝਾ ਹੋਇਆ ਹੈ। ਉਹ ਦਿਨੋਂ ਦਿਨ ਕਮਜ਼ੋਰ ਹੋ ਰਿਹਾ ਹੈ। ਸਾਨੂੰ ਉਸਦੀ ਮਦਦ ਲਈ ਪੂਜਾ ਪਾਠ ਕਰਨਾ ਚਾਹੀਦਾ ਹੈ। ਕੋਈ ਕੁਰਬਾਨੀ ਦੇਣੀ ਚਾਹੀਦੀ ਹੈ।

ਸਾਡੇ ਪੂਰਵਜਾਂ ਪਾਸ ਵਿਗਿਆਨਕ ਖੋਜ ਤਾਂ ਹੈ ਨਹੀਂ ਸੀ, ਉਹਨਾਂ ਦਾ ਜੀਵਨ ਤਾਂ ਮਿਥਿਹਾਸ ਸਹਾਰੇ ਚੱਲ ਰਿਹਾ ਸੀ। ਕਮਜ਼ੋਰ ਹੋਏ ਸੂਰਜ ਨੂੰ ਮਦਦ ਦੇਣ ਦੀ ਪਰਥਾ ਕੋਈ ਚਾਰ ਹਜ਼ਾਰ ਸਾਲ ਪੁਰਾਣੀ ਹੈ। ਮੈਸੋਪਟੇਮੀਆਂ ਫਰਾਤ ਅਤੇ ਟਾਈਗਰਸ ਦਰਿਆਵਾਂ ਦੇ ਵਿਚਾਲੇ ਦੇ ਇਲਾਕੇ (ਟਾਈਗਰਸ ਦਰਿਆ ਇਰਾਕ ਵਿਚ ਹੈ ਅਤੇ ਫਰਾਤ ਈਰਾਨ ਵਿਚ) ਦੇ ਇਤਿਹਾਸ ਵਿੱਚੋਂ ਕੋਈ ਚਾਰ ਹਜ਼ਾਰ ਸਾਲ ਤੋਂ ਸੂਰਜ ਦੀ ਮਦਦ ਲਈ ਕੀਤੇ ਉਪਰਾਲੇ ਦੀ ਜਾਣਕਾਰੀ ਮਿਲਦੀ ਹੈ। ਜਦ ਸੂਰਜ ਘੱਟ ਤੋਂ ਘੱਟ ਸਮੇਂ ਲਈ ਹਾਜ਼ਰੀ ਭਰਨ ਲੱਗਾ ਤਾਂ ਉਸਦੀ ਸਹਾਇਤਾ ਲਈ ਮੈਸੋਪਟੇਮੀਆਂ ਦਾ ਰਾਜਾ ਆਪਣੇ ਸਭ ਤੋਂ ਤਾਕਤਵਰ ਦੇਵਤੇ ਮਰਡੂਕ ਦੀ ਪੂਜਾ ਕਰਨ ਉਸ ਦੇ ਮੰਦਰ ਜਾਂਦਾ। ਪੂਜਾ ਤੋਂ ਉਪਰੰਤ ਰਾਜੇ ਦੀ ਕੁਰਬਾਨੀ ਦੇਣੀ ਹੁੰਦੀ ਸੀ ਤਾਂ ਕਿ ਉਹ ਮਰਡੂਕ ਦੇਵਤੇ ਨਾਲ ਰਲ ਕੇ ਸੂਰਜ ਨੂੰ ਧੁੰਦ ਦੇ ਦੈਂਤ ਤੋਂ ਛੁਡਵਾ ਲਵੇ। ਰਾਜੇ ਦੀ ਜਾਨ ਬਚਾਉਣ ਲਈ ਰਾਜੇ ਦੀ ਥਾਂ ਕਿਸੇ ਅਪਰਾਧੀ ਦੀ ਚੋਣ ਹੁੰਦੀ। ਉਸ ਨੂੰ ਰਾਜੇ ਵਰਗੇ ਬਸਤਰ ਪੁਆਏ ਜਾਂਦੇ। ਰਾਜੇ ਵਰਗੀਆਂ ਸਭ ਸੁਵਿਧਾਵਾਂ ਹੁੰਦੀਆਂ। ਰਾਜੇ ਜਿੰਨੀ ਇਜ਼ਤ ਹੁੰਦੀ। ਪੂਜਾ ਤੋਂ ਬਾਅਦ ਰਾਜੇ ਵਾਲੀ ਪੁਸ਼ਾਕ ਉਤਾਰ ਕੇ ਉਸ ਅਪਰਾਧੀ ਦੀ ਕੁਰਬਾਨੀ ਦੇ ਦਿੱਤੀ ਜਾਂਦੀ। ਇਹ ਸਾਰੀ ਪ੍ਰਕਿਰਿਆ ਬਾਰਾਂ ਦਸੰਬਰ ਤੋਂ ਸ਼ੁਰੂ ਹੁੰਦੀ ਅਤੇ ਬਾਰਾਂ ਦਿਨ ਚਲਦੀ।

ਇਸੇ ਤਰ੍ਹਾਂ ਹੀ ਪਰਸ਼ੀਅਨ ਅਤੇ ਬਿਬਲੋਨੀਅਨ ਲੋਕ ਇਹੋ ਜਿਹੇ ਉਪਰਾਲੇ ਕਰਦੇ। ਫਰਕ ਸਿਰਫ ਇੰਨਾ ਹੁੰਦਾ ਕਿ ਓਨੇ ਦਿਨ ਮਾਲਕ ਗੁਲਾਮ ਹੁੰਦੇ ਅਤੇ ਗੁਲਾਮ ਮਾਲਕ। ਮਾਲਕਾਂ ਨੂੰ ਗੁਲਾਮਾਂ ਦੀ ਤਾਬਿਦਾਰੀ ਕਰਨੀ ਪੈਂਦੀ। ਇਸ ਮੇਲੇ ਦੀ ਪੂਜਾ ਪਾਠ ਨੂੰ ਉਹ ਸਾਕਿਹੀਆ ਆਖਦੇ।

ਸਕੈਂਡੇਨੇਵੀਆ ਵਿਚ ਸੂਰਜ ਕੋਈ ਪੈਂਤੀ ਦਿਨ ਨਜ਼ਰ ਹੀ ਨਹੀਂ ਆਉਂਦਾ। ਤੀਹ ਕੁ ਦਿਨ ਬੀਤਣ ਬਾਅਦ ਕੁਝ ਲੋਕ ਪਹਾੜ ਦੀ ਚੋਟੀ ਤੇ ਚੜ੍ਹ ਕੇ ਦੇਖਦੇ। ਜਿਸ ਦਿਨ ਉਹਨਾਂ ਨੂੰ ਸੂਰਜ ਦੀ ਲੋ ਦਿਸਦੀ ਤਾਂ ਉਹ ਹੇਠਾਂ ਉੱਤਰ ਕੇ ਉਸਦੀ ਖਬਰ ਦਿੰਦੇ। ਲੋਕੀਂ ਵੱਡੇ ਵੱਡੇ ਲੱਕੜਾਂ ਦੇ ਮੁੱਢ ਰੱਖ ਕੇ ਧੂਣੀ ਬਾਲਦੇ। ਉਸ ਦੁਆਲੇ ਨੱਚਦੇ ਗਾਉਂਦੇ ਅਤੇ ਇਕੱਠੇ ਖਾਂਦੇ ਪੀਂਦੇ। ਇਸੇ ਤਰ੍ਹਾਂ ਗਰੀਕ, ਜਰਮਨ ਅਤੇ ਹੋਰ ਬਹੁਤ ਸਾਰੇ ਲੋਕ ਸੂਰਜ ਨੂੰ ਮੁੜ ਸੁਰਜੀਤ ਕਰਨ ਲਈ ਆਪੋ ਆਪਣੇ ਢੰਗ ਵਰਤਦੇ।

ਸੂਰਜ ਨੂੰ ਮੁੜ ਸੁਰਜੀਤ ਹੋਇਆ ਦੇਖ ਕੇ ਖੁਸ਼ੀਆਂ ਮਨਾਈਆਂ ਜਾਂਦੀਆਂ। ਸੂਰਜ ਦੇਵਤੇ ਦਾ ਨਵਾਂ ਜਨਮ ਗਿਣਿਆ ਜਾਂਦਾ। ਲੋਕ ਇਹਨਾਂ ਦਿਨਾਂ ਵਿਚ ਘਰਾਂ ਨੂੰ ਸ਼ਿੰਗਾਰਦੇ ਅਤੇ ਗਰਮੀਆਂ ਵਿਚ ਪੈਦਾ ਹੋਏ ਅੰਗੂਰਾਂ ਦੀ ਫਸਲ ਤੋਂ ਤਿਆਰ ਕੀਤੀ ਵਾਈਨ ਦੀ ਖੁੱਲ੍ਹ ਕੇ ਵਰਤੋਂ ਹੁੰਦੀ। ਸਿਆਲ ਰੁੱਤੇ ਜਦ ਸਾਰੀ ਬਨਸਪਤੀ ਸੁੱਕ ਜਾਂਦੀ ਤਾਂ ਬਹੁਤ ਸਾਰੇ ਜਾਨਵਰ ਵੀ ਬੁੱਚੜ ਕਰ ਲਏ ਜਾਂਦੇ; ਇਸ ਲਈ ਮਾਸ ਦੀ ਵੀ ਕਾਫੀ ਵਰਤੋਂ ਹੁੰਦੀ। ਲੋਕ ਸੂਰਜ ਦੇ ਨਵੇਂ ਜਨਮ ਦੀ ਖੁਸ਼ੀ ਵਿਚ ਚੰਗਾ ਚੋਖਾ ਖਾਂਦੇ; ਨਚਦੇ, ਗਾਉਂਦੇ। ਇਹ ਇਸ ਮੇਲੇ ਦਾ ਇਤਿਹਾਸਕ ਪੱਖ ਹੈ।

### ਕ੍ਰਿਸਮਸ ਕ੍ਰਾਈਸਟ ਦਾ ਜਨਮ ਦਿਨ

ਈਸਾ ਮਸੀਹ ਨੂੰ ਕ੍ਰਾਈਸਟ ਵੀ ਕਿਹਾ ਜਾਂਦਾ ਹੈ। ਉਸ ਦੇ ਪੈਰੋਕਾਰਾਂ ਨੂੰ ਕ੍ਰਿਸਚੀਅਨ ਅਤੇ ਉਸ ਦੇ ਜਨਮ ਦਿਨ ਤੇ ਮਨਾਏ ਗਏ ਜਸ਼ਨ ਨੂੰ ਕ੍ਰਿਸਮਸ। ਈਸਾ ਮਸੀਹ ਦਾ ਜਨਮ ਕਦੋਂ ਹੋਇਆ, ਇਸ ਦਾ ਕੋਈ ਵੀ ਸਬੂਤ ਨਹੀਂ ਮਿਲਦਾ। ਈਸਾ ਮਸੀਹ ਦੀ ਸ਼ਹਾਦਤ ਤੋਂ ਬਾਅਦ ਉਸਦੇ ਸੇਵਕਾਂ ਨੂੰ ਬੇਹਦ ਕੁਰਬਾਨੀਆਂ ਦੇਣੀਆਂ ਪਈਆਂ। ਜਨਮ ਦਿਨ ਮਨਾਉਣਾ ਤਾਂ ਇਕ ਪਾਸੇ, ਉਹ ਤਾਂ ਇਕੱਠੇ ਵੀ ਚੋਰੀ ਛਿੱਪੇ ਹੁੰਦੇ ਸਨ।

ਪਾਲ ਯਹੂਦੀ ਸੀ। ਰੋਮ ਦਾ ਜੰਮਪਲ ਹੋਣ ਕਾਰਨ ਰੋਮਨ ਸੀ। ਉਸ ਨੇ ਖੁਦ ਕ੍ਰਾਈਸਟ ਨੂੰ ਦੇਖਿਆ ਤਕ ਨਹੀਂ ਸੀ। ਬਾਕੀ ਯਹੂਦੀਆਂ ਵਾਂਗ ਉਹ ਇਸ ਨਵੇਂ ਧਰਮ ਨਾਲ ਬੇਹਦ ਨਫਰਤ ਕਰਦਾ ਸੀ। ਉਸ ਨੇ ਇਸ ਨਵੇਂ ਧਰਮ ਨੂੰ ਖਤਮ ਕਰਨ ਲਈ ਬਹੁਤ ਸਾਰੇ ਕ੍ਰਿਸਚੀਅਨ ਨੂੰ ਫੜਾਇਆ, ਜਿਹਨਾਂ ਨੂੰ ਬੜੇ ਅਣਮਨੁੱਖੀ ਤਸੀਹੇ ਦਿੱਤੇ ਗਏ। ਬਾਅਦ ਵਿਚ ਉਸ ਨੇ ਖੁਦ ਕ੍ਰਿਸਚੀਅਨ ਧਰਮ ਅਪਨਾ ਲਿਆ। ਹੁਸ਼ਿਆਰ ਸੀ, ਕਾਫੀ ਪੜ੍ਹਿਆ ਹੋਇਆ ਸੀ। ਝਟ ਹੀ ਉਹ ਕ੍ਰਿਸਚੀਅਨਾਂ ਦਾ ਆਗੂ ਬਣ ਗਿਆ। ਉਸਨੇ ਕ੍ਰਿਸਚੀਐਨਿਟੀ ਨੂੰ ਦੂਰ ਦੁਰਾਡੇ ਪ੍ਰਚਾਰਨ ਦਾ ਪਰੋਗਰਾਮ ਉਲੀਕਿਆ। ਇਸ ਨੂੰ ਪਾਲ ਦੀ ਕ੍ਰਿਸਚੀਐਨਿਟੀ ਕਹਿਣਾ ਨਾਵਾਜਬ ਨਹੀਂ ਹੋਵੇਗਾ। ਉਸ ਨੇ ਪੈਜਨਸ ਕੌਮਾਂ ਵਿਚ (ਦੇਵੀ ਦੇਵਤਿਆਂ ਵਿਚ ਵਿਸ਼ਵਾਸ ਰਖਣ ਵਾਲੀਆਂ ਕੌਮਾਂ) ਕ੍ਰਿਸਚੀਐਨਿਟੀ ਦਾ ਪਰਚਾਰ ਕੀਤਾ। ਹਰ ਰੋਜ਼ ਜਨ ਸਾਧਾਰਨ ਉਹਨਾਂ ਨਾਲ ਜੁੜਨ ਲੱਗਾ।

ਫਿਰ ਇਕ ਸਮਾਂ ਅਜਿਹਾ ਵੀ ਆਇਆ ਕਿ ਰੋਮ ਬਾਦਸ਼ਾਹ ਕੋਨਸਟੇਟੀਨ ਇਕ ਲੜਾਈ ਵਿਚ ਹਾਰ ਗਿਆ। ਉਸ ਨੇ ਸੋਚਿਆ ਕਿ ਉਹਨਾਂ ਦੇ ਪੁਰਖਿਆਂ ਦਾ ਰੱਬ ਕਮਜ਼ੋਰ ਹੋ ਚੁੱਕਾ ਹੈ। ਅਗਰ ਉਸਨੂੰ ਅਗਲੀ ਲੜਾਈ ਵਿਚ ਜਿੱਤ ਪਰਾਪਤ ਹੋਈ ਤਾਂ ਉਹ ਇਸ ਨਵੇਂ ਉੱਭਰ ਰਹੇ ਧਰਮ ਨੂੰ ਅਪਨਾ ਲਵੇਗਾ। ਕੁਦਰਤਨ ਉਸ ਦੀ ਜਿੱਤ ਹੋਈ ਅਤੇ ਉਹ ਵੀ ਕ੍ਰਿਸਚੀਅਨ ਬਣ ਗਿਆ। ਰੋਮ ਵਿਚ ਕ੍ਰਿਸਚੀਅਨ ਚਰਚ ਤੋਂ ਪਾਬੰਦੀ ਹਟਾ ਲਈ ਗਈ। ਗੁਰੂ ਗੋਬਿੰਦ ਸਿੰਘ ਜੀ ਦਾ ਫੁਰਮਾਨ (ਰਾਜ ਬਿਨਾਂ ਨਹੀਂ ਧਰਮ ਚਲੇ ਹੈ) ਕੰਮ ਕਰਨ ਲੱਗਾ।

ਕ੍ਰਿਸਚਿਐਨਿਟੀ ਦਾ ਫੈਲਾ ਸ਼ੁਰੂ ਹੋ ਗਿਆ। ਨਵੇਂ ਬਣੇ ਕ੍ਰਿਸਚੀਅਨ ਪੁਰਾਣੇ ਢੰਗ ਨਾਲ ਹੀ ਸੂਰਜ ਦੇ ਆਗਮਨ ਦਾ ਮੇਲਾ ਮੰਨਾਉਣ, ਕ੍ਰਿਸਚੀਅਨ ਰਹਿਬਰਾਂ ਨੂੰ ਇਹ ਮਨਜ਼ੂਰ ਨਹੀਂ ਸੀ। ਕ੍ਰਿਸਚੀਅਨ ਆਗੂਆਂ ਨੇ ਪੈਰੋਕਾਰਾਂ ਨੂੰ ਆਦੇਸ਼ ਦਿੱਤਾ ਕਿ ਇਹ ਮੇਲਾ ਪੈਜਨਸ ਲੋਕਾਂ ਦਾ ਹੈ, ਸਾਨੂੰ ਨਹੀਂ ਮਨਾਉਣਾ ਚਾਹੀਦਾ। ਕੁਝ ਸਫਲਤਾ ਤਾਂ ਹੋਈ ਪਰ ਉਹ ਇਸ ਮੇਲੇ ਨੂੰ ਪੂਰੀ ਤਰ੍ਹਾਂ ਨਾ ਰੋਕ ਸਕੇ। ਕ੍ਰਾਈਸਟ ਦੀ ਸ਼ਹਾਦਤ ਤੋਂ 98 ਸਾਲ ਬਾਅਦ ਫੇਰ ਆਗੂਆਂ ਨੇ ਇਕ ਹੋਰ ਪੈਂਤੜਾ ਅਪਣਾਇਆ ਕਿ ਇਹ ਮੇਲਾ ਚਰਚ ਅੰਦਰ ਬੈਠ ਕੇ ਪੂਜਾ ਪਾਠ ਨਾਲ ਮਨਾਇਆ ਜਾਵੇਗਾ। ਦੂਸਰੀ ਤਬਦੀਲੀ ਕ੍ਰਾਈਸਟ ਦੀ ਸ਼ਹਾਦਤ ਤੋਂ 137 ਸਾਲ ਬਾਅਦ ਰੋਮ ਦੇ ਬਿਸ਼ਪ ਨੇ ਆਪਣੇ ਸੇਵਕਾਂ ਨੂੰ ਪੂਜਾ ਪਾਠ ਦੇ ਨਾਲ ਨਾਲ ਇਕ ਦਾਅਵਤ ਕਰਨ ਲਈ ਵੀ ਆਦੇਸ਼ ਦਿੱਤੇ। ਕ੍ਰਾਈਸਟ ਦੀ ਸ਼ਹਾਦਤ ਤੋਂ ਕੋਈ 350 ਸਾਲ ਬਾਅਦ ਰੋਮ ਦੇ ਬਿਸ਼ਪ ਜੂਲੀਅਸ-1 ਨੇ 25 ਦਸੰਬਰ ਕ੍ਰਾਈਸਟ ਦਾ ਜਨਮ ਦਿਨ ਘੋਸ਼ਤ ਕਰ ਦਿੱਤਾ। ਉਸ ਵਕਤ ਤੋਂ ਕ੍ਰਿਸਮਸ ਕ੍ਰਾਈਸਟ ਦੇ ਜਨਮ ਦਿਨ ਵਜੋਂ ਮਨਾਈ ਜਾਣ ਲੱਗੀ। ਧਰਮ ਦਾ ਰੰਗ ਇੱਡਾ ਗੂੜ੍ਹਾ ਚੜ੍ਹਿਆ ਕਿ ਉਸ ਨੇ ਸਾਰੇ ਪੁਰਾਣੇ ਰੰਗ ਲਕੋ ਲਏ। ਕਈ ਇਤਿਹਾਸਕਾਰਾਂ ਦਾ ਖਿਆਲ ਹੈ ਕਿ ਕ੍ਰਾਈਸਟ ਦੇ ਜਨਮ ਦੀ ਤਾਰੀਖ 25 ਦਸੰਬਰ ਇਸ ਲਈ ਚੁਣੀ ਗਈ ਕਿ ਉਹ ਨਵੇਂ ਬਣੇ ਕ੍ਰਿਸਚੀਅਨਾਂ ਨੂੰ ਪੈਜਨਸ ਮੇਲੇ ਦਾ ਬਦਲ ਦੇ ਸਕਣ। ਉਹ ਮੌਸਮੀ ਮੇਲਾ ਅੱਜ ਸਿਰਫ ਕ੍ਰਿਸਚੀਅਨ ਮੇਲਾ ਬਣ ਕੇ ਰਹਿ ਗਿਆ ਹੈ।

### ਕ੍ਰਿਸਮਿਸ ਦੇ ਬਦਲਦੇ ਰੰਗ

ਕ੍ਰਾਈਸਟ ਸਾਦਗੀ ਪਸੰਦ ਸੀ। ਜ਼ਿਆਦਾ ਤਰ ਉਸ ਦੇ ਪੈਰੋਕਾਰ ਆਰਥਕ ਪੱਖੋਂ ਕਮਜ਼ੋਰ ਸਨ। 25 ਦਸੰਬਰ ਨੂੰ ਉਹ ਕ੍ਰਾਈਸਟ ਦੇ ਜਨਮ ਤੇ ਚਰਚ ਵਿਚ ਇਕੱਠੇ ਹੋ ਕੇ ਖੁਸ਼ੀ ਮਨਾਉਂਦੇ। ਸਮਾਂ ਕਦੇ ਖਲੋਤਾ ਨਹੀਂ ਅਤੇ ਨਾ ਹੀ ਰਸਮੋ ਰਿਵਾਜ। ਇਹ ਵੀ ਸਮੇਂ ਨਾਲ ਬਦਲਦੇ ਰਹਿੰਦੇ ਹਨ। ਯੋਰੋਸ਼ਲਮ ਦੇ ਚੁਗਿਰਦੇ 'ਚੋਂ ਨਿਕਲ ਕ੍ਰਿਸਚਿਐਨੇਟੀ ਜਦ ਦੂਰ ਯੂਰਪ ਅਤੇ ਅਫਰੀਕਾ ਤਕ ਫੈਲੀ ਤਾਂ ਉਹਨਾਂ ਦੇ ਰਸਮੋ ਰਿਵਾਜ ਦਾ ਪਰਛਾਵਾਂ ਵੀ ਕ੍ਰਿਸਮਸ ਤੇ ਪੈਣ ਲੱਗਾ।

### ਕ੍ਰਿਸਮਸ ਟਰੀ ਦੀ ਵਰਤੋਂ

ਅੱਜ ਘਰਾਂ ਵਿਚ ਕ੍ਰਿਸਮਸ ਸੀਜ਼ਨ ਦੀ ਸ਼ੁਰੂਆਤ ਕ੍ਰਿਸਮਸ ਟਰੀ ਨਾਲ ਹੁੰਦੀ ਹੈ। ਵੱਖੋ ਵੱਖਰੇ ਢੰਗਾਂ ਨਾਲ ਸ਼ੰਗਾਰ ਕੇ ਸਿਖਰ ਇਕ ਤਾਰਾ ਟੰਗਿਆ ਜਾਂਦਾ ਹੈ। ਸਭ ਤੋਂ ਪਹਿਲਾਂ ਜਰਮਨ ਵਾਲਿਆਂ ਨੇ ਕੋਈ ਸੋਲ੍ਹਵੀਂ ਸਦੀ ਵਿਚ ਘਰਾਂ ਵਿਚ ਸ਼ੰਗਾਰਿਆ ਕ੍ਰਿਸਮਸ ਟਰੀ ਰੱਖ ਕੇ ਕ੍ਰਿਸਮਸ ਮਨਾਈ। ਉਸ ਦੇ ਹਾਰ ਸ਼ਿੰਗਾਰ ਲਈ ਸੇਬ, ਨਾਸ਼ਪਾਤੀਆਂ ਅਤੇ ਹੋਰ ਫਲ ਵਗੈਰਾ ਦੀ ਵਰਤੋਂ ਕੀਤੀ ਗਈ। ਬਾਅਦ ਵਿਚ ਹੋਰ ਕਈ ਕਿਸਮ ਦਾ ਚਮਕਦਾ ਦਮਕਦਾ ਹਾਰ ਸ਼ਿੰਗਾਰ ਬਾਜ਼ਾਰਾਂ ਵਿਚ ਆ ਗਿਆ। ਕਹਿੰਦੇ ਨੇ ਲੂਥਰ ਨਾਮ ਦਾ ਇਕ ਪਰੋਟੈਸਟੈਂਟ ਜਰਮਨ ਪਾਦਰੀ ਨੂੰ ਇਕ ਰਾਤ ਇਕ ਸਦਾਬਹਾਰ ਰਹਿਣ ਵਾਲੇ ਬੂਟੇ ਦੀਆਂ ਪਤਿਆਂ ਵਿਚ ਦੀ ਟਿਮਟਿਮਾਉਂਦੇ ਅਸਮਾਨੀ ਤਾਰੇ ਬੇਹਦ ਪਸੰਦ ਆਏ ਤਾਂ ਘਰ ਆ ਕੇ ਉਸ ਨੇ ਤਾਰਾਂ ਨਾਲ ਕ੍ਰਿਸਮਸ ਟਰੀ ਦੀਆਂ ਟਾਹਣਾਂ ਵਿਚ ਜਲਦੀਆਂ ਮੋਮਬਤੀਆਂ ਬੰਨੀਆਂ। ਅੱਜ ਬਿਜਲੀ ਦੇ ਰੰਗ ਬਰੰਗੇ ਬਲਬ ਸ਼ਿੰਗਾਰ ਦਾ ਇਕ ਜ਼ਰੂਰੀ ਹਿੱਸਾ ਬਣ ਗਏ ਹਨ।

ਅਠਾਰਾਂ ਸੌ ਛਤਾਲੀ ਦੇ ਕ੍ਰਿਸਮਸ ਸੀਜ਼ਨ ਦੌਰਾਨ ਜਦ ਬ੍ਰਿਟਿਸ਼ ਲੋਕਾਂ ਨੇ ਆਪਣੀ ਹਰਦਿਲ ਅਜ਼ੀਜ਼ ਮਲਕਾ ਵਿਕਟੋਰੀਆ ਅਤੇ ਪ੍ਰਿੰਸ ਐਲਬਰਟ ਨੂੰ ਆਪਣੇ ਬੱਚਿਆਂ ਸਮੇਤ ਸ਼ਿੰਗਾਰੇ ਹੋਏ ਕ੍ਰਿਸਮਸ ਟਰੀ ਪਾਸ ਲੰਡਨ ਨਿਊਜ਼ ਵਿਚ ਛਪੀ ਤਸਵੀਰ ਵਿਚ ਦੇਖਿਆ ਤਾਂ ਸਾਰੇ ਇੰਗਲੈਂਡ ਵਿਚ ਕ੍ਰਿਸਮਸ ਟਰੀ ਕ੍ਰਿਸਮਸ ਦਾ ਜ਼ਰੂਰੀ ਅੰਗ ਬਣ ਗਿਆ। ਜਰਮਨ ਪਿਛੋਕੜ ਵਾਲੇ ਅਮਰੀਕਨ ਵਾਸੀਆਂ ਨੇ ਅਮਰੀਕਾ ਦੀ ਧਰਤੀ ਤੇ ਕੋਈ ਸਤਾਰਾਂ ਸੌ ਸੰਨਤਾਲੀ ਵਿਚ ਹੀ ਕ੍ਰਿਸਮਸ ਟਰੀ ਨੂੰ ਕ੍ਰਿਸਮਸ ਦਾ ਅੰਗ ਬਣਾ ਲਿਆ ਸੀ ਪਰ ਨਿਊ ਇੰਗਲੈਂਡ ਸਟੇਟ ਦੇ ਪਿਊਰੀਟਨ ਕ੍ਰਿਸਚੀਅਨ (ਕੈਥੋਲਿਕ, ਪਰੋਟੈਸਟੈਂਟ, ਪਿਉਰਟਨ, ਲੂਥਰਨ; ਕ੍ਰਿਸਚਿਐਨੇਟੀ ਦੇ ਵੱਖ ਵੱਖ ਫਿਰਕੇ) ਕ੍ਰਿਸਮਸ ਟਰੀ ਅਤੇ ਗਲੀਆਂ ਵਿਚ ਗੀਤ ਗਾਉਣ ਅਤੇ ਹੋਰ ਸਾਰੇ ਧੂਮ ਧੜੱਕੇ ਨੂੰ ਪੇਜਨ ਧਰਮ ਦਾ ਹਿੱਸਾ ਸਮਝਦੇ ਸਨ। ਇਹ ਸਭ ਰਸਮਾਂ ਕ੍ਰਾਈਸਟ ਤੋਂ ਪਹਿਲਾਂ ਜਰਮਨ ਵਾਲੇ ਸਰਦ ਰੁੱਤੇ ਜਦੋਂ ਹਰ ਪਾਸੇ ਸੋਕਾ ਹੀ ਸੋਕਾ ਨਜ਼ਰ ਆਉਂਦਾ ਸੀ, ਦਾਨਵਾਂ ਤੋਂ ਆਪਣੇ ਘਰਾਂ ਨੂੰ ਬਚਾਉਣ ਲਈ ਆਪਣੇ ਘਰਾਂ ਅੱਗੇ ਸਦਾ ਬਹਾਰ ਦੀਆਂ ਟਾਹਣਾਂ ਟੰਗਦੇ ਸਨ। ਇਸੇ ਤਰ੍ਹਾਂ ਦੇ ਕੁਝ ਰਿਵਾਜ ਰੋਮ ਵਾਲਿਆਂ ਅਤੇ ਮਿਸਰ ਵਾਲਿਆਂ ਵਿਚ ਵੀ ਪ੍ਰਚਲਤ ਸਨ। ਰੋਮ ਵਾਲੇ ਤਾਂ ਸਾਡੀ ਲੋਹੜੀ ਦੇ ਤਿਉਹਾਰ ਵਾਂਗ ਗਲੀਆਂ ਵਿਚ ਗਾਉਂਦੇ ਫਿਰਦੇ ਹੁੰਦੇ ਸਨ। ਨਿਊ ਇੰਗਲੈਂਡ ਸਟੇਟ ਦੇ ਗਵਰਨਰ ਨੇ ਇਹਨਾਂ ਪੈਜਨ ਰਿਵਾਜ਼ਾਂ 'ਤੇ ਪਾਬੰਦੀ ਲਗਾ ਦਿੱਤੀ। ਹੋਰ ਜਰਮਨ ਆਉਣ ਨਾਲ ਹੌਲੀ ਹੌਲੀ ਕੋਈ ਉਨੀਵੀਂ ਸਦੀ ਵਿਚ ਕ੍ਰਿਸਮਸ ਦੌਰਾਨ ਕ੍ਰਿਸਮਸ ਟਰੀ ਦੀ ਆਮ ਵਰਤੋਂ ਹੋਣ ਲੱਗੀ। ਅੱਜ ਅਮਰੀਕਾ ਇਕ ਧਰਮ ਨਿਰਪੱਖ ਦੇਸ ਹੋਣ ਦੇ ਬਾਵਜੂਦ ਕ੍ਰਿਸਮਸ ਮੌਕੇ ਸਰਕਾਰੀ ਤੌਰ 'ਤੇ ਵਾਸ਼ਿੰਗਟਨ ਵਿਚ ਕੋਈ ਅੱਸੀ ਫੁੱਟ ਉੱਚਾ ਕ੍ਰਿਸਮਸ ਟਰੀ ਲਗਾਉਂਦਾ ਹੈ ਅਤੇ ਅਮਰੀਕਾ ਦਾ ਪਰਧਾਨ ਉਸ 'ਤੇ ਲੱਗੀਆਂ ਬਤੀਆਂ ਜਗਾਉਣ ਲਈ ਸਵਿੱਚ ਆਨ ਕਰਦਾ ਹੈ।

### ਸੈਂਟਾ ਕਲਾਸ ਦੀ ਆਮਦ

ਕ੍ਰਿਸਮਸ ਵਿਚ ਸੈਂਟਾ ਕਲਾਸ ਲਿਆਉਣ ਦਾ ਸੁਪਨਾ ਨਿਊਯਾਰਕ ਦੇ ਇਕ ਲੇਖਕ ਕਲਮੀਨਟ ਕਲਾਰਕ ਮੂਰ ਨੇ ਸੰਨ 1823 ਵਿਚ ਲਿਆ। ਕਾਰਟੂਨਿਸਟ ਥੌਮਸ ਨਾਸਟ ਨੇ ਉਸ ਦੀ ਰੂਪ ਰੇਖਾ ਉਲੀਕੀ। ਲਾਲ ਕੋਟ ਵਿਚ ਲਪੇਟਿਆ ਹੋਇਆ ਢਿੱਲਾ ਜਿਹਾ ਵੱਡਾ ਸਾਰਾ ਢਿੱਡ, ਢਿੱਲੀ ਜਿਹੀ ਲਾਲ ਪੈਂਟ, ਸਫੇਦ ਲੰਮੀ ਦਾਹੜੀ, ਸਿਰ ਉੱਤੇ ਲਾਲ ਟੋਪੀ ਪਹਿਨ ਕੇ ਜਦੋਂ ਸੈਂਟਾ ਕਲਾਸ ਸਾਹਮਣੇ ਆਇਆ ਤਾਂ ਉਸਦੇ ਚੀਚ ਵਹੁਟੀ (ਬਰਸਾਤ ਰੁੱਤੇ ਨਿਕਲਣ ਵਾਲੀ ਮਖ਼ਮਲੀ ਲਾਲ ਰੰਗ ਦੀ ਭੂੰਡੀ) ਦੇ ਰੂਪ ਨੇ ਸਭਨਾਂ ਦਾ, ਖਾਸ ਕਰ ਬੱਚਿਆਂ ਦਾ ਮਨ ਮੋਹ ਲਿਆ। ਇਸਦਾ ਪਿਛੋਕੜ ਸੇਂਟ ਨਿਕਲਸ ਜਾਂ ਸੇਂਟ ਲੂਸੀ ਨਾਲ ਜੋੜਿਆ ਜਾਂਦਾ ਹੈ, ਜੋ ਪਰਉਪਕਾਰੀ ਸਨ ਅਤੇ ਬੱਚਿਆਂ ਨਾਲ ਬਹੁਤ ਪਿਆਰ ਕਰਦੇ ਸਨ। ਸੈਂਟਾ ਕਲਾਸ ਦੇ ਆਉਣ ਨਾਲ ਗਿਫਟ ਲੈਣ ਦੇਣ ਦੀ ਅਮਰੀਕਨ, ਡੱਚ ਅਤੇ ਇੰਗਲਿਸ਼ ਰਵਾਇਤ ਨੂੰ ਬੜਾ ਬੜ੍ਹਾਵਾ ਮਿਲਿਆ।

ਸੈਂਟਾ ਕਲਾਸ ਦੇ ਆਉਣ ਤੋਂ ਪਹਿਲਾਂ ਬੱਚਿਆਂ ਦਾ ਕ੍ਰਿਸਮਸ ਨਾਲ ਕੋਈ ਸਬੰਧ ਨਹੀਂ ਸੀ। ਇਸਦੇ ਆਉਂਦਿਆਂ ਸਾਰ ਹੀ ਇਹ ਵਿਉਪਾਰੀਆਂ ਦਾ ਤਾਂ ਮਸੀਹਾ ਬਣ ਗਿਆ। ਮਾਪੇ ਆਪਣੇ ਬੱਚਿਆਂ ਨੂੰ ਸੈਂਟਾ ਕਲਾਸ ਦੀ ਗੋਦੀ ਵਿਚ ਬਿਠਾ ਕੇ ਤਸਵੀਰਾਂ ਖਿਚਵਾਉਂਦੇ ਹਨ। ਸਟੋਰ ਆਇਆ ਬੱਚਾ ਕੁਝ ਨਾ ਕੁਝ ਖਰੀਦਣ ਲਈ ਮਾਂ ਬਾਪ ਨੂੰ ਮਜਬੂਰ ਕਰ ਹੀ ਦਿੰਦਾ ਹੈ। ਵਿਉਪਾਰੀ ਤਬਕੇ ਵਲੋਂ ਗਿਫਟ ਦੀ ਅਖਬਾਰਾਂ ਰਾਹੀਂ ਗਿਫਟ ਲਿਸਟ ਅਠਾਰਵੀਂ ਸਦੀ ਵਿਚ ਸ਼ੁਰੂ ਹੋਈ, ਜੋ ਅੱਜ ਸਿਖਰਾਂ 'ਤੇ ਹੈ। ਅਜਕਲ ਤਾਂ ਅਕਤੂਬਰ ਲੰਘਦਿਆਂ ਹੀ ਕ੍ਰਿਸਮਿਸ ... ਕ੍ਰਿਸਮਿਸ ... ਦੀ ਪੁੱਠੀ ਗਿਣਤੀ ਸ਼ੁਰੂ ਹੋ ਜਾਂਦੀ ਹੈ। ਖਿਡੌਣੇ ਅਤੇ ਹੋਰ ਘਰ ਵਿਚ ਵਰਤੋਂ ਵਿਚ ਆਉਣ ਵਾਲੀਆਂ ਵਸਤਾਂ ਨਾਲ ਸਾਰੇ ਸਟੋਰ ਨੱਕੋ ਨੱਕ ਭਰ ਦਿੱਤੇ ਜਾਂਦੇ ਹਨ। ਸਟੋਰਾਂ ਦਾ ਹਾਰ ਸ਼ਿੰਗਾਰ ਲੋਕਾਈ ਲਈ ਖਿੱਚ ਦਾ ਕਾਰਨ ਬਣਦਾ ਹੈ।

ਕਈ ਲੋਕ ਤਾਂ 'ਸਰਦਾ ਭਲਾ' ਦੀ ਨੀਤੀ ਤੇ ਪਹਿਰਾ ਦਿੰਦੇ ਹੋਏ ਖਰਚਣ ਤੋਂ ਪਹਿਲਾਂ ਹੀ ਆਪਣੀ ਜੇਬ ਦਾ ਅੰਦਾਜ਼ਾ ਲਾ ਲੈਂਦੇ ਹਨ ਪਰ ਬਹੁਤ ਸਾਰੇ ਜੇਬ ਵਿਚ ਹੀ ਬਾਣੀਏ ਦਾ 'ਬਹੀ ਖਾਤਾ' ਕਰੈਡਿਟ ਕਾਰਡ ਦੇ ਰੂਪ ਵਿਚ ਲਈ ਫਿਰਦੇ ਹਨ। ਬਸ 'ਸੋਹੰਦਾ ਭਲਾ' ਦੇ ਲੜ ਲੱਗ ਕੇ ਕਈ ਇੰਨੇ ਵਿਤੋਂ ਬਾਹਰੇ ਹੋ ਵਗਦੇ ਹਨ ਕਿ ਉਹਨਾਂ ਨੂੰ ਕਰੈਡਟ ਕਾਰਡ ਦੇ ਕਰਜ਼ੇ ਥੱਲਿਓਂ ਨਿਕਲਣਾ ਮੁਸ਼ਕਲ ਹੋ ਜਾਂਦਾ ਹੈ। ਜਿਸ ਪਾਸ ਕੋਈ ਗਿਫਟ ਦਾ ਬਕਸ ਖੋਲ੍ਹਣ ਨੂੰ ਨਹੀਂ, ਉਹ ਉਦਾਸ ਹੋ ਜਾਂਦਾ ਹੈ। ਆਰਥਕ ਪੱਖੋਂ ਕਮਜ਼ੋਰ ਬੱਚਿਆਂ ਲਈ ਕਈ ਸੰਸਥਾਵਾਂ ਗਿਫਟ ਜੁਟਾ ਦੇਂਦੀਆਂ ਹਨ। ਕ੍ਰਿਸਮਸ ਡਿਨਰ ਵੀ ਵਰਤਾਏ ਜਾਂਦੇ ਹਨ। ਹਰ ਕੋਈ ਇਕ ਦੂਸਰੇ ਦੀ ਖੁਸ਼ੀ ਵਿਚ ਸ਼ਾਮਲ ਹੋਣਾ ਚਾਹੁੰਦਾ ਹੈ।

ਮੇਲੇ ਤਿਓਹਾਰ ਖੁਸ਼ੀਆਂ ਖੇੜਿਆਂ ਲਈ ਹੁੰਦੇ ਹਨ, ਚਾਹੇ ਉਹ ਕਿਸੇ ਫਿਰਕੇ ਜਾਂ ਕਿਸੇ ਵੀ ਧਰਮ ਨਾਲ ਸਬੰਧ ਕਿਉਂ ਨਾ ਰੱਖਦੇ ਹੋਣ। ਪਰ ਜਦ ਇਹੋ ਜਿਹੇ ਖੁਸ਼ੀ ਦੇ ਅਵਸਰ ਨੂੰ ਵੀ ਜੰਗਬਾਜ਼ ਆਪਣੀ ਹੈਂਕੜ ਪੁਗਾਉਣ ਲਈ ਬਾਰੂਦ ਦੇ ਧੂਏਂ ਨਾਲ ਧੁੰਦਲਾ ਕਰ ਦਿੰਦੇ ਹਨ ਤਾਂ ਅਪਾਹਜਾਂ ਦੀ ਗਿਣਤੀ ਵਿਚ ਵਾਧਾ ਹੁੰਦਾ ਹੈ। ਮਾਤਮ ਦੀਆਂ ਸਫਾਂ ਵਿਛ ਜਾਂਦੀਆਂ ਹਨ। ਧਰਮਾਂ ਅਤੇ ਸੱਭਿਅਤਾਵਾਂ ਦੇ ਵਧ ਰਹੇ ਵਿਰੋਧ ਕਾਰਨ ਕ੍ਰਿਸਮਸ ਹੀ ਨਹੀਂ, ਸੰਸਾਰ ਦਾ ਹਰ ਮੇਲਾ ਅੱਜ ਬੰਦੂਕਾਂ ਦੀ ਛਾਂ ਥੱਲੇ ਮਨਾਇਆ ਜਾ ਰਿਹਾ ਹੈ। ਮੇਲਿਆਂ ਦੀ ਖੁਸ਼ੀ ਪਵਿੱਤਰਤਾ ਨੂੰ ਸੋਗ ਵਿਚ ਬਦਲਣ ਤੋਂ ਬਚਾਉਣ ਲਈ ਕਿਤੇ ਕੋਈ ਮੋੜ ਪੈਂਦਾ ਨਜ਼ਰ ਨਹੀਂ ਆ ਰਿਹਾ।

## ਕਸ਼ਮੀਰ 'ਚੋਂ ਨੀਮ ਫ਼ੌਜੀ ਬਲਾਂ ਦੀਆਂ 72 ਕੰਪਨੀਆਂ ਵਾਪਸ ਬੁਲਾਉਣ ਦੇ ਹੁਕਮ

**ਨਵੀਂ ਦਿੱਲੀ-** ਕੇਂਦਰੀ ਗ੍ਰਹਿ ਮੰਤਰਾਲੇ ਨੇ ਸੁਰੱਖਿਆ ਦਾ ਜਾਇਜ਼ਾ ਲੈਣ ਤੋਂ ਬਾਅਦ ਕਸ਼ਮੀਰ ਵਿਚੋਂ 'ਤੁਰੰਤ ਪ੍ਰਭਾਵ ਨਾਲ' 7,000 ਨੀਮ ਫ਼ੌਜੀ ਬਲਾਂ ਨੂੰ ਵਾਪਸ ਬੁਲਾਉਣ ਲਈ ਹੁਕਮ ਦਿੱਤਾ ਹੈ। ਕੇਂਦਰੀ ਹਥਿਆਰਬੰਦ ਪੁਲੀਸ ਬਲਾਂ ਦੀਆਂ 72 ਕੰਪਨੀਆਂ ਨੂੰ ਉਨ੍ਹਾਂ ਦੀ ਤਾਇਨਾਤੀ ਵਾਲੀਆਂ ਥਾਵਾਂ ਤੋਂ ਵਾਪਸ ਬੁਲਾ ਲਿਆ ਗਿਆ ਹੈ। ਇਕ ਕੰਪਨੀ 'ਚ ਕਰੀਬ 100 ਜਵਾਨ ਹਨ। ਇਹ ਯੂਨਿਟਾਂ ਸੀਆਰਪੀਐੱਫ, ਬੀਐੱਸਐੱਫ, ਆਈਟੀਬੀਪੀ, ਸੀਆਈਐੱਸਐੱਫ ਤੇ ਐ-ਸਐੱਸਬੀ ਦੀਆਂ ਹਨ। ਇਨ੍ਹਾਂ ਨੂੰ ਧਾਰਾ 370 ਹਟਾਉਣ ਤੋਂ ਬਾਅਦ ਤਾਇਨਾਤ ਕੀਤਾ ਗਿਆ ਸੀ। ਪਿਛਲੇ ਮਹੀਨੇ ਵੀ 20 ਕੰਪਨੀਆਂ ਵਾਪਸ ਬੁਲਾਈਆਂ ਗਈਆਂ ਸਨ। ਇਸ ਤੋਂ ਪਹਿਲਾਂ ਅੱਜ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਕੇਂਦਰੀ ਸ਼ਾਸਿਤ ਪ੍ਰਦੇਸ਼ ਜੰਮੂ ਕਸ਼ਮੀਰ ਦੇ ਵਿਕਾਸ ਮਾਮਲਿਆਂ ਅਤੇ ਸੁਰੱਖਿਆ ਸਥਿਤੀ 'ਤੇ ਚਰਚਾ ਕਰਨ ਲਈ ਅੱਜ ਉੱਚ-ਪੱਧਰੀ ਬੈਠਕ ਦੀ ਪ੍ਰਧਾਨਗੀ ਕੀਤੀ। ਅਧਿਕਾਰੀਆਂ ਨੇ ਇੱਥੇ ਦੱਸਿਆ ਕਿ ਕੌਮੀ ਸੁਰੱਖਿਆ ਸਲਾਹਕਾਰ ਅਜੀਤ ਡੋਵਾਲ, ਕੇਂਦਰੀ ਗ੍ਰਹਿ ਸਕੱਤਰ ਅਜੇ ਕੇ. ਭੱਲਾ, ਜੰਮੂ ਕਸ਼ਮੀਰ ਦੇ ਰਾਜਪਾਲ ਜੀ.ਸੀ. ਮੁਰਮੂ ਅਤੇ ਹੋਰ ਅਧਿਕਾਰੀਆਂ ਨੇ ਇਸ ਬੈਠਕ ਵਿੱਚ ਹਿੱਸਾ ਲਿਆ।

'ਦੇਸ਼ ਦੁਆਬਾ' 'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

ਸੋਹੰ

# SHRI GURU RAVIDASS SABHA (CA)

2150 Crestview Drive, Pittsburg CA 94565
Tel : (925) 439-2355

## ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਵਿਖੇ ਨਵਾਂ ਸਾਲ 2020, 31 ਦਸੰਬਰ 2019 ਨੂੰ ਮਨਾਇਆ ਜਾਵੇਗਾ

ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਦੀ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਗੁਰੂ ਪਿਆਰੀ ਸਾਧ ਸੰਗਤ ਦੇ ਸਹਿਯੋਗ ਨਾਲ ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਵਿਖੇ ਨਵਾਂ ਸਾਲ 2020, 31 ਦਸੰਬਰ 2019 ਸ਼ਰਧਾ ਪੂਰਵਕ ਮਨਾਇਆ ਜਾ ਰਿਹਾ ਹੈ। ਆਓ ਇਸ ਨਵਾਂ ਸਾਲ 2020 ਦੀ ਸ਼ੁਰੂਆਤ ਵਿਚ ਆਪਾਂ ਸਭ ਲਈ ਪਿਆਰ, ਸਤਿਕਾਰ, ਖੁਸ਼ਹਾਲੀ, ਤੰਦਰੁਸਤੀ ਅਤੇ ਇਤਫਾਕ ਲਈ ਅਰਦਾਸ ਕਰੀਏ। ਇਸ ਮੌਕੇ ਗਿਆਨੀ ਭੁਪਿੰਦਰ ਸਿੰਘ ਜੀ, ਗਿਆਨੀ ਓਮਪਾਲ ਸਿੰਘ ਜੀ ਅਤੇ ਹੋਰ ਸ਼ਬਦ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ। ਇਸ ਤੋਂ ਇਲਾਵਾ ਨਵੇਂ ਸਾਲ 2020 ਦੀ ਲੋਹੜੀ 13 ਜਨਵਰੀ ਨੂੰ ਮਨਾਈ ਜਾਵੇਗੀ ਅਤੇ ਧੰਨ ਧੰਨ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ 643ਵਾਂ ਗੁਰਪੁਰਬ ਦਿਹਾੜਾ 9 ਫਰਵਰੀ 2020 ਨੂੰ ਮਨਾਇਆ ਜਾਵੇਗਾ, ਜਿਸ ਸਬੰਧਤ ਵਧੇਰੇ ਜਾਣਕਾਰੀ ਅਗਲੇਰੇ ਅੰਕਾਂ ਵਿਚ ਪੇਸ਼ ਕੀਤੀ ਜਾਵੇਗੀ।

Gurughar is open every day. Sukhmani Sahib path/ Akhand Path and Langar sewa is hosted by Sangat or some devotee every Sunday, followed by Guru Ka Kirtan. Please come and join us in the Sunday Diwan.

"NANAK NAM CHARDI KALA TERE BHANE SARBAT DA BHALA"

Sangat De Sewadar

| Chairman | President | General Secretary | Treasurer |
|---|---|---|---|
| Jagtar Bhatia | Shinder Paul Narabu | Dharam Pal Chonkria | Vinod Kumar |



# KB USED AUTO SALES



8655 B Monterey Street Gilroy, CA 95020

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ



Kashmiri Bhatia & his wife

# K&K AUTO REPAIR and Car Wash

63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust

# ਗੁਰੂ ਨਾਨਕ ਦੇਵ ਜੀ ਦੇ 550 ਵੇ ਗੁਰਪੁਰਬ 'ਤੇ 'ਦੇਸ਼ ਦੁਆਬਾ' ਵੱਲੋਂ ਵਿਸ਼ੇਸ਼ ਧੰਨਵਾਦ ਸਮਾਗਮ














# Special PRATHAM DHANBAD SAMAGAM BY Desh Doaba

A special PRATHAM DHANVAD SAMAGAM organized on behalf of Desh Doaba and Ambedkar Times,the two weekly Newspapers published in USA, was held on December 21st, 2019 at Raja Indian Cosine Hayward (California) USA. The function was exclusively dedicated to acknowledge and appreciate the help and support of its patrons and well -wishers. This Pratham Dhanvad Samagam was dedicated to 550th Birth Anniversary Celebrations of Guru Nanak Dev Ji Maharaj. More than one hundred elite,solid and prominent members of the Punjabi diaspora in USA participated in the function and made it a memorable event in the history of the two prominent publications.

Many renowned artists Tarlok Singh, Satti-Pabla, Chandan Singh, AmarjitLalli, Pammy Mann, Manjit Singh Manga, Ashok Kumar, Bhupinder Bhinda, JaswinderMadhar&Manjit Singh Ralh and talented musicians led by SonuSingh Music Master embellished the occasion and lent a special attraction to the entire event with their thrilling songs and music.

Mr. Prem Kumar Chumber,the Chief Editor and the host thanked the supporters time and again for the help and the team support without which this event could have not been possible.

The notable speakers who admired the role of these publications,especially with regard to the journalistic and professional approach to various sensitive issues by Mr. Prem Kumar Chumber, the chief editor, included the following.

Dr. Harmesh Kumar, a psychologist by profession admired the services of Mr, Prem Kumar Chumber towards the interests of the community,wishing him success in his future endeavors.

Mr. O.P.Balley General Secretary of Supreme Council Sri Guru Ravidass Sabhas,USA who is a very close associate of Mr.Chumber and a frequent contributor to the publications since their foundation also lauded Mr. Chumber for his hard work and perseverance in bringing them to the level of regular periodicals.Mr.Balley also recalled a thrilling experience and a rare opportunity in his life by mentioning about meeting Babasaheb Dr. B.R.Ambedkar in person in 1956 and also attending his funeral services at his residence in Delhi on December 6, 1956.

Prof. H.L. Kapoor a regular contributor to Desh Doaba who knows the entire family from India, being a great inspiration to the Chumber family and Desh Doaba appreciated the hard work and the services of Mr. Chumber and the role of media in the different segments of society.

Dr. Gian Singh, a retired professor in Economics from Punjabi University, Patiala (Punjab) India and his wife Mrs.Gurvinder Kaur also addressed the audience with their valuable and inspiring thoughts on the occasion.

Dr. Amrik Singh Professor from Sacramento State University also shared his thoughts on the hard work and the struggle Mr. Chumber has to undergo to keep up with the mounting pressure in the field of modern media.

Mr. Bihari Lal Chahal a very senior member of the community from King City (California) also recited a poem on the life of Sri Guru Nanak dev Ji.

Mr. Jaswant Singh Shaad did a remarkable job as a moderator and stage secretary for the proceedings of the entire function.

Mr. G. S. Bagha and Mr. Tarlok Singh contributed lot of help in performing the Video services for the event.

Beautiful Plaques especially made for the occasion were also awarded to the supporters and well-wishers of Desh Doaba who attended the function.

Mr. Makhan Singh Bains owner of Raja Sweets/Indian Cuisine/Banquet Hall and a regular patron of Desh Doaba remained personally present throughout the entire event and was very instrumental in keeping up the discipline,decorum,dignity and integrity of the proceedings of the function.

Since the occasion was primarily dedicated to Guru Nanak Dev Ji's 550th Prakash Utsav every care was taken to perform in a very modest and respectful manner keeping up the sanctity of the function.

The program of celebrations ended with a note of thanks from Mr.Prem Kumar Chumber,followed by a sumptuous Vegetarian dinner hosted by Mr. Prem Chumber with the support of S. Jasbir Singh Takhar & S. Sudesh Singh Atwal of this auspicious event.

With best wishes for a prosperous future in your untiring endeavors for continued success of Desh Doaba & Ambedkar Times

**Mr. O. P. Balley**
**General Secretary of Supreme Council**
**Sri Guru Ravidass Sabhas, USA**

# ਗੁਰੂ ਨਾਨਕ ਦੇਵ ਜੀ ਦੇ 550 ਵੇ ਗੁਰਪੁਰਬ 'ਤੇ 'ਦੇਸ਼ ਦੁਆਬਾ' ਵੱਲੋਂ ਵਿਸ਼ੇਸ਼ ਧੰਨਵਾਦ ਸਮਾਗਮ




















# ਗੁਰੂ ਨਾਨਕ ਦੇਵ ਜੀ ਦੇ 550 ਵੇ ਗੁਰਪੁਰਬ 'ਤੇ 'ਦੇਸ਼ ਦੁਆਬਾ' ਵੱਲੋਂ ਵਿਸ਼ੇਸ਼ ਧੰਨਵਾਦ ਸਮਾਗਮ









































# ਗੁਰੂ ਨਾਨਕ ਦੇਵ ਜੀ ਦੇ 550 ਵੇ ਗੁਰਪੁਰਬ 'ਤੇ 'ਦੇਸ਼ ਦੁਆਬਾ' ਵੱਲੋਂ ਵਿਸ਼ੇਸ਼ ਧੰਨਵਾਦ ਸਮਾਗਮ



































## DHANVAD

Desh Doaba and Ambedkar Times forums take special honour in conveying our sincere and heartfelt thanks to all the supporters, contributors, readers, and all the well-wishers with whose liberal support and encouragement, we have been able to serve you through this small endeavors continuously for the last many years. It was again with your kind support that we were able to organize this special Pratham Dhanvad Samagam on 21 December 2019 at Raja Indian Cuisine Hayward (California) USA. Organized exclusively to put on record our deep acknowledgements for the regular support and help from our forums' patrons and well-wishers that this Samagam was dedicated to 550th Parkash Purav of Guru Nanak Dev Ji Maharaj. We also sincerely acknowledge with our heartfelt thanks Mr Jasbir Singh Takhar & Mr Sudesh Singh Atwal and entertainment services provided by many talented artists.

With your unending support and encouragement we are committed to serve you continuously in the best of our efforts and spirit.

With Warm Regards,
**Prem K. Chumber Editor-in-Chief**
**www.deshdoaba.comwww.ambedkartimes.com**





# ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਦੀ ਸਮੂਹ ਪ੍ਰਬੰਧਕ ਕਮੇਟੀ ਵਲੋਂ ਪੋਹ ਦੇ ਮਹੀਨੇ ਦੀ ਸੰਗਰਾਂਦ ਦਾ ਪਵਿੱਤਰ ਦਿਹਾੜਾ ਮਨਾਇਆ

**ਯੂਬਾ ਸਿਟੀ–** ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਦੀ ਸਮੂਹ ਪ੍ਰਬੰਧਕ ਕਮੇਟੀ ਵਲੋਂ ਸੰਗਤਾਂ ਦੇ ਸਹਿਯੋਗ ਨਾਲ ਪੋਹ ਦੇ ਮਹੀਨੇ ਦੀ ਸੰਗਰਾਂਦ ਦਾ ਪਵਿੱਤਰ ਦਿਹਾੜਾ ਗੁਰੂ ਘੱਰ ਵਿਖੇ ਬੜੀ ਸ਼ਰਧਾ ਨਾਲ ਮਨਾਇਆ ਗਿਆ ਜਿਸ ਵਿਚ ਬਾਰਹਮਾਂਹਾ ਜੀ ਦੇ ਪਾਠ ਕੀਤੇ ਗਏ ਅਤੇ ਕੀਰਤਨ ਦਰਵਾਰ ਸਜਾਏ ਗਏ ਗੁਰੂ ਘੱਰ ਦੇ ਹਜੂਰੀ ਰਾਗੀ ਜਥਾ ਭਾਈ ਸਾਹਿਬ ਭਾਈ ਗੁਰਦਿਆਲ ਸਿੰਘ ਜੀ (ਸੁਦਾਣਾ ਵਾਲੇ)ਵਲੋਂ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ ਸਟੇਜ ਸਕੱਤਰ ਦੀ ਸੇਵਾ ਰਾਮ ਸੇਵਕ ਭਾਟੀਆ ਜੀ (ਮੁੱਖ ਖਜਾਨਚੀ) ਵਲੋਂ ਬਹੁਤ ਵਧੀਆ ਢੰਗ ਨਾਲ ਨਿਭਾਈ ਗਈ। ਅੱਜ ਦੇ ਲੰਗਰਾਂ ਦੀ ਸੇਵਾ ਸਰਦਾਰ ਹਰਦੇਵ ਸਿੰਘ ਜੀ ਬੀਸਲਾ ਬੀਬੀ ਬਖਸ਼ੋ ਬੀਸਲਾ (ਐਲੇ ਮਰਚੈਂਟ) ਵਾਲਿਆਂ ਵਲੋਂ ਕੀਤੀ ਗਈ ਉਪਰੰਤ ਗੁਰੂ ਘੱਰ ਦੀ ਪ੍ਰਬੰਧਕ ਕਮੇਟੀ ਵਲੋਂ ਬੀਸਲਾ ਪ੍ਰੀਵਾਰ ਨੂੰ ਗੁਰੂ ਘੱਰ ਦੀ ਬਖਸਿਸ਼ ਸਿਰੋਪਾਓ ਦੇਕੇ ਸਨਮਾਨਤ ਕੀਤਾ ਗਿਆ ਅੰਤ ਵਿਚ ਗੁਰੂ ਘੱਰ ਦੇ ਮੱਖ ਸੇਵਾਦਾਰ ਸ੍ਰੀ ਦਲਵਿੰਦਰ ਰੱਲ ਵਲੋਂ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ।



























# ਹਰ ਸਾਲ ਇਤਿਹਾਸ ਦਾ ਇੱਕ ਨਵਾਂ ਪੰਨਾ ਰਚਦੀਆਂ ਨੇ ਜਰਖੜ ਦੀਆਂ ਖੇਡਾਂ







ਅੰਤਰਰਾਸ਼ਟਰੀ ਸਟੇਡੀਅਮ ਦਾ ਭੁਲੇਖਾ ਪਾਉਂਦੇ ਜਰਖੜ ਸਟੇਡੀਅਮ 'ਚ ਏਸ ਵਰ੍ਹੇ 33ਵੀਆਂ ਕੋਕਾ-ਕੋਲਾ, ਏਵਨ ਸਾਈਕਲ ਜਰਖੜ ਖੇਡਾਂ ਧੂਮ ਧੜੱਕੇ ਨਾਲ ਸਮਾਪਤ ਹੋ ਗਈਆਂ। ਉਂਝ ਤਾਂ ਜਰਖੜ ਪਿੰਡ ਦਾ ਨਾਂਅ ਸੁਣ ਕੇ ਮਨ 'ਚ ਕੋਈ ਸਵਾਲ ਨਹੀਂ ਰਹਿ ਜਾਂਦਾ ਕਿ ਇਹ ਪਿੰਡ ਕਿਸ ਕਾਰਨ ਮਸ਼ਹੂਰ ਹੈ, ਪਰ ਫੇਰ ਵੀ ਜੋ ਅੱਜ ਦੀ ਨੌਜਵਾਨ ਪੀੜ੍ਹੀ ਖੇਡਾਂ 'ਚ ਰੁਚੀ ਤਾਂ ਰੱਖਦੀ ਹੈ ਪਰ ਪੰਜਾਬ ਦੀਆਂ ਮਾਡਰਨ ਮਿੰਨੀ ਪੇਂਡੂ ਓਲੰਪਿਕ ਖੇਡਾਂ ਤੋਂ ਵਾਕਿਫ਼ ਨਹੀਂ ਹੈ ਤਾਂ ਉਨ੍ਹਾਂ ਨੂੰ ਦੱਸਣਾ ਬੜਾ ਜਰੂਰੀ ਹੈ ਕਿ ਪਿੰਡ ਜਰਖੜ ਲੁਧਿਆਣਾ ਤੋਂ 12 ਕਿਮੀ ਦੂਰ ਮਲੇਰਕੋਟਲਾ ਰੋਡ ਨੇੜੇ ਆਲਮਗੀਰ ਸਾਹਿਬ ਗੁਰੂ ਗੋਬਿੰਦ ਸਿੰਘ ਮਾਰਗ ਤੇ ਸਥਿਤ ਹੈ। 1986 'ਚ 1200 ਰੁਪਏ ਦੇ ਬਜਟ ਨਾਲ ਅਤੇ ਨਿੱਕੇ ਜਿਹੇ ਗਰਾਊਂਡ 'ਚ ਹੋਈ ਖੇਡਾਂ ਦੀ ਸ਼ੁਰੂਆਤ ਨੇ ਅੱਜ ਪੰਜਾਬ ਦਾ ਹੀ ਨਹੀਂ ਸਗੋਂ ਮੁਲਕ ਦਾ ਇੱਕ ਅਜਿਹਾ ਨਿਵੇਕਲਾ ਸਟੇਡੀਅਮ ਜੋ ਮਾਤਾ ਸਾਹਿਬ ਕੌਰ ਦੇ ਨਾਮ 'ਤੇ ਹੈ, ਆਪਣੀ ਨਵੀਂ ਬਣਤਰ ਨਾਲ ਪੰਜਾਬ ਦੇ ਪੇਂਡੂ ਖੇਡ ਮੇਲਿਆ ਦਾ ਇੱਕ ਅਜੂਬਾ ਬਣ ਚੁੱਕਾ ਹੈ।

ਇਸ ਵਰ੍ਹੇ 2019-20 ਦੀਆਂ ਮਾਤਾ ਸਾਹਿਬ ਕੌਰ ਸਪੋਰਟਸ ਚੈਰੀਟੇਬਲ ਟਰੱਸਟ ਦੀਆਂ ਮਾਡਰਨ ਪੇਡੂ ਮਿੰਨੀ ਓਲੰਪਿਕ 33ਵੀਆਂ ਕੋਕਾ-ਕੋਲਾ ਏਵਨ ਸਾਈਕਲ ਜਰਖੜ ਖੇਡਾਂ ਇਤਿਹਾਸ ਦਾ ਇੱਕ ਸੁਨਹਿਰੀ ਪੰਨਾ ਰਚਦੀਆਂ ਹੋਈਆਂ ਧੂਮ ਧੜੱਕੇ ਨਾਲ ਸਨਮਾਨਿਤ ਹੋ ਗਈਆਂ। ਇਸ ਸਟੇਡੀਅਮ ਦੀ ਖਾਸੀਅਤ ਇਹ ਹੈ ਕਿ ਇੱਥੇ ਇੱਕੋ ਸਮੇਂ 7 ਤੋਂ 8 ਖੇਡਾਂ ਕਰਾਈਆਂ ਜਾਂਦੀਆਂ ਹਨ। ਜਿੰਨ੍ਹਾਂ 'ਚ ਗਰਾਸ ਹਾਕੀ, ਹਾਕੀ ਐਸਟਰੋਟਰਫ, ਕਬੱਡੀ, ਵਾਲੀਬਾਲ, ਹੈਂਡਬਾਲ, ਵਾਲੀਬਾਲ, ਬਾਸਕਿਟਬਾਲ, ਕੁਸ਼ਤੀ ਵਰਗੀਆਂ ਓਲੰਪਿਕ ਲੈਵਲ ਦੀਆਂ ਖੇਡਾਂ ਸ਼ਾਮਲ ਹਨ। ਸਾਲ 2003 ਮਾਰਚ ਤੋਂ ਜਰਖੜ ਸਟੇਡੀਅਮ ਬਣਨਾ ਸ਼ੁਰੂ ਹੋਇਆ, ਅੱਜ ਇਸ ਵਿੱਚ ਐਸਟਰੋਟਰਫ ਹਾਕੀ ਮੈਦਾਨ, ਗਰਾਸ ਹਾਕੀ, ਦੋ ਵਾਲੀਬਾਲ ਕੋਰਟ, ਹੈਂਡਬਾਲ ਅਤੇ ਬਾਸਕਟਬਾਲ ਕੋਰਟ, ਕਬੱਡੀ ਅਤੇ ਕੁਸ਼ਤੀਆਂ ਦੇ ਵਧੀਆ ਮੈਦਾਨ ਬਣੇ ਹੋਏ ਹਨ। ਤਿੰਨ ਪ੍ਰਮੁੱਖ ਵੱਡੀਆਂ ਸਟੇਜਾਂ, ਸਟੇਡੀਅਮ ਵਿੱਚ ਤਿੰਨ ਦਰਜਨ ਦੇ ਕਰੀਬ ਕਮਰੇ, ਜਿੰਮ, ਫੋਟੋ ਗੈਲਰੀ, ਆਧੁਨਿਕ ਸਹੂਲਤਾਂ ਵਾਲਾ ਦਫਤਰ ਆਦਿ ਬਣੇ ਹੋਏ ਹਨ। ਜਰਖੜ ਸਟੇਡੀਅਮ ਪੰਜਾਬ ਦਾ ਪਹਿਲਾ ਇਹ ਸਟੇਡੀਅਮ ਹੈ ਜਿੱਥੇ ਫਲੱਡ ਲਾਈਟਾਂ ਦੀ ਸਹੂਲਤ ਵੀ ਉਪਲਬਧ ਹੈ ਤੇ ਇਸ ਤੋਂ ਇਲਾਵਾ ਸਟੇਡੀਅਮ ਵਿੱਚ ਬਣੀ ਫੋਟੋ ਗੈਲਰੀ ਵਿੱਚ ਪੁਰਾਣੀਆਂ ਖੇਡਾਂ ਦੀਆਂ ਯਾਦਗਾਰਾਂ ਧਿਆਨ ਚੰਦ ਤੋਂ ਲੈ ਕੇ ਨਾਮੀ ਖਿਡਾਰੀਆਂ ਦੀਆਂ ਤਸਵੀਰਾਂ ਜਰਖੜ ਖੇਡਾਂ ਨਾਲ ਸਬੰਧਤ ਵੱਡੀਆਂ ਤਸਵੀਰਾਂ ਸਟੇਡੀਅਮ ਦੀ ਸ਼ਾਨ ਨੂੰ ਵਧਾ ਰਹੀਆਂ ਹਨ। ਇਸ ਤੋਂ ਇਲਾਵਾ 6 ਉੱਘੀਆਂ ਖੇਡ ਸਖਸ਼ੀਅਤਾਂ ਜਿੰਨ੍ਹਾਂ ਵਿੱਚ ਫਲਾਇੰਗ ਸਿੱਖ ਮਿਲਖਾ ਸਿੰਘ, ਹਾਕੀ ਦਾ ਜਾਦੂਗਰ ਧਿਆਨ ਚੰਦ, ਉਲੰਪੀਅਨ ਸੁਰਜੀਤ ਸਿੰਘ ਰੰਧਾਵਾ, ਉਲੰਪੀਅਨ ਪ੍ਰਿਥੀਪਾਲ ਸਿੰਘ, ਪਹਿਲੇ




ਸਿੱਖ ਜਿਨ੍ਹਾਂ ਨੇ ਚਾਰ ਉਲੰਪਿਕਾਂ ਖੇਡਣ ਦਾ ਮਾਣ ਹਾਸਲ ਕੀਤਾ ਉਲੰਪੀਅਨ ਊਧਮ ਸਿੰਘ, ਖੇਡ ਪ੍ਰਮੋਟਰ ਅਮਰਜੀਤ ਸਿੰਘ ਗਰੇਵਾਲ ਗੁੱਜਰਵਾਲ ਦੇ ਆਦਮਕੱਦ ਬੁੱਤ ਸਥਾਪਿਤ ਕੀਤੇ ਗਏ ਹਨ। ਇਸਤੋਂ ਇਲਾਵਾ ਲੰਦਨ ਓਲੰਪਿਕ ਨਾਲ ਮੇਲ ਖਾਂਦੀ ਸੈਵਨ-ਏ ਸਾਈਡ ਨੀਲੇ ਰੰਗ ਦੀ ਐਸਟਰੋਟਰਫ ਜੋ ਆਪਣੇ ਹੀਲੇ ਵਸੀਲੇ ਨਾਲ ਲਗਵਾਈ ਹੈ, ਸਟੇਡੀਅਮ ਦੀ ਸ਼ੋਭਾ ਨੂੰ ਵਧਾ ਰਹੀ ਹੈ। ਇਸ ਵਰ੍ਹੇ ਜਰਖੜ ਖੇਡਾਂ ਨੇ ਆਪਣਾ ਟੀ ਵੀ ਚੈਨਲ ਬਣਾਕੇ ਸਟੇਡੀਅਮ ਵਿੱਚ "ਖੇਡ ਮੈਦਾਨ ਬੋਲਦਾ ਹੈ" ਨਾਮ ਤੇ ਸਟੂਡੀਓ ਸਥਾਪਤ ਕੀਤਾ ਜਿਸ ਵਿੱਚ ਸਾਰੇ ਅੰਤਰਰਾਸ਼ਟਰੀ ਖਿਡਾਰੀਆਂ ਅਤੇ ਮਹਿਮਾਨਾਂ ਦੀ ਇੰਟਰਵਿਊ ਕੀਤੀ ਜਾਂਦੀ ਹੈ ਪ੍ਰਬੰਧਕਾਂ ਦੀ ਇਹ ਪ੍ਰਾਪਤੀ ਵੀ ਬਾਕਮਾਲ ਹੈ।

ਇਸ ਵਰ੍ਹੇ 13, 14 ਤੇ 15 ਦਸੰਬਰ 2019 ਨੂੰ ਹੋਈਆਂ ਖੇਡਾਂ 'ਚ ਕਬੱਡੀ ਆਲ ਓਪਨ, ਨਾਇਬ ਸਿੰਘ ਗਰੇਵਾਲ ਜੋਧਾਂ ਕਬੱਡੀ ਕੱਪ 'ਚ ਸ਼ਿੰਦਾ ਸਹੌਲੀ ਕਲੱਬ ਸਿਆਟਲ ਨੇ ਆਪਣਾ ਜੇਤੂ ਪਰਚਮ ਲਹਿਰਾਇਆ। ਜਦਕਿ ਮਹਿੰਦਰਪ੍ਰਤਾਪ ਸਿੰਘ ਗਰੇਵਾਲ ਹਾਕੀ ਕੱਪ 'ਚ ਮੁੰਡਿਆਂ ਦੇ ਵਰਗ 'ਚ ਫਰਿਜ਼ਨੋ ਅਕੈਡਮੀ ਅਤੇ ਕੁੜੀਆਂ 'ਚ ਸਾਈ ਸੈਂਟਰ ਸੋਨੀਪਤ ਚੈਂਪੀਅਨ ਬਣੇ। ਹਜ਼ਾਰਾਂ ਲੋਕਾਂ ਦੀ ਭੀੜ 'ਚ ਕਬੱਡੀ ਦੇ ਖੇਡੇ ਗਏ ਫਾਈਨਲ ਮੁਕਾਬਲੇ 'ਚ ਸ਼ਿੰਦਾ ਸਹੌਲੀ ਕਲੱਬ ਸਿਆਟਲ ਨੇ ਮੈਟਰੋ ਕਲੱਬ ਸਿਡਨੀ ਆਸਟ੍ਰੇਲੀਆ ਨੂੰ 16-14 ਨਾਲ ਹਰਾ ਕੇ 1 ਲੱਖ ਰੁਪਏ ਦੀ ਇਨਾਮੀ ਰਾਸ਼ੀ ਅਤੇ ਨਾਇਬ ਸਿੰਘ ਗਰੇਵਾਲ ਕੱਪ ਜਿੱਤਿਆ। ਸਿਆਟਲ ਕਲੱਬ ਦਾ ਕਾਲਾ ਧੂਰਕੋਟ ਸਰਵੋਤਮ ਧਾਵੀ, ਜਾਫੀ ਲੱਖਾ ਢੰਡੋਲੀ ਨੂੰ ਸਰਵੋਤਮ ਖਿਡਾਰੀ ਵਜੋਂ ਮੋਟਰਸਾਈਕਲਾਂ ਨਾਲ ਸਨਮਾਨਿਆ ਗਿਆ। ਜਦਕਿ ਦੀਸ਼ਾ ਆਲੋਵਾਲੀਆ ਨੂੰ ਪੰਜਾਬ ਸਪੋਰਟ ਕਬੱਡੀ ਕਲੱਬ ਸਿਆਟਲ ਨੇ ਮੋਟਰਸਾਈਕਲ ਦੇ ਕੇ ਸਨਮਾਨਿਤ ਕੀਤਾ।

ਹਾਕੀ ਦੇ ਜੂਨੀਅਰ ਅੰਡਰ-17 ਵਰਗ ਮੁੰਡਿਆਂ 'ਚ ਫਰਿਜ਼ਨੋ ਅਕੈਡਮੀ ਕੈਲੇਫੋਰਨੀਆ ਨੇ ਸ਼ਾਹਬਾਦ ਮਾਰਕੰਡਾ ਹਾਕੀ ਸੈਂਟਰ ਨੂੰ 3-2 ਨਾਲ ਹਰਾ ਕੇ ਖਿਤਾਬੀ ਜਿੱਤ ਹਾਸਲ ਕੀਤੀ। ਜਦਕਿ ਕੁੜੀਆਂ ਦੇ ਵਰਗ 'ਚ ਸੋਨੀਪਤ ਹਾਕੀ ਸੈਂਟਰ ਨੇ ਇਨਕਮ ਟੈਕਸ ਦਿੱਲੀ ਨੂੰ 3-3 ਦੀ ਬਰਾਬਰੀ ਤੋਂ ਬਾਅਦ ਸ਼ੂਟਆਊਟ 'ਚ ਸੋਨੀਪਤ ਨੇ ਜੇਤੂ ਰਹਿ ਕੇ ਮਹਿੰਦਰਪ੍ਰਤਾਪ ਗਰੇਵਾਲ ਹਾਕੀ ਕੱਪ 'ਤੇ ਆਪਣਾ ਜੇਤੂ ਹੱਕ ਰੱਖਿਆ। ਭਾਰਤੀ ਹਾਕੀ ਟੀਮ ਦੀ ਸਾਬਕਾ ਕਪਤਾਨ ਰੀਤੂ ਰਾਣੀ ਅਤੇ ਸੋਨੀਪਤ ਦੀ ਰੇਲਵੇ ਦੀ ਅੰਤਰ-ਰਾਸ਼ਟਰੀ ਖਿਡਾਰਣ ਸ਼ਿਲਪੀ, ਆਦਿ ਨੂੰ ਟਾਟਾ ਸਟੀਲ ਕੰਪਨੀ ਵੱਲੋਂ ਕੀਮਤੀ ਸਾਈਕਲਾਂ ਨਾਲ ਸਨਮਾਨਿਆ ਗਿਆ। ਜਦਕਿ ਵਾਲੀਬਾਲ ਸ਼ੂਟਿੰਗ ਅਮਰਜੀਤ ਗਰੇਵਾਲ ਯਾਦਗਾਰੀ ਕੱਪ 'ਚ ਸਲੇਮਸ਼ਾਹ ਫਾਜ਼ਿਲਕਾ ਨੇ ਪਹਿਲਾ ਸਥਾਨ ਤੇ ਫਿਰੋਜ਼ਸ਼ਾਹ ਫਿਰੋਜ਼ਪੁਰ ਨੇ ਦੂਸਰਾ ਤੇ ਖੰਜਰਵਾਲ ਨੇ ਤੀਸਰਾ ਸਥਾਨ ਹਾਸਲ ਕੀਤਾ। ਇਸ ਮੌਕੇ ਏਵਨ ਸਾਈਕਲ ਕੰਪਨੀ ਵੱਲੋਂ ਜੇਤੂ ਖਿਡਾਰੀਆਂ ਨੂੰ 100 ਸਾਈਕਲ, ਟਾਟਾ ਸਟੀਲ ਕੰਪਨੀ ਵੱਲੋਂ ਬਹੁਕੀਮਤੀ 16 ਬਾਈਸਾਈਕਲ ਅਤੇ ਐਸ.ਪੀ.ਐਸ ਹਸਪਤਾਲ ਵੱਲੋਂ ਹਾਕੀ ਦਾ ਇੱਕ ਇਨਾਮ ਸਪਾਂਸਰ ਕੀਤਾ ਗਿਆ। ਟੂਰਨਾਮੈਂਟ ਦੀ ਕਾਮਯਾਬੀ ਵਿੱਚ ਸਰਪ੍ਰਸਤ ਬਾਈ ਸੁਰਜੀਤ ਸਿੰਘ ਸਾਹਨੇਵਾਲ ਚੇਅਰਮੈਨ ਨਰਿੰਦਰਪਾਲ ਸਿੰਘ ਸਿੱਧੂ , ਮੋਹਨਾ ਜੋਧਾਂ ਸਿਆਟਲ ਪ੍ਰੀਤਮ ਸਿੰਘ ਗਰੇਵਾਲ ਸਾਬਕਾ ਮੇਅਰ ਹੰਸਲੋ ,ਪ੍ਰਧਾਨ ਐਡਵੋਕੇਟ ਹਰਕਮਲ ਸਿੰਘ ,ਮੁੱਖ ਪ੍ਰਬੰਧਕ ਜਗਰੂਪ ਸਿੰਘ ਜਰਖੜ, ਦਲਜੀਤ ਸਿੰਘ ਕੈਨੇਡਾ,ਸਰਪੰਚ ਬਲਵਿੰਦਰ ਸਿੰਘ ਮਹਿਮੂਦ-ਪੁਰਾ, ਜਗਦੀਪ ਸਿੰਘ ਕਾਹਲੋਂ ,ਦੀਪ ਭਲਵਾਨ ਅਮਰੀਕਾ, ਸਰਪੰਚ ਦਪਿੰਦਰ ਸਿੰਘ ਡਿੰਪੀ , ਸੰਦੀਪ ਸਿੰਘ ਪੰਧੇਰ ਤੋਂ ਇਲਾਵਾ ਮਹਿੰਦਰ ਪ੍ਰਤਾਪ ਸਿੰਘ ਗਰੇਵਾਲ ਟਰੱਸਟ, ਕੋਕੋ ਕੋਲਾ ਏਵਨ ਸਾਈਕਲ, ਟਾਟਾ ਸਟੀਲ, ਬੈਂਕ ਆਫ ਇੰਡੀਆ ਆਦਿ ਕਾਰਪੋਰੇਟ ਘਰਾਣਿਆਂ ਦਾ ਵੱਡਾ ਯੋਗਦਾਨ ਰਿਹਾ ।

### ਸੁਰਜੀਤ ਹਾਕੀ ਸੁਸਾਇਟੀ ਦਾ ਜਰਖੜ ਖੇਡਾਂ ਤੇ ਹੋਇਆ ਵਿਸ਼ੇਸ਼ ਸਨਮਾਨ

ਜਰਖੜ ਖੇਡਾਂ ਦੇ ਫਾਈਨਲ ਸਮਾਰੋਹ ਤੇ ਸੁਰਜੀਤ ਹਾਕੀ ਸੁਸਾਇਟੀ ਦੀਆਂ ਹਾਕੀ ਪ੍ਰਤੀ ਸੇਵਾਵਾਂ ਨੂੰ ਵੇਖਦਿਆਂ ਜਰਖੜ ਖੇਡਾਂ ਦੇ ਪ੍ਰਬੰਧਕਾਂ ਵੱਲੋਂ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਮੌਕੇ ਸੁਰਜੀਤ ਹਾਕੀ ਸੁਸਾਇਟੀ ਦੇ ਮੀਡੀਆ ਸਕੱਤਰ ਸੁਰਿੰਦਰ ਸਿੰਘ ਭਾਪਾ ,ਸਾਬਕਾ ਕੌਮੀ ਹਾਕੀ ਖਿਡਾਰੀ ਅਤੇ ਉੱਘੇ ਹਾਕੀ ਪ੍ਰਮੋਟਰ ਜਸਵੀਰ ਸਿੰਘ ਚਾਹਿਲ ਅਮਰੀਕਾ, ਪ੍ਰਭਜੋਤ ਸਿੰਘ ਦਾ ਜਰਖੜ ਖੇਡਾਂ ਦੇ ਮੁੱਖ ਪ੍ਰਬੰਧਕ ਜਗਰੂਪ ਸਿੰਘ ਜਰਖੜ, ਯਾਦਵਿੰਦਰ ਸਿੰਘ ਤੂਰ, ਜਨਰਲ ਸਕੱਤਰ ਜਗਦੀਪ ਸਿੰਘ ਕਾਹਲੋਂ ਹਰਪਿੰਦਰ ਸਿੰਘ ਟੌਹੜਾ ਆਦਿ ਹੋਰ ਮੈਂਬਰਾਂ ਵੱਲੋਂ ਸੁਰਜੀਤ ਹਾਕੀ ਸੁਸਾਇਟੀ ਦੇ ਮੈਂਬਰਾਂ ਦਾ ਵੱਖ ਵੱਖ ਐਵਾਰਡਾਂ ਨਾਲ ਸਨਮਾਨ ਕੀਤਾ ਗਿਆ ਇਸ ਮੌਕੇ ਸੁਰਜੀਤ ਹਾਕੀ ਸੁਸਾਇਟੀ ਦੇ ਮੈਂਬਰ ਜਸਵੀਰ ਸਿੰਘ ਚਾਹਲ ਅਤੇ ਸੁਰਿੰਦਰ ਸਿੰਘ ਭਾਪਾ ਨੇ ਆਖਿਆ ਕਿ ਜਰਖੜ ਹਾਕੀ ਅਕੈਡਮੀ ਦੇ ਖਿਡਾਰੀਆਂ ਨੂੰ ਵਧੀਆ ਕਿਸਮ ਦੀਆਂ 25 ਹਾਕੀਆਂ ਨਾਲ ਸਨਮਾਨਿਤ ਕੀਤਾ ਜਾਵੇਗਾ ਇਸ ਮੌਕੇ ਉਨ੍ਹਾਂ ਨੇ ਜਰਖੜ ਹਾਕੀ ਅਕੈਡਮੀ ਵੱਲੋਂ ਹਾਕੀ ਦੀ ਬਿਹਤਰੀ ਲਈ ਕੀਤੇ ਜਾ ਰਹੇ ਉਪਰਾਲਿਆਂ ਦੀ ਵੀ ਸ਼ਲਾਘਾ ਕੀਤੀ । ਪਰਮਤਾਮਾ ਜਰਖੜ ਦੀਆਂ ਖੇਡਾਂ ਨੂੰ ਇਸੇ ਤਰ੍ਹਾਂ ਸਾਲ ਦਰ ਸਾਲ ਹੋਰ ਵੀ ਉਤਸ਼ਾਹਿਤ ਕਰੇ ਅਤੇ ਇਸਦੀ ਪ੍ਰਬੰਧਕੀ ਟੀਮ ਨੂੰ ਜਜ਼ਬਾ ਬਖਸ਼ੇ ਤਾਂ ਜੋ ਇਹ ਖੇਡਾਂ ਆਉਣ ਵਾਲੇ ਸਮੇਂ 'ਚ ਪੂਰੀ ਦੁਨੀਆ 'ਚ ਵਿਲੱਖਣ ਮਿਸਾਲ ਪੈਦਾ ਕਰ ਸਕਣ ਦਾ ਆਪਣਾ ਰਿਕਾਰਡ ਕਾਇਮ ਰੱਖ ਸਕਣ।

**- ਯਾਦਵਿੰਦਰ ਸਿੰਘ ਤੂਰ**
**9501582626**

# ਰਾਸ਼ਟਰੀ ਜਨਸੰਖਿਆ ਰਜਿਸਟਰ ਨੂੰ ਅਪਡੇਟ ਕਰਨ ਲਈ 8500 ਕਰੋੜ ਰੁਪਏ ਤੋਂ ਵੱਧ ਦੀ ਮਨਜ਼ੂਰੀ

ਨਵੀਂ ਦਿੱਲੀ : ਦੇਸ਼ ਵਿਚ ਨਾਗਰਿਕਤਾ ਸੋਧ ਕਾਨੂੰਨ ਅਤੇ ਨੈਸ਼ਨਲ ਰਜਿਸਟਰ ਆਫ ਸਿਟੀਜ਼ਨ ਨੂੰ ਲੈ ਕੇ ਦੇਸ਼ ਦੀ ਰਾਜਨੀਤੀ ਗਰਮਾਈ ਹੋਈ ਹੈ। ਇਸ ਦੌਰਾਨ ਮੋਦੀ ਕੈਬਨਿਟ ਨੇ ਵੱਡਾ ਫੈਸਲਾ ਲਿਆ ਹੈ। ਅੱਜ ਹੋਈ ਮੀਟਿੰਗ ਵਿਚ ਐਨਪੀਸੀ 'ਤੇ ਮੋਹਰ ਲੱਗ ਗਈ ਹੈ। ਅੱਜ ਸਵੇਰੇ 10.30 ਵਜੇ ਐਨਡੀਏ ਸਰਕਾਰ ਦੀ ਕੈਬਨਿਟ ਮੀਟਿੰਗ ਸ਼ੁਰੂ ਹੋਈ ਸੀ। ਮੀਡੀਆ ਰਿ-ਪੋਰਟਾਂ ਮੁਤਾਬਕ ਮੀਟਿੰਗ ਵਿਚ ਐਨਪੀਆਰ 'ਤੇ ਚਰਚਾ ਹੋਈ, ਜਿਸ ਤੋਂ ਬਾਅਦ ਇਸ ਨੂੰ ਕੈਬਨਿਟ ਦੀ ਮਨਜ਼ੂਰੀ ਮਿਲਣ ਦਾ ਜਾਣਕਾਰੀ ਸਾਹਮਣੇ ਆਈ ਹੈ।

ਮੀਡੀਆ ਰਿਪੋਰਟਾਂ ਮੁਤਾਬਕ ਮੰਤਰੀ ਪਿਊਸ਼ ਗੋਇਲ ਅਤੇ ਪ੍ਰਕਾਸ਼ ਜਾਵਡੇਕਰ ਦੁਪਹਿਰ 3.30 ਵਜੇ ਪ੍ਰੈਸ ਕਾਨਫਰੰਸ ਦੌਰਾਨ ਇਸ ਬਾਰੇ ਅਧਿਕਾਰਿਤ ਐਲਾਨ ਕਰਨਗੇ।

ਦੱਸ ਦੇਈਏ ਕਿ ਨਾਗਰਿਕਤਾ ਕਾਨੂੰਨ ਬਣਾਉਣ ਤੋਂ ਬਾਅਦ ਦੇਸ਼ ਭਰ ਵਿਚ ਮੋਦੀ ਸਰਕਾਰ ਖ਼ਿਲਾਫ਼ ਵਿਰੋਧ ਪ੍ਰਦਰਸ਼ਨ ਹੋ ਰਹੇ ਹਨ। ਵਿਰੋਧੀ ਵੀ ਸੜਕਾਂ 'ਤੇ ਉਤਰ ਆਏ ਹਨ, ਅਜਿਹੇ ਵਿਚ ਐਨਪੀਆਰ 'ਤੇ ਕੈਬਨਿਟ ਕੀ ਫੈਸਲਾ ਲੈਂਦੀ ਹੈ, ਇਸ 'ਤੇ ਸਭ ਦੀ ਨਜ਼ਰ ਹੈ।

**ਦਰਜ ਕਰਾਉਣਾ ਹੋਵੇਗਾ ਲਾਜ਼ਮੀ**

ਐਨਪੀਆਰ ਵਿਚ ਦੇਸ਼ ਦੇ ਹਰ ਨਾਗਰਿਕ ਦਾ ਲੇਖਾ ਜੋਖਾ ਰਹੇਗਾ। ਇਸ ਰਜਿਸਟਰ ਵਿਚ ਹਰ ਨਾਗਰਿਕ ਨੂੰ ਆਪਣਾ ਨਾਂ ਦਰਜ ਕਰਾਉਣਾ ਲਾਜ਼ਮੀ ਹੋਵੇਗਾ। ਕਿਸੇ ਵੀ ਇਲਾਕੇ ਵਿਚ 6 ਮਹੀਨੇ ਤੋਂ ਰਹਿਣ ਵਾਲੇ ਲੋਕਾਂ ਨੂੰ ਇਸ ਰਜਿਸਟਰ ਵਿਚ ਨਾਂ ਲਿਖਾਉਣਾ ਹੋਵੇਗਾ।

**ਪੱਛਮੀ ਬੰਗਾਲ, ਕੇਰਲ ਸਰਕਾਰ ਕਰ ਰਹੀ ਹੈ ਵਿਰੋਧ**

ਮੋਦੀ ਕੈਬਨਿਟ ਦੀ ਬੈਠਕ ਵਿਚ ਐਨਪੀਆਰ ਨੂੰ ਲੈ ਕੇ ਅੱਜ ਚਰਚਾ ਹੋ ਸਕਦੀ ਹੈ,। ਉਥੇ ਇਸ ਨੂੰ ਲੈ ਕੇ ਪੱਛਮੀ ਬੰਗਾਲ ਸਰਕਾਰ ਅਤੇ ਕੇਰਲ ਸਰਕਾਰ ਵੱਲੋਂ ਪਹਿਲਾ ਹੀ ਵਿਰੋਧ ਸ਼ੁਰੂ ਹੋ ਗਿਆ ਹੈ। ਹਾਲਾਂਕਿ ਐਨਪੀਆਰ ਦਾ ਐਨਆਰਸੀ ਅਤੇ ਸੀਏਏ ਨਾਲ ਕੋਈ ਲੈਣ ਦੇਣ ਨਹੀਂ ਹੈ। ਐਨਪੀਆਰ ਤਹਿਤ 1 ਅਪ੍ਰੈਲ 2020 ਤੋਂ 30 ਦਸੰਬਰ ਤਕ ਨਾਗਰਿਕ ਦਾ ਡਾਟਾਬੇਸ ਤਿਆਰ ਕਰਨ ਲਈ ਘਰ ਘਰ ਜਾ ਕੇ ਜਨਗਣਨਾ ਕੀਤੀ ਜਾਵੇਗੀ।

# ਯੂਪੀ ਪੁਲਿਸ ਨੇ ਰਾਹੁਲ-ਪ੍ਰਿਯੰਕਾ ਨੂੰ ਮੇਰਠ ਜਾਣ ਤੋਂ ਰੋਕਿਆ

**ਮੇਰਠ-** ਸੋਧੇ ਨਾਗਰਿਕਤਾ ਕਾਨੂੰਨ ਖ਼ਿਲਾਫ਼ ਪ੍ਰਦਰਸ਼ਨ ਦੌਰਾਨ ਮੇਰਠ ਵਿਚ ਮਾਰੇ ਗਏ ਲੋਕਾਂ ਦੇ ਪਰਿਵਾਰਾਂ ਨਾਲ ਮੁਲਾਕਾਤ ਲਈ ਜਾ ਰਹੇ ਕਾਂਗਰਸੀ ਆਗੂ ਰਾਹੁਲ ਗਾਂਧੀ ਤੇ ਪਾਰਟੀ ਜਨਰਲ ਸਕੱਤਰ ਪ੍ਰਿਯੰਕਾ ਗਾਂਧੀ ਨੂੰ ਉੱਤਰ ਪ੍ਰਦੇਸ਼ ਪੁਲੀਸ ਨੇ ਰੋਕ ਲਿਆ। ਇਸ ਤੋਂ ਬਾਅਦ ਰਾਹੁਲ ਤੇ ਪ੍ਰਿਯੰਕਾ ਦਿੱਲੀ ਵਾਪਸ ਚਲੇ ਗਏ। ਇਕੋ ਕਾਰ ਵਿਚ ਸਵਾਰ ਰਾਹੁਲ ਤੇ ਪ੍ਰਿਯੰਕਾ ਨੂੰ ਜ਼ਿਲ੍ਹੇ ਦੇ ਹੱਦ 'ਤੇ ਹੀ ਪੁਲੀਸ ਨੇ ਕਾਨੂੰਨ-ਵਿਵਸਥਾ ਦੀ ਸਥਿਤੀ ਦਾ ਹਵਾਲਾ ਦੇ ਕੇ ਰੋਕ ਲਿਆ। ਰਾਹੁਲ ਨੇ ਕਿਹਾ ਕਿ ਉਨ੍ਹਾਂ ਨੂੰ ਹੁਕਮ ਬਾਰੇ ਕੋਈ ਦਸਤਾਵੇਜ਼ ਨਹੀਂ ਦਿਖਾਇਆ ਗਿਆ। ਸਿਰਫ਼ ਵਾਪਸ ਜਾਣ ਲਈ ਕਹਿ ਦਿੱਤਾ ਗਿਆ। ਰਾਹੁਲ ਤੇ ਪ੍ਰਿਯੰਕਾ ਨਾਲ ਕਾਂਗਰਸ ਦੇ ਸੀਨੀਅਰ ਆਗੂ ਪ੍ਰਮੋਦ ਤਿਵਾੜੀ ਵੀ ਮੌਜੂਦ ਸਨ। ਤਿਵਾੜੀ ਨੇ ਕਿਹਾ ਕਿ ਪਹਿਲਾਂ ਆਗੂਆਂ ਨੂੰ ਮੁਰਾਦਨਗਰ ਵਿਚ ਰੋਕਿਆ ਗਿਆ ਤੇ ਫਿਰ ਮੇਰਠ ਦੇ ਬਾਹਰ। ਪ੍ਰਸ਼ਾਸਨ ਨੇ ਕਿਹਾ ਕਿ ਹਾਲੇ ਸਥਿਤੀ ਠੀਕ ਨਹੀਂ ਹੈ ਤੇ ਆਗੂਆਂ ਦੇ ਜਾਣ ਨਾਲ ਅਸ਼ਾਂਤੀ ਪੈਦਾ ਹੋ ਸਕਦੀ ਹੈ। ਤਿਵਾੜੀ ਮੁਤਾਬਕ ਪ੍ਰਸ਼ਾਸਨ ਨੇ ਭਰੋਸਾ ਦਿੱਤਾ ਹੈ ਕਿ ਅਗਲੇ 2-3 ਦਿਨਾਂ 'ਚ ਰਾਹੁਲ ਤੇ ਪ੍ਰਿਯੰਕਾ ਨੂੰ ਮੇਰਠ ਜਾਣ ਦੀ ਇਜਾਜ਼ਤ ਦੇ ਦਿੱਤੀ ਜਾਵੇਗੀ। ਮੇਰਠ ਵਿਚ ਸੀਨੀਅਰ ਕਾਂਗਰਸੀ ਆਗੂ ਇਮਰਾਨ ਮਸੂਦ ਨੇ ਦੱਸਿਆ ਕਿ ਰਾਹੁਲ ਤੇ ਪ੍ਰਿਯੰਕਾ ਨੂੰ ਪੁਲੀਸ ਨੇ ਦਿੱਲੀ ਰੋਡ ਸਥਿਤ ਪਰਤਾਪੁਰ ਥਾਣੇ ਕੋਲ ਰੋਕਿਆ। ਰਾਹੁਲ ਨੇ ਪੁਲੀਸ ਨੂੰ ਦੱਸਿਆ ਕਿ ਉਹ ਲਿਸਾੜੀ ਗੇਟ 'ਚ ਉਨ੍ਹਾਂ ਪੰਜ ਜਣਿਆਂ ਦੇ ਘਰ ਜਾਣਾ ਚਾਹੁੰਦੇ ਹਨ ਜਿਨ੍ਹਾਂ ਦੇ ਬੱਚਿਆਂ ਦੀ ਪ੍ਰਦਰਸ਼ਨਾਂ ਵਿਚ ਮੌਤ ਹੋਈ ਹੈ। ਰਾਹੁਲ ਨੇ ਇਹ ਵੀ ਦੱਸਿਆ ਸੀ ਕਿ ਉਨ੍ਹਾਂ ਸਣੇ ਸਿਰਫ਼ ਤਿੰਨ ਜਣੇ ਹੀ ਪੀੜਤ ਪਰਿਵਾਰਾਂ ਨੂੰ ਮਿਲਣਗੇ। ਹਾਲਾਂਕਿ ਇਸ ਦੌਰਾਨ ਰਾਹੁਲ ਤੇ ਪ੍ਰਿਯੰਕਾ ਕਾਲੇ ਰੰਗ ਦੀ ਇਨੋਵਾ ਵਿਚ ਬੈਠੇ ਰਹੇ ਤੇ ਮੀਡੀਆ ਨਾਲ ਗੱਲਬਾਤ ਨਹੀਂ ਕੀਤੀ। ਕਾਂਗਰਸੀ ਆਗੂ ਮਸੂਦ ਨੇ ਕਿਹਾ ਕਿ ਦੋ ਦਿਨ ਬਾਅਦ ਕਾਂਗਰਸੀ ਆਗੂ ਦੁਬਾਰਾ ਆਉਣਗੇ। ਪ੍ਰਿਯੰਕਾ ਨੇ ਹਾਲਾਂਕਿ ਪੀੜਤਾਂ ਨਾਲ ਫੋਨ 'ਤੇ ਗੱਲਬਾਤ ਕੀਤੀ।



ਬਾਅਦ ਵਿਚ ਮਸੂਦ ਤੇ ਕਾਂਗਰਸ ਦੇ ਇਕ ਹੋਰ ਆਗੂ ਨੇ ਪਰਿਵਾਰਾਂ ਨਾਲ ਮੁਲਾਕਾਤ ਕੀਤੀ। ਮੇਰਠ ਪ੍ਰਸ਼ਾਸਨ ਨੇ ਮਗਰੋਂ ਪ੍ਰੈੱਸ ਨੋਟ ਜਾਰੀ ਕਰ ਕੇ ਧਾਰਾ 144 ਦਾ ਹਵਾਲਾ ਦਿੱਤਾ।

# ਸਾਇੰਸ ਫਾਊਂਡੇਸ਼ਨ ਦੀ ਅਗਵਾਈ ਭਾਰਤੀ ਮੂਲ ਦੇ ਵਿਗਿਆਨਕ ਕਰਨਗੇ

ਵਾਸ਼ਿੰਗਟਨ- ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਭਾਰਤਵੰਸ਼ੀ ਵਿਗਿਆਨਕ ਸੇਤੂਰਮਨ ਪੰਚਨਾਥਨ (58) ਨੂੰ ਮਾਣਮੱਤੇ ਨੈਸ਼ਨਲ ਸਾਇੰਸ ਫਾਊਂਡੇਸ਼ਨ (ਐੱਨਐੱਸਐੱਫ) ਦਾ ਅਗਲਾ ਡਾਇਰੈਕਟਰ ਚੁਣਿਆ ਹੈ। ਪੰਚਨਾਥਨ ਫਰਾਂਸ ਦੇ ਕੋਰਡੋਵਾ ਦੀ ਥਾਂ ਲੈਣਗੇ। ਐੱਨਐੱਸਐੱਫ ਡਾਇਰੈਕਟਰ ਵਜੋਂ ਕੋਰਡੋਵਾ ਦੇ ਛੇ ਸਾਲ ਦਾ ਕਾਰਜਕਾਲ ਅਗਲੇ ਸਾਲ ਖ਼ਤਮ ਹੋ ਰਿਹਾ ਹੈ।

ਦੱਸਣਯੋਗ ਹੈ ਕਿ ਐੱਨਐੱਸਐੱਫ ਇਕ ਅਮਰੀਕੀ ਸਰਕਾਰੀ ਏਜੰਸੀ ਹੈ ਜੋ ਵਿਗਿਆਨ ਅਤੇ ਇੰਜੀਨੀਅਰਿੰਗ ਦੇ ਖੇਤਰ ਵਿਚ ਮੌਲਿਕ ਖੋਜ ਅਤੇ ਸਿੱਖਿਆ ਨੂੰ ਉਤਸ਼ਾਹ ਦਿੰਦੀ ਹੈ। ਡਾਕ-ਟਰੀ ਦੇ ਖੇਤਰ ਵਿਚ ਇਸੇ ਤਰ੍ਹਾਂ ਦਾ ਹੀ ਇਕ ਇੰਸਟੀਚਿਊਟ ਨੈਸ਼ਨਲ ਇੰਸਟੀਚਿਊਟ ਆਫ ਹੈਲਥ (ਐੱਨਆਈਏ) ਹੈ। ਵ੍ਹਾਈਟ ਹਾਊਸ ਦੇ ਵਿਗਿਆਨ ਅਤੇ ਤਕਨਾਲੋਜੀ ਨੀਤੀ ਦੇ ਡਾਇਰੈਕਟਰ ਕੈਲਵਿਨ ਡ੍ਰੀਗੇਮੀਯਰ ਨੇ ਦੱਸਿਆ ਕਿ ਕੰਪਿਊਟਰ ਵਿਗਿਆਨਕ ਡਾ. ਪੰਚਨਾਥਨ ਦਾ ਖੋਜ ਦੇ ਖੇਤਰ ਵਿਚ ਲੰਬਾ ਤਜਰਬਾ ਹੈ। ਇਸ ਨੂੰ ਧਿਆਨ ਵਿਚ ਰੱਖ ਕੇ ਉਨ੍ਹਾਂ ਨੂੰ ਇਹ ਅਹਿਮ ਜ਼ਿੰਮੇਵਾਰੀ ਸੌਂਪੀ ਗਈ ਹੈ। ਆਪਣੀ ਨਿਯੁਕਤੀ 'ਤੇ ਪੰਚਨਾਥਨ ਨੇ ਕਿਹਾ ਕਿ ਉਹ ਸਨਮਾਨਿਤ ਮਹਿਸੂਸ ਕਰ ਰਹੇ ਹਨ। ਪੰਚਨਾਥਨ ਨੇ 1981 ਵਿਚ ਮਦਰਾਸ ਯੂਨੀਵਰਸਿਟੀ ਤੋਂ ਭੌਤਿਕ ਵਿਗਿਆਨ ਵਿਚ ਬੀਏ ਕਰਨ ਪਿੱਛੋਂ 1984 ਵਿਚ ਬੈਂਗਲੂਰੂ ਸਥਿਤ ਭਾਰਤੀ ਵਿਗਿਆਨ ਸੰਸਥਾਨ (ਆਈਆਈਐੱਸ) ਤੋਂ ਇਲੈਕਟ੍ਰਾਨਿਕਸ ਅਤੇ ਕਮਿਊਨੀਕੇਸ਼ਨ ਵਿਚ ਇੰਜੀਨੀਅਰਿੰਗ ਦੀ ਡਿਗਰੀ ਹਾਸਿਲ ਕੀਤੀ। 1986 ਵਿਚ ਉਨ੍ਹਾਂ ਨੇ ਭਾਰਤੀ ਤਕਨਾਲੋਜੀ ਸੰਸਥਾਨ (ਆਈਆਈਟੀ) ਮਦਰਾਸ ਤੋਂ ਇਲੈਕਟ੍ਰੀਕਲ ਇੰਜੀਨੀਅਰਿੰਗ ਵਿਚ ਮਾਸਟਰ ਡਿਗਰੀ ਲੈਣ ਦੇ ਨਾਲ ਹੀ 1989 ਵਿਚ ਕੈਨੇਡਾ ਦੀ ਓਟਾਵਾ ਯੂਨੀਵਰਸਿਟੀ ਤੋਂ ਇਲੈਕਟ੍ਰੀਕਲ ਅਤੇ ਕੰਪਿਊਟਰ ਇੰਜੀਨੀਅਰਿੰਗ ਵਿਚ ਪੀਐੱਚਡੀ ਦੀ ਡਿਗਰੀ ਹਾਸਿਲ ਕੀਤੀ। ਪੰਚਨਾਥਨ ਇਸ ਸਮੇਂ ਐਰੀਜ਼ੋਨਾ ਸਟੇਟ ਯੂਨੀਵਰਸਿਟੀ (ਏਐੱਸਯੂ) ਵਿਚ ਐਗਜ਼ੈਕਟਿਵ ਵਾਈਸ ਪ੍ਰੈਜ਼ੀਡੈਂਟ ਦੇ ਨਾਲ ਮੁੱਖ ਖੋਜ ਅਧਿਕਾਰੀ ਹਨ। ਉਹ ਇਸੇ ਯੂਨੀਵਰਸਿਟੀ ਦੇ ਸੈਂਟਰ ਫਾਰ ਕਾਗਨਿਟਿਵ ਯੂਵੀਕਿਟਸ ਕੰਪਿਊਟਿੰਗ ਦੇ ਸੰਸਥਾਪਕ ਡਾਇਰੈਕਟਰ ਵੀ ਹਨ।

# ਨਹੀਂ ਹਨ ਕੁੜੀਆਂ ਚਿੜੀਆਂ- ਪਰਾਇਆ ਧਨ

ਗੁਰਮੀਤ ਢੱਡਾ
98720 88144

ਅੱਜ ਦੇ ਖਪਤ ਸਭਿਆਚਾਰ ਨੇ ਸਮਾਜ ਦੇ ਬਹੁਤ ਵੱਡੇ ਹਿੱਸੇ ਤੇ ਇਨ੍ਹੀ ਦਿਨੀ ਆਪਣੇ ਜਾਦੂ ਦਾ ਅਸਰ ਕਰ ਰਖਿਆ। ਪੈਦਾਵਾਰ ਦੀ ਮਾਲਕ ਸ੍ਰੇਣੀ ਆਪਣੀਆਂ ਜਿਨਸਾਂ ਦੇ ਵਾਧੂ ਲਗੇ ਭੰਡਾਰਾਂ ਦੀ ਖਪਤ ਨਾ ਹੋਦ ਦੇ ਅਸਲ ਕਾਰਨਾਂ ਵੱਲੋਂ ਧਿਆਨ ਲਾਂਭੇ ਰੱਖਣ ਲਈ ਖਪਤਕਾਰੀਆਂ ਦਾ ਧਿਆਨ ਆਪਣੀਆਂ ਜਿਨਸਾਂ ਵੱਲ ਅਕਾਰਸ਼ਿਤ ਕਰਨ ਵਾਸਤੇ ਪ੍ਰਚਾਰ ਸਾਧਨਾਂ ਵਾਲੇ ਨਗੇਜ਼ ਇਸ਼ਤਿਹਾਰਾਂ ਰਾਹੀਂ ਬਹੁਤ ਵੱਡੀ ਭੂਮਿਕਾ ਨਿਭਾਉਣ ਦੀਆਂ ਸਿਰਤੋੜ ਯਤਨ ਕਰ ਰਹੇ ਹਨ।

ਇਨ੍ਹੀ ਦਿਨੀਂ, ਜੋ ਪਹਿਲੀਆਂ ਵਿੱਚ ਬਹੁਤ ਹੀ ਨਾਮਮਾਤਰ ਹੁੰਦਾ ਸੀ, ਇਸ ਖਪਤਕਾਰ ਕਲਚਰ ਦਾ ਬਹੁਤ ਵੱਡੀ ਗਿਣਤੀ ਵਿੱਚ ਕਿਰਤੀ ਜਨਸਮੂਹ ਦੀ ਮਾਨਸਿਕਤਾ ਦਾ ਹਿੱਸਾ ਬਣਦਾ ਜਾ ਰਿਹਾ ਹੈ। ਜਦ ਕਦੇ ਵੀ ਆਪਣੇ ਰੁਝੇਵਿਆਂ ਵਿੱਚੋਂ ਵਿਹਲ ਕੱਢ ਕੇ ਟੀ.ਵੀ., ਰੇਡੀਓ ਜਾਂ ਫ਼ਿਰ ਅਖ਼ਬਾਰਾਂ ਨੂੰ ਉਹ ਕਿਰਤੀ ਦੇਖਦਾ ਹੈ, ਸੁਣਦਾ ਜਾਂ ਅਖ਼ਬਾਰਾਂ ਦੇ ਪੱਤਰੇ ਫਰੋਲਣ ਲੱਗਦਾ ਹੈ, ਸਮਾਜ ਵਿੱਚ ਅਤੇ ਦੇਸ਼ ਵਿੱਚ ਅੱਜ ਜੋ ਕੁਝ ਵਾਪਰ ਰਿਹਾ ਹੈ, ਬਾਰੇ ਘੱਟ ਅਤੇ ਇਸ ਖਪਤ ਸਭਿਆਚਾਰ ਦੇ ਪ੍ਰਚਾਰ ਵੱਲ ਜ਼ਿਆਦਾ ਖਿੱਚਿਆ ਹੋਇਆ ਮਿਲਦਾ ਹੈ। ਇਸ ਦੁਰਪ੍ਰਚਾਰ ਵੱਲ ਆਮ ਕਿਰਤੀਆਂ, ਜੋ ਆਪਣੀਆਂ ਸਮਸਿਆਵਾਂ ਦੇ ਹੱਲ ਵਾਸਤੇ ਕਿਸੇ ਆਪਣੀ ਜਥੇਬੰਦੀ ਦਾ ਅਜੇ ਅੰਗ ਨਾ ਬਣਿਆ ਹੋਵੇ ਤਾਂ ਇਹੋ ਜਿਹੇ ਵਿਅਕਤੀਆਂ ਦੀ ਮਨੋਚੇਤਨਾ ਨੂੰ ਇਹ ਦੁਰਪ੍ਰਚਾਰ ਕੀਲ ਲੈਂਦਾ ਹੈ। ਜਿਸ ਕਿਸੇ ਦੇਸ਼ ਦੇ ਆਪਣੇ ਦੇਸ਼ ਦੇ ਹਾਕਮਾਂ ਦੀ ਤਰ੍ਹਾਂ ਪੈਦਾਵਾਰ ਦੇ ਵਸੀਲਿਆਂ ਉਪਰ ਨਿੱਜੀ ਮਾਲਕੀ ਹੁੰਦੀ ਹੈ, ਉਹ ਹਾਕਮ ਆਪਣੇ ਮੁਨਾਫ਼ਿਆਂ ਨੂੰ ਵਟੋਰਨ ਦੀ ਖਾਤਰ ਸਭ ਕੁਝ, ਜੋ ਸਮਾਜ ਲਈ ਬਹੁਤ ਖਾਤਕ ਹੁੰਦਾ ਹੈ, ਕਰਨ ਨੂੰ ਤਿਆਰ ਬਰ ਤਿਆਰ ਰਹਿੰਦਾ ਹੈ। ਇਸ ਸਭ ਕੁਝ ਦੇ ਮਾੜੇ ਪ੍ਰਭਾਵ ਦਾ ਨਵੀਂ ਪੀੜ੍ਹੀ ਦੇ ਲੜਕੇ-ਲੜਕੀਆਂ, ਜੋ ਅਜੇ ਆਪਣੀ ਜ਼ਿੰਦਗੀ ਵਿੱਚ ਆਉਣ ਵਾਲੀਆਂ ਅਗਾਊ ਮੂੰਹ ਅੱਡੀ ਖੜ੍ਹੀਆਂ ਚੁਣੌਤੀਆਂ ਤੋਂ ਜਾਗਰੂਕ ਨਹੀਂ ਹੈ ਅਤੇ ਆਪਣੋ ਆਪਣੀਆਂ ਜਥੇਬੰਦੀਆਂ ਦਾ ਹਿੱਸਾ ਨਹੀਂ ਬਣੇ, ਵੱਧ ਅਸਰ ਕਬੂਲਦੇ ਹਨ।

ਆਪਣੇ ਪ੍ਰਚਾਰ ਸਾਧਨਾਂ ਰਾਹੀਂ ਇਹ ਪੂੰਜੀਪਤੀ ਲੋਕ ਆਪਣੀਆਂ ਜਿਨਸਾਂ ਦੇ ਪ੍ਰਚਾਰ ਵਾਸਤੇ ਲੜਕੀਆਂ ਦਾ ਨੰਗੇਜ਼ ਪ੍ਰਦਰਸ਼ਿਤ ਕਰਦਾ ਹੈ। ਉਹ ਆਪਣੇ ਸ਼ੋਰੂਮਾਂ, ਦਫ਼ਤਰਾਂ ਆਦਿ ਵਿੱਚ ਕੰਮਕਾਜ਼ੀ ਮਹਿਲਾਵਾਂ ਨੂੰ ਉਨ੍ਹਾਂ ਦੀ ਇੱਛਾ ਦੇ ਉਲਟ ਆਪਣੇ ਪ੍ਰਚਾਰ ਵਾਸਤੇ ਕਿਸੇ ਵਿਸ਼ੇਸ਼ ਤਰ੍ਹਾਂ ਦੀ ਵਰਦੀ ਪਾਉਣ ਲਈ, ਜਿਹੜੀ ਵਰਦੀ, ਉਸ ਲੜਕੀ ਦੇ ਰਿਹਾਇਸ਼ੀ ਇਲਾਕੇ ਵਿੱਚ ਅਜੇ ਕਾਬੂਲੀ ਨਹੀਂ ਗਈ ਹੁੰਦੀ, ਸ਼ਰਤ ਰੱਖਦਾ ਹੈ। ਸਕੂਲਾਂ, ਕਾਲਜਾਂ ਦੇ ਵਿਦਿਆਰਥੀਆਂ ਉਪਰ ਇਸ ਖਪਤ ਸਭਿਆਚਾਰ ਦਾ ਵੀ ਬਹੁਤ ਅਸਰ ਹੁੰਦੇ ਜਾਣ ਦਾ ਭਾਰੀ ਖਤਰਾ ਸਾਹਮਣੇ ਆ ਰਿਹਾ ਹੈ। ਇਹ ਜਵਾਨ ਲੜਕੇ, ਲੜਕੀਆਂ ਆਪਣੀ ਨਿਜ਼ਤਾ ਨੂੰ ਹਰ ਸਮੇਂ ਅਗੇ ਰੱਖਣ ਦੇ ਆਦੀ ਹੁੰਦੇ ਜਾ ਰਹੇ ਹਨ। ਉਹ ਆਪਹੁੰਦਰੀ ਦਾ ਸ਼ਿਕਾਰ ਹੁੰਦੇ ਜਾ ਰਹੇ ਹਨ। ਉਹ ਆਪਣੀ ਨਿਜ਼ਤਾ ਦਾ ਪ੍ਰਦਰਸ਼ਨ ਕਰਨ ਲਈ ਭੜਕੀਲੇ ਕੱਪੜੇ, ਵਿਸ਼ੇਸ਼ ਤੌਰ ’ਤੇ ਗੋਡਿਆਂ ਤੋਂ ਫੱਟੀਆਂ ਪੈਂਟਾਂ, ਹਰ ਸਮੇਂ ਕੰਨ ਨੂੰ ਲਾਏ ਫੋਨ, ਆਪਣੀ ਨਵੀਂ ਦੁਨੀਆਂ ਅਪਨਾਈ ਬੈਠੇ ਹਨ। ਪਰ ਜਿਹੜਾ ਸਮਾਜ ਜਿਸ ਦੇ ਉਹ ਖੁਦ ਹਿੱਸਾ ਹੁੰਦੇ ਹਨ ਦਾ ਬਹੁਤ ਵੱਡਾ ਹਿੱਸਾ ਆਪਣੇ ਹੀ ਇਨ੍ਹਾਂ ਲੜਕੇ, ਲੜਕੀਆਂ ਦੀ ਪਸੰਦਗੀ ਨਹੀਂ ਕਬੂਲ ਸਕੇ, ਪਰ ਉਨ੍ਹਾਂ ਪ੍ਰਤੀ ਵਿਰੋਧੀ ਭਾਵ ਸੁੱਤੇ ਸਿੱਧ ਹੀ ਉਤਪੰਨ ਹੋ ਰਿਹਾ ਹੈ।ਇਹ ਦੂਰ ਪ੍ਰਭਾਵ ਵੀ ਨਵੀਂ ਪੀੜ੍ਹੀ ਦੇ ਹਿੱਤ ਵਿੱਚ ਨਾ ਜਾਣ ਕਾਰਨ, ਮਾੜੇ ਪ੍ਰਚਾਰ ਚਰਚੇ ਦਾ ਇਹ ਨਵੀਂ ਪੀੜ੍ਹੀ ਖ਼ੁਦ ਸ਼ਿਕਾਰ ਹੋ ਰਹੀ ਹੈ। ਪਿੰਡਾਂ ਦੀਆਂ ਸੱਥਾਂ ਵਿੱਚ ਆਪਣਾ ਵਿਹਲਾ ਸਮਾਂ ਬਤੀਤ ਕਰਦੇ ਸਮੇਂ ਇਹ ਕਿਰਤੀ ਲੋਕ ਆਪਣੇ ਇਸ ਏਜੰਡੇ ’ਤੇ ਜ਼ੋਰ ਦੇਣ ਲੱਗ ਪਏ ਹਨ। ਇਥੋਂ ਤੱਕ ਵਿਚਾਰ ਚਰਚਾ ਦਾ ਸਿੱਟਾ ਕੱਢਣ ਚਲੇ ਜਾਂਦੇ ਹਨ ਕਿ ਉਹ ਜੋ ਆਪਣੇ ਧੀਆਂ-ਪੁੱਤਰਾਂ ਦੇ ਬਢੇਪੇ ਵਿੱਚ ਉਨ੍ਹਾਂ ਦੀ ਡੰਗੋਰੀ ਬਣਨ ਦੀ ਆਸ ਦਾ ਭਰਮ ਕਬੂਲਦੇ ਹਨ। ਹੁਣ ਇਹ ਆਸ ਮੁਕਾਈ ਬੈਠਦੇ ਜਾ ਰਹੇ ਹਨ।



ਉਪਰੋਕਤ ਜੋ ਵਿਚਾਰ-ਚਰਚਾ ਵਿੱਚ ਚਿੰਤਾ ਪ੍ਰਗਟਾਈ ਜਾ ਰਹੀ ਹੈ, ਉਹ ਚਿਰ ਸਦੀਵੀ ਨਹੀਂ ਹੈ। ਥੋੜ੍ਹੇ ਸਮੇਂ ਤੋਂ ਹੀ ਇਹ ਵਰਤਾਰਾ, ਖਪਤ ਸਭਿਆਚਾਰ ਦੀ ਕ੍ਰਿਪਾ ਕਰਕੇ ਹੀ ਸਾਹਮਣੇ ਆ ਰਿਹਾ ਹੈ। ਅਸਲ ਵਿੱਚ ਸਾਲ 1991 ਦੇ ਕਰੀਬ ਦੁਨੀਆਂ ਦੇ ਵਿਕਾਸਸ਼ੀਲ ਦੇਸ਼, ਆਪਣੇ ਦੇਸ਼ ਦੀ ਤਰ੍ਹਾਂ ਪੂੰਜੀ ਦਾ ਸੰਕਟ, ਪੈਦਾਵਾਰ ਦੇ ਵਾਧੂ ਭੰਡਾਰਾਂ ਦੀ ਖਪਤ ਦੀ ਚਿੰਤਾ ਦਾ ਸੰਕਟ ਦਾ ਹੱਲ ਵਿਗਿਆਨਕ ਤਰੀਕੇ ਨਾਲ ਨਹੀਂ ਕੱਢ ਰਹੇ ਹਨ। ਵਿਗਿਆਨਕ ਤਰੀਕਾ ਹੈ, ਖਪਤਕਾਰ ਦੀ ਖਰੀਦ ਸ਼ਕਤੀ ਵਿੱਚ ਵਾਧਾ ਕਰਨਾ - ਖਪਤਕਾਰੀ ਕਿਰਤੀ ਜਨ ਸਮੂਹ ਨੂੰ ਕੰਮ ਦੇਣ ਦੀ ਵਿਵਸਥਾ ਕਰਨਾ ਤਾਂ ਜੋ ਉਸ ਦੀ ਖਰੀਦ ਸ਼ਕਤੀ ਵਿੱਚ ਵਾਧਾ ਹੋ ਸਕੇ ਅਤੇ ਇਨ੍ਹਾਂ ਪੂੰਜੀਪਤੀਆਂ ਦੀ ਕ੍ਰਿਪਾ ਨਾਲ ਲੱਗੇ ਜਿਨਸਾਂ ਦੇ ਵਾਧੂ ਭੰਡਾਰ, ਤੋਂ ਇਨ੍ਹਾਂ ਦਾ ਛੁਟਕਾਰਾ ਹੋ ਸਕੇ।

ਆਪਣੇ ਮੁਨਾਫ਼ਿਆਂ ਦੀ ਖਾਤਰ ਉਸ ਖਪਤਕਾਰੀ ਦੀ ਖਰੀਦ ਸ਼ਕਤੀ ਵਧਾਉਣ ਦੀ ਬਜਾਏ, ਆਪਣੇ ਵਿਕਾਸ ਦੀਆਂ ਨੀਤੀਆਂ ਨੂੰ ਉਲਟ ਦਿਸ਼ਾ ਵਿੱਚ ਲਿਜਾਣ ਦੀ ਕੋਸ਼ਿਸ਼ ਵਿੱਚ ਹਨ। ਉਨ੍ਹਾਂ ਵਿਕਸਿਤ ਪੂੰਜੀਵਾਦੀ ਦੇਸ਼ਾਂ ਦੇ ਹਾਕਮਾਂ ਨੇ ਜਿਹੜੇ ਦੇਸ਼ ਵਾਧੂ ਭੰਡਾਰਾਂ ਦੇ ਸੰਕਟਾਂ ਦਾ ਖੁ ਸ਼ਿਕਾਰ ਹਨ, ਉਨ੍ਹਾਂ ਆਪਣੇ ਦੇਸ਼ ਦੀ ਤਰ੍ਹਾਂ ਵਿਕਾਸਸ਼ੀਲ ਦੇਸ਼ਾਂ ਨੂੰ ਆਪਣੀ ਚੁੰਗਲ ਵਿੱਚ ਫਸਾ ਲਿਆ ਹੈ ਅਤੇ ਸਾਰੇ ਸੰਸਾਰ ਦੀ ਮੰਡੀ ਉਪਰ ਅੰਗਰੇਜ਼ ਹਾਕਮਾਂ ਦੀ ਤਰ੍ਹਾਂ ਆਪਣਾ ਕਬਜ਼ਾ ਵੀ ਜਮਾਉਣ ਦੀ ਦੌੜ ਲਗਾ ਰੱਖੀ ਹੈ। ਇਹ ਦੇਸ਼ ਆਪਣਾ ਮਾਲ ਇਨ੍ਹਾਂ ਵਿਕਾਸਸ਼ੀਲ ਦੇਸ਼ਾਂ ਵਿੱਚ ਭੇਜਣਾ ਸ਼ੁਰੂ ਕਰ ਰਹੇ ਹਨ, ਜਿਸ ਦਾ ਅਸਰ ਹਰ ਤਰ੍ਹਾਂ ਦੇ ਕੰਮਕਾਜ ’ਤੇ ਪੈ ਰਿਹਾ ਹੈ। ਇਨ੍ਹਾਂ ਨਵੀਆਂ ਨੀਤੀਆਂ ਨੂੰ ਪਹਿਲਾਂ ਕਾਂਗਰਸ ਦੀ ਅਗਵਾਈ ਵਿੱਚ ਪੈਰ ਧਰਾਵਾ ਕੀਤਾ ਤੇ ਇਨ੍ਹੀ ਦਿਨੀਂ ਬੀ.ਜੇ.ਪੀ. ਦੀ ਅਗਵਾਈ ਵਾਲੀ ਸਰਕਾਰ ਨੇ ਆਪਣੇ ਦੇਸ਼ ਦੇ ਪੈਦਾਵਾਰ ਦੇ ਮਾਲਕਾਂ ਦੇ ਹੱਥ ਠੋਕੇ ਬਣਨ ਵਿੱਚ ਕੋਈ ਕਸਰ ਬਾਕੀ ਨਹੀਂ ਛੱਡ ਰਹੇ ਹਨ।

ਇਸ ਵਰਤਾਰੇ ਦਾ ਬਹੁਤ ਵੱਡਾ ਅਸਰ, ਵਿਹਲੀ ਨੌਜਵਾਨ ਪੀੜ੍ਹੀ ਕਬੂਲ ਰਹੀ ਹੈ। ਇਹ ਪੂੰਜੀਪਤੀ ਜੋ ਕੁਝ ਵੀ ਮਾੜਾ-ਅਟਗਵਾਦ, ਭੀੜਤੰਤਰ, ਜਾਤੀ ਵਿਤਕਰੇ, ਹਿੰਦੂ ਰਾਸ਼ਟਰ ਦਾ ਨਾਹਰਾ, ਜੰਗ ਦਾ ਪ੍ਰਚਾਰ ਆਦਿ ਦਾ ਅਸਰ ਵਿਸ਼ੇਸ਼ ਕਰਕੇ ਲੜਕੀਆਂ ਦੀ ਅਸੁਰਖਿਆ ਦਾ ਮਸਲਾ ਆਦਿ ਹੋਰ ਬਹੁਤ ਕੁਝ ਮਾੜਾ ਵਾਪਰ ਰਿਹਾ ਹੈ, ਇਨ੍ਹਾਂ ਧਨਪਤੀਆਂ ਨੂੰ ਬਹੁਤ ਰਾਸ ਆਉਂਦਾ ਹੈ। ਉਹ ਹਰ ਸਮਾਂ ਕਿਰਤੀਪਤੀ ਦੇ ਪਰਿਵਾਰਾਂ ਦਾ ਧਿਆਨ ਉਨ੍ਹਾਂ ਦੀਆਂ ਅਸਲ ਮੁਸ਼ਕਿਲਾਂ-ਮਹਿੰਗਾਈ, ਬੇਰੁਜ਼ਗਾਰੀ ਆਦਿ ਤੋਂ ਹੋਰ ਪਾਸੇ ਕਰਨ ਲਈ, ਇਸ ਵਿਹਲੀ ਸ਼ਕਤੀ ਨੂੰ ਹੱਲਾਸ਼ੇਰੀ ਦੇਣ ਦੀ ਮਨਸ਼ਾ ਵਿੱਚ ਰਹਿੰਦਾ ਹੈ। ਅੱਜ ਦੀ ਨਵੀਂ ਪੀੜ੍ਹੀ ਬੱਸਾਂ, ਗੱਡੀਆਂ ਵਿੱਚ ਸਫ਼ਰ ਕਰਨ ਸਮੇਂ ਆਪਣੇ ਆਲੇ-ਦੁਆਲੇ ਦੀ ਪਰਵਾਹ ਕੀਤੇ ਬਗੈਰ ਹੀ ਆਪਣੇ ਕੰਨਾਂ ਨੂੰ ਫੋਨ ਲਗਾ ਲੈਂਦੇ ਹਨ। ਉਨ੍ਹਾਂ ਦੇ ਹਾਣ ਤੋਂ ਵੱਡੀ ਪੀੜ੍ਹੀ ਇਨ੍ਹਾਂ ਦੀ ਇਸ ਸਮਝਦਾਰੀ ਨੂੰ ਕੋਈ ਖਾਸ ਚੰਗਾ ਨਹੀਂ ਸਮਝਦੀ। ਕਿਉਂਕਿ ਉਨ੍ਹਾਂ ਦੀ ਇਹ ਨਿਜ਼ਤਾ ਵਾਲੀ ਸੋਚਣੀ ਰੱਖਣ ਵਾਲੀਆਂ ਤੋਂ ਦੇਸ਼ ਦੇ ਉੱਜਲ ਭਵਿੱਖ ਦੀ ਆਸ ਲਗਾਉਣਾ ਇਕ ਭੁਲੇਖਾ ਸਮਝਣ ਲੱਗ ਪਏ ਹਨ।

ਮਾਰਕਸਵਾਦ-ਲੈਨਿਨਵਾਦ ਨੂੰ ਗੰਭੀਰਤਾ ਨਾਲ ਸਮਝਣ ਵਾਲੇ ਸਾਥੀਆਂ ਦੇ ਹਿੱਸੇ ਇਨ੍ਹਾਂ ਚੁਣੌਤੀਆਂ ਨੂੰ ਕਬੂਲਣਾ ਆਉਂਦਾ ਹੈ। ਉਹੀ ਇਸ ਖਪਤਕਾਰੀ ਸਭਿਆਚਾਰ ਦੀਆਂ ਅਸਲ ਜੜ੍ਹਾਂ ਨੂੰ ਸਮਝਦੇ ਹਨ। ਮਾਰਕਸਵਾਦ ਤੇ ਲੈਨਿਨਵਾਦ ਦੀ ਸਮਝਦਾਰੀ ਨੂੰ ਪ੍ਰਨਾਏ ਸੁਹਿਰਦ ਸਾਥੀ ਵਿਕਾਸ ਦੇ ਪੂੰਜੀਵਾਦੀ ਰਾਹ ’ਤੇ ਚੜਾਅ, ਖੜੋਤ ਅਤੇ ਨਿਗਾਰ ਨੂੰ ਗੰਭੀਰਤਾ ਨਾਲ ਸਮਝ ਰਹੇ ਹਨ। ਉਨ੍ਹਾਂ ਨੂੰ ਪਤਾ ਹੈ ਕਿ ਪੂੰਜੀਵਾਦ ਦੇ ਰਾਹ ਚੱਲਣ ਵਾਲੇ ਵਰਤਾਰੇ ਨਾਲ ਹੀ ਕਿਸੇ ਦੇਸ਼ ਦਾ ਧਨ ਕੁਝ ਕੁ ਧਨ ਕੁਬੇਰਾਂ ਦੇ ਹਿੱਸੇ ਵੱਲ ਕਿਵੇਂ ਜਾਂਦਾ ਹੈ ਅਤੇ ਦੇਸ਼ ਦੀ ਬਾਕੀ ਸਮੂਹ ਕਿਰਤੀ ਵਸੋਂ ਦੇ ਹਿੱਸੇ ਇਸ ਧਨ ਦਾ ਬਹੁਤ ਨਿਗੁਣਾ ਹਿੱਸਾ ਆਉਂਦਾ ਹੈ। ਸਿੱਟੇ ਵਜੋਂ ਉਸ ਕਿਰਤੀ ਦੀ ਆਪਣੀ ਮਿਹਨਤ ਸ਼ਕਤੀ ਦੀ ਕ੍ਰਿਪਾ ਰਾਹੀਂ ਪੈਦਾ ਕੀਤੇ ਮਾਲ ਦੀ ਖਪਤ ਲਈ ਆਪਣੀ ਖਰੀਦ ਸ਼ਕਤੀ ਗਵਾ ਬੈਠਦਾ ਹੈ।

ਸਵਾਲ ਇਹ ਹੈ ਕਿ ਇਸ ਕੁੰਭਕਰਨੀ ਨੀਂਦੇ ਸੁੱਤੇ ਕਿਰਤੀਪਤੀ ਨੂੰ ਜਗਾਇਆ ਕਿਵੇਂ ਜਾਏ? ਵਿਗਿਆਨਕ ਸਮਝਦਾਰੀ ਰੱਖਣ ਵਾਲੇ ਸਾਥੀ ਜਾਣਦੇ ਹਨ ਕਿ ਜਿਸ ਵੇਲੇ ਕਿਰਤੀ, ਜਿਸ ਦਾ ਬਹੁਤ ਵੱਡਾ ਹਿੱਸਾ ਅਜੇ ਬਹੁਤ ਭੁਲੇਖੇ ਵਿੱਚ ਹੈ, ਜਦੋਂ ਜਾਗ ਪਿਆ, ਉਦੋਂ ਆਪਣੇ ਕਿੱਤੇ ਦੀਆਂ ਜਥੇਬੰਦੀਆਂ ਦਾ ਅੰਗ ਬਣ ਕੇ ਸਰਪਟ ਦੌੜੇਗਾ। ਸੋ ਮਾਰਕਸਵਾਦ, ਲੈਨਿਨਵਾਦ ਦੀ ਸਮਝਦਾਰੀ ਨਾਲ ਪ੍ਰਨਾਏ ਸੁਹਿਰਦ ਸਾਥੀ ਹੀ ਇਨ੍ਹਾਂ ਕਿਰਤਪਤੀਆਂ ਦੀ ਬਝਵੀ ਸ਼ਕਤੀ ਰਾਹੀਂ, ਇਸ ਸਰਮਾਏਦਾਰੀ ਨੂੰ, ਜਿਸ ਦੇ ਕਾਰਨ ਮਨੁੱਖ ਦੀ ਥਾਂ ਮੁਨਾਫ਼ਾ ਪ੍ਰਧਾਨ ਹੈ, ਨੂੰ ਜੜ੍ਹੋਂ ਪੁੱਟ ਕੇ ਸਮੁੰਦਰ ਵਿੱਚ ਸਦਾ ਸਦਾ ਲਈ ਸੁੱਟ ਸਕਦਾ ਹੈ ਅਤੇ ਇਹੋ ਜਿਹੇ ਰਾਹ ਦੀ ਸਿਰਜਣਾ ਕਰਨ ਦੇ ਸਮਰੱਥ ਹੋ ਜਾਏਗਾ, ਜਿਸ ਵਿੱਚ ਮਹਿੰਗਾਈ, ਬੇਰੁਜ਼ਗਾਰੀ, ਭ੍ਰਿਸ਼ਟਾਚਾਰ, ਲੜਕੀਆਂ ਦੀ ਅਸੁਰਖਿਆ ਆਦਿ ਹੋਰ ਲਾਹਨਤਾਂ ਤੋਂ ਸਦਾ ਲਈ ਛੁਟਕਾਰਾ ਹੋ ਜਾਏਗਾ। ਤਾਂ ਫਿਰ ਕੋਈ ਵੀ ਵਿਹਲੇ ਹੱਥ ਹੋਣਗੇ ਅਤੇ ਨਾਹੀ ਲੂਪਨ ਪਰੋਲੇਤਾਰੀ (ਵਿਗੜਿਆ ਮਜ਼ਦੂਰ) ਕੁਕਰਮ ਕਰਨ ਲਈ ਧਨਪਤੀਆਂ ਦਾ ਹੱਥ-ਠੋਕਾ ਬਣੇਗਾ।

ਜਦੋਂ ਫ਼ਿਰ ਕੁੜੀਆਂ ਵੀ ਆਪਣੀ ਨਾਰੀ ਸ਼ਕਤੀ ਨੂੰ ਪਛਾਨ ਲੈਣਗੀਆਂ ਅਤੇ ਉਹ ਵੀ ਵਿਗਿਆਨਕ ਲੀਹਾਂ ’ਤੇ ਆਪਣੀਆਂ ਸਭਾਵਾਂ ਦਾ ਗਠਨ ਕਰਨ ਵਿੱਚ ਸਫ਼ਲ ਹੋ ਕੇ ਆਪਣੇ ਕਿਰਤੀ ਯੁੱਧ ਸਾਥੀਆਂ ਦੇ ਮੋਢੇ ਨਾਲ ਮੋਢਾ ਜੋੜ ਕੇ ਚੱਲਣ ਦੇ ਸਮਰਥ ਹੋਣਗੀਆਂ ਅਤੇ ਆਪਣੀ ਜਥੇਬੰਦੀ ਦੀ ਸ਼ਕਤੀ ਦੇ ਬਲਬੂਤੇ ਗੁਲਾਬ ਕੌਰ ਤੇ ਰਾਣੀ ਝਾਂਸੀ ਦੀ ਤਰ੍ਹਾਂ ਸ਼ੇਰਨੀਆਂ ਬਣ ਜਾਣਗੀਆਂ। ਉਹ ਫ਼ਿਰ ਕੁੜੀਆਂ ਚਿੜੀਆਂ ਨਹੀਂ ਰਹਿਣਗੀਆਂ। ਉਹ ਬਾਜਾਂ ਨੂੰ ਨਿਖੇੜਨ ਵਿੱਚ ਸਫ਼ਲ ਹੋ ਜਾਣਗੀਆਂ ਅਤੇ ਪਰਾਇਆ ਧਨ ਦੀ ਥਾਂ ਇੱਕ ਕੀਮਤੀ ਧਨ ਬਣ ਜਾਣਗੀਆਂ। ਬੱਸ ਕਿਰਤੀਆਂ ਦੀ ਇਸ ਸਮੁੱਚੀ ਧਿਰ ਨੂੰ ਜਥੇਬੰਦ ਕਰਕੇ ਵਿਗਿਆਨਕ ਲੀਹਾਂ ’ਤੇ ਤੋਰਨ ਦੀ ਹੀ ਲੋੜ ਹੈ, ਲੋਹਾ ਗਰਮ ਹੈ ਸਿਰਫ਼ ਬਝਵੀਆਂ ਸੱਟਾਂ ਮਾਰਨ ਦੀ ਲੋੜ ਹੈ।

# ਬੀ ਬੀ ਐਮ ਬੀ ਹਸਪਤਾਲ ਨੰਗਲ ਵਿੱਚ ਸਿਰਫ ਦਿਨ ਵੇਲੇ ਹੀ ਹੁੰਦੇ ਹਨ ਸਿਜੇਰੀਅਨ ਅਪ੍ਰੇਸਨ ਦੁਆਰਾ ਜਣੇਪੇ

ਪੰਜਾਬ ਸਰਕਾਰ ਅਤੇ ਕੇਂਦਰ ਸਰਕਾਰ ਵਲੋਂ ਜੱਚਾ-ਬੱਚਾ ਸੁਰਖਿੱਆ ਸਕੀਮ ਅਧੀਨ ਗਰਭਵਤੀ ਮਹਿਲਾਵਾਂ ਲਈ ਵਿਸ਼ੇਸ ਯੋਜਨਾਵਾਂ ਚਲਾਈਆਂ ਜਾ ਰਹੀਆਂ ਹਨ। ਸਰਕਾਰ ਵਲੋਂ ਜਣੇਪੇ ਦੌਰਾਨ ਮਹਿਲਾਵਾਂ ਦੀ ਮੌਤ ਦਰ ਘਟਾਉਣ ਲਈ ਸੰਸਥਾਗਤ ਜਣੇਪੇ ਕਰਵਾਉਣ ਦੀਆਂ ਹਦਾਇਤਾਂ ਜਾਰੀ ਕੀਤੀਆਂ ਜਾਂਦੀਆਂ ਹਨ। ਬੀ ਬੀ ਐਮ ਬੀ ਹਸਪਤਾਲ ਨੰਗਲ ਜੋਕਿ ਭਾਖੜਾ ਬਿਆਸ ਮੈਨੇਜਮੈਂਟ ਬੋਰਡ ਅਧੀਨ ਹੈ ਵਿੱਚ ਪੰਜਾਬ ਸਰਕਾਰ ਦੀਆਂ ਕਈ ਸਿਹਤ ਸਕੀਮਾਂ ਚੱਲ ਰਹੀਆਂ ਹਨ ਜਿਨ੍ਹਾਂ ਵਿਚੋਂ ਬਲੱਡ ਬੈਂਕ, ਆਈ ਸੀ ਟੀ ਸੀ, ਟੀ ਬੀ ਕੰਟਰੋਲ ਪ੍ਰੋਗਰਾਮ ਆਦਿ ਸ਼ਾਮਲ ਹਨ। ਇਸ ਹਸਪਤਾਲ ਵਿੱਚ ਗਰਭਵਤੀ ਮਹਿਲਾਵਾਂ ਲਈ ਵੀ ਪੰਜਾਬ ਸਰਕਾਰ ਦੀਆਂ ਚੱਲ ਰਹੀਆਂ ਸਕੀਮਾਂ ਨੂੰ ਲਾਗੂ ਕੀਤਾ ਗਿਆ ਹੈ। ਪੰਜਾਬ ਅਤੇ ਹਿਮਾਚਲ ਪ੍ਰਦੇਸ਼ ਦੇ ਨੰਗਲ ਇਲਾਕੇ ਦੇ ਸੈਕੜ੍ਹੇ ਪਿੰਡਾਂ ਦੇ ਲੋਕ ਸਿਹਤ ਸਹੂਲਤਾਂ ਲਈ ਸਿਰਫ ਬੀ ਬੀ ਐਮ ਬੀ ਹਸਪਤਾਲ ਨੰਗਲ ਤੇ ਹੀ ਨਿਰਭਰ ਹਨ। ਇਸ ਹਸਪਤਾਲ ਵਿੱਚ ਅੰਦਾਜਨ 40 ਤੋਂ 50 ਗਰਭਵਤੀ ਮਹਿਲਾਵਾਂ ਰੋਜਾਨਾ ਚੈਕ ਅੱਪ ਲਈ ਆਂਦੀਆਂ ਹਨ। ਇਸ ਵੇਲੇ ਇਸ ਹਸਪਤਾਲ ਵਿੱਚ ਮਹਿਲਾ ਰੋਗ ਮਾਹਿਰ ਡਾਕਟਰ ਸ਼ਾਲਿਨੀ ਚੋਧਰੀ ਕੰਮ ਕਰ ਰਹੇ ਹਨ। ਇਸ ਹਸਪਤਾਲ ਵਿੱਚ ਜ਼ਿਆਦਾਤਰ ਗਰੀਬ ਪਰਿਵਾਰਾਂ ਦੀਆਂ ਗਰਭਵਤੀ ਮਹਿਲਾਵਾਂ ਜਣੇਪੇ ਲਈ ਆਉਂਦੀਆਂ ਹਨ ਕਿਉਂਕਿ ਉਹ ਪ੍ਰਾਈਵੇਟ ਹਸਪਤਾਲਾਂ ਵਿੱਚ ਜਣੇਪਾ ਕਰਵਾਉਣ ਦਾ ਖਰਚ ਨਹੀਂ ਕਰ ਸਕਦੀਆਂ। ਇਸ ਹਸਪਤਾਲ ਵਿੱਚ ਪਿਛਲੇ ਸਮੇਂ ਦੌਰਾਨ ਸਿਜੇਰੀਅਨ ਅਪ੍ਰੇਸ਼ਨ ਦੁਆਰਾ ਜਣੇਪਿਆਂ ਦੀ ਗਿਣਤੀ ਵਿੱਚ ਕਾਫੀ ਵਾਧਾ ਹੋਇਆ ਹੈ। ਇਸ ਸਬੰਧੀ ਇਸ ਹਸਪਤਾਲ ਤੋਂ ਸੂਚਨਾ ਅਧਿਕਾਰ ਅਧੀਨ ਪ੍ਰਾਪਤ ਜਾਣਕਾਰੀ ਵਿੱਚ ਇਹ ਸਾਹਮਣੇ ਆਇਆ ਹੈ ਕਿ ਇਸ ਹਸਪਤਾਲ ਵਿੱਚ ਜਣੇਪੇ ਲਈ ਆਣ ਵਾਲੀਆਂ ਮਹਿਲਾਵਾਂ ਨੂੰ ਪ੍ਰੇਸਾਨ ਹੋਣਾ ਪੈਂਦਾ ਹੈ। ਬੇਸ਼ੱਕ ਇਸ ਹਸਪਤਾਲ ਵਿੱਚ ਹਰ ਰੋਜ ਜਣੇਪਾ ਹੁੰਦਾ ਹੈ ਅਤੇ 24 ਘੰਟੇ ਇਹ ਸਹੂਲਤ ਮਿਲਦੀ ਹੈ ਪ੍ਰੰਤੂ ਸਿਜੇਰੀਅਨ ਅਪ੍ਰੇਸ਼ਨ ਦੁਆਰਾ ਜਣੇਪੇ ਸਿਰਫ ਦਿਨ ਵੇਲੇ ਉਹ ਵੀ ਆਮ ਤੋਰ ਤੇ ਸਵੇਰੇ 08 ਵਜੇ ਤੋਂ ਸ਼ਾਮ 03 ਵਜੇ ਤੱਕ ਦਰਮਿਆਨ ਹੀ ਹੋਏ ਹਨ ਕਾਫੀ ਸੰਕਾਮਈ ਹੈ। ਸੂਚਨਾ ਅਧਿਕਾਰ ਅਧੀਨ ਮਈ, ਜੂਨ ਅਤੇ ਜੁਲਾਈ 2019 ਦੇ 03 ਮਹੀਨਿਆਂ ਦੇ ਜਣੇਪਾ ਰਿਕਾਰਡ ਅਨੁਸਾਰ ਕਈ ਵਾਰ 01 ਘੰਟੇ ਦੌਰਾਨ ਹੀ 03 ਸਿਜੇਰੀਅਨ ਅਪ੍ਰੇਸ਼ਨ ਦੁਆਰਾ ਜਣੇਪੇ ਕੀਤੇ ਗਏ ਹਨ। ਇਸ ਸਬੰਧੀ ਪ੍ਰਾਪਤ ਜਾਣਕਾਰੀ ਅਨੁਸਾਰ ਮਈ 2019 ਵਿੱਚ ਕੁੱਲ 52 ਜਣੇਪੇ ਹੋਏ ਹਨ ਜਿਨ੍ਹਾਂ ਵਿੱਚੋਂ 33 ਨਾਰਮਲ ਅਤੇ 19 ਸਿਜੇਰੀਅਨ ਅਪ੍ਰੇਸ਼ਨ ਦੁਆਰਾ ਹੋਏ ਹਨ। ਜੇਕਰ ਇਸ ਸਬੰਧੀ ਜਾਤ ਅਧਾਰਿਤ ਅੰਕੜੇ ਵੇਖੀਏ ਤਾਂ ਇਸ ਮਹੀਨੇ ਵਿੱਚ ਅਨੁਸੂਚਿਤ ਜਾਤਿ ਨਾਲ ਸਬੰਧਿਤ 08 ਮਹਿਲਾਵਾਂ ਦੇ ਸਿਜੇਰੀਅਨ ਅਪ੍ਰੇਸ਼ਨ ਦੁਆਰਾ ਅਤੇ 13 ਮਹਿਲਾਵਾਂ ਦੇ ਨਾਰਮਲ ਜਣੇਪੇ ਹੋਏ, ਪੱਛੜੇ ਵਰਗਾਂ ਨਾਲ ਸਬੰਧਿਤ 03 ਮਹਿਲਾਵਾਂ ਦੇ ਸਿਜੇਰੀਅਨ ਅਪ੍ਰੇਸ਼ਨ ਦੁਆਰਾ ਅਤੇ 09 ਮਹਿਲਾਵਾਂ ਦੇ ਨਾਰਮਲ ਜਣੇਪੇ ਹੋਏ ਅਤੇ ਜਨਰਲ ਵਰਗ ਨਾਲ ਸਬੰਧਿਤ 08 ਮਹਿਲਾਵਾਂ ਦੇ ਸਿਜੇਰੀਅਨ ਅਪ੍ਰੇਸ਼ਨ ਦੁਆਰਾ ਅਤੇ 11 ਮਹਿਲਾਵਾਂ ਦੇ ਨਾਰਮਲ ਜਣੇਪੇ ਹੋਏ ਹਨ। ਜੂਨ 2019 ਵਿੱਚ ਕੁੱਲ 43 ਜਣੇਪੇ ਹੋਏ ਹਨ ਜਿਨ੍ਹਾਂ ਵਿੱਚੋਂ 32 ਨਾਰਮਲ ਅਤੇ 11 ਸਿਜੇਰੀਅਨ ਅਪ੍ਰੇਸ਼ਨ ਦੁਆਰਾ ਹੋਏ ਹਨ। ਜੇਕਰ ਇਸ ਸਬੰਧੀ ਜਾਤ ਅਧਾਰਿਤ ਅੰਕੜੇ ਵੇਖੀਏ ਤਾਂ ਇਸ ਮਹੀਨੇ ਵਿੱਚ ਅਨੁਸੂਚਿਤ ਜਾਤਿ ਨਾਲ ਸਬੰਧਿਤ 02 ਮਹਿਲਾਵਾਂ ਦੇ ਸਿਜੇਰੀਅਨ ਅਪ੍ਰੇਸ਼ਨ ਦੁਆਰਾ ਅਤੇ 11 ਮਹਿਲਾਵਾਂ ਦੇ ਨਾਰਮਲ ਜਣੇਪੇ ਹੋਏ, ਪੱਛੜੇ ਵਰਗਾਂ ਨਾਲ ਸਬੰਧਿਤ 02 ਮਹਿਲਾਵਾਂ ਦੇ ਸਿਜੇਰੀਅਨ ਅਪ੍ਰੇਸ਼ਨ ਦੁਆਰਾ ਅਤੇ 13 ਮਹਿਲਾਵਾਂ ਦੇ ਨਾਰਮਲ ਜਣੇਪੇ ਹੋਏ ਅਤੇ ਜਨਰਲ ਵਰਗ ਨਾਲ ਸਬੰਧਿਤ 07 ਮਹਿਲਾਵਾਂ ਦੇ ਸਿਜੇਰੀਅਨ ਅਪ੍ਰੇਸ਼ਨ ਦੁਆਰਾ ਅਤੇ 08 ਮਹਿਲਾਵਾਂ ਦੇ ਨਾਰਮਲ ਜਣੇਪੇ ਹੋਏ ਹਨ। ਜੁਲਾਈ 2019 ਵਿੱਚ ਕੁੱਲ 79 ਜਣੇਪੇ ਹੋਏ ਹਨ ਜਿਨ੍ਹਾਂ ਵਿੱਚੋਂ 44 ਨਾਰਮਲ ਅਤੇ 35 ਸਿਜੇਰੀਅਨ ਅਪ੍ਰੇਸ਼ਨ ਦੁਆਰਾ ਹੋਏ ਹਨ। ਜੇਕਰ ਇਸ ਸਬੰਧੀ ਜਾਤ ਅਧਾਰਿਤ ਅੰਕੜੇ ਵੇਖੀਏ ਤਾਂ ਇਸ ਮਹੀਨੇ ਵਿੱਚ ਅਨੁਸੂਚਿਤ ਜਾਤਿ ਨਾਲ ਸਬੰਧਿਤ 11 ਮਹਿਲਾਵਾਂ ਦੇ ਸਿਜੇਰੀਅਨ ਅਪ੍ਰੇਸ਼ਨ ਦੁਆਰਾ 20 ਮਹਿਲਾਵਾਂ ਦੇ ਨਾਰਮਲ ਜਣੇਪੇ ਹੋਏ, ਪੱਛੜੇ ਵਰਗਾਂ ਨਾਲ ਸਬੰਧਿਤ 09 ਮਹਿਲਾਵਾਂ ਦੇ ਸਿਜੇਰੀਅਨ ਅਪ੍ਰੇਸ਼ਨ ਦੁਆਰਾ ਅਤੇ 14 ਮਹਿਲਾਵਾਂ ਦੇ ਨਾਰਮਲ ਜਣੇਪੇ ਹੋਏ ਅਤੇ ਜਨਰਲ ਵਰਗ ਨਾਲ ਸਬੰਧਿਤ 15 ਮਹਿਲਾਵਾਂ ਦੇ ਸਿਜੇਰੀਅਨ ਅਪ੍ਰੇਸ਼ਨ ਦੁਆਰਾ ਅਤੇ 10 ਮਹਿਲਾਵਾਂ ਦੇ ਨਾਰਮਲ ਜਣੇਪੇ ਹੋਏ ਹਨ। ਇਸ ਹਸਪਤਾਲ ਵਿੱਚ 3 ਮਹੀਨਿਆਂ ਵਿੱਚ ਹੋਏ ਕੁੱਲ 174 ਜਣੇਪਿਆਂ ਵਿੱਚੋਂ 65 ਜਣੇਪੇ ਭਾਵ 37 ਫਿਸਦੀ ਸਿਜੇਰੀਅਨ ਅਪ੍ਰੇਸਨ ਦੁਆਰਾ ਹੀ ਹੋਏ ਹਨ ਜੋਕਿ ਸਾਡੇ ਲਈ ਚਿੰਤਾ ਦਾ ਵਿਸ਼ਾ ਹੈ ਕਿਉਂਕਿ ਵਿਸ਼ਵ ਸਿਹਤ ਸੰਗਠਨ ਅਨੁਸਾਰ 10 ਤੋਂ 15 ਫਿਸਦੀ ਜਣੇਪੇ ਹੀ ਸਿਜੇਰੀਅਨ ਅਪ੍ਰੇਸ਼ਨ ਦੁਆਰਾ ਹੋਣੇ ਚਾਹੀਦੇ ਹਨ। ਭਾਰਤ ਸਬੰਧੀ ਅੰਤਰਰਾਸਟਰੀ ਰਿਪੋਰਟਾਂ ਅਨੁਸਾਰ ਵੀ ਸਿਜੇਰੀਅਨ ਅਪ੍ਰੇਸ਼ਨ ਦੁਆਰਾ ਦੁਆਰਾ ਜਣੇਪਿਆਂ ਦੀ ਗਿਣਤੀ ਸਾਲ 2000 ਵਿੱਚ ਸਿਰਫ 12 ਫਿਸਦੀ ਸੀ ਜੋਕਿ ਸਾਲ 2015 ਵਿੱਚ ਵੱਧਕੇ 21 ਫਿਸਦੀ ਹੋ ਗਈ ਹੈ। ਰਾਸ਼ਟਰੀ ਪਰਿਵਾਰ ਸਿਹਤ ਸਰਵੇਖਣ ਅਨੁਸਾਰ ਪੰਜਾਬ ਵਿੱਚ ਸਿਜੇਰੀਅਨ ਅਪ੍ਰੇਸ਼ਨ ਦੁਆਰਾ ਸਰਕਾਰੀ ਸਿਹਤ ਕੇਂਦਰਾਂ ਵਿੱਚ ਸਿਰਫ 17.8 ਫਿਸਦੀ ਜਣੇਪੇ ਹੀ ਸਿਜੇਰੀਅਨ ਅਪ੍ਰੇਸ਼ਨ ਦੁਆਰਾ ਹੋਏ ਹਨ। ਵਿਸ਼ਵ ਸਿਹਤ ਸੰਗਠਨ ਅਨੁਸਾਰ ਸਿਜੇਰੀਅਨ ਅਪ੍ਰੇਸ਼ਨ ਦੁਆਰਾ ਜਣੇਪਾ ਕਰਨਾ ਸਿਰਫ ਕੁੱਝ ਵਿਸੇਸ ਹਾਲਤਾਂ ਜਿਵੇਂ ਕਿ ਜੇਕਰ ਹੋਣ ਵਾਲੇ ਬੱਚੇ ਦਾ ਸਿਰ ਵੱਡਾ ਹੋਵੇ, ਬੱਚੇ ਦੇ ਪੈਰ ਬਾਹਰ ਵੱਲ ਹੋਣ, ਪਹਿਲਾਂ ਜਣੇਪੇ ਖਤਰਨਾਕ ਰਹੇ ਹੋਣ, ਮਾਂ ਦਾ ਬਲੱਡ ਪ੍ਰੈਸਰ ਗੜਬੜ ਕਰਦਾ ਹੋਵੇ ਆਦਿ ਵਰਗੇ ਹਾਲਾਤ ਸਾਮਲ ਹਨ। ਸਰਕਾਰ ਵਲੋਂ ਮਰੀਜਾਂ ਦੇ ਅਧਿਕਾਰਾਂ ਸਬੰਧੀ ਜਾਰੀ ਹਦਾਇਤਾਂ ਦੀ ਵੀ ਇਸ ਹਸਪਤਾਲ ਵਿੱਚ ਮਹਿਲਾ ਰੋਗ ਮਾਹਿਰ ਡਾਕਟਰ ਵਲੋਂ ਉਲੰਘਣਾਂ ਕੀਤੀ ਜਾ ਰਹੀ ਹੈ। ਇਸ ਹਸਪਤਾਲ ਵਿੱਚ ਇਲਾਜ ਲਈ ਆਣ ਵਾਲੀਆਂ ਕੁੱਝ ਗਰਭਵਤੀ ਮਹਿਲਾਵਾਂ ਨੇ ਨਾਮ ਗੁੱਪਤ ਰੱਖਣ ਦੇ ਅਧਾਰ ਤੇ ਦੱਸਿਆ ਹੈ ਕਿ ਇਸ ਹਸਪਤਾਲ ਦੀ ਮਹਿਲਾ ਰੋਗ ਮਾਹਿਰ ਡਾਕਟਰ ਵਲੋਂ ਕਿਸੇ ਵਿਸ਼ੇਸ ਲੈਬੋਰਟਰੀ ਤੋਂ ਟੈਸਟ ਕਰਵਾਉਣ ਲਈ ਕਿਹਾ ਜਾਂਦਾ ਹੈ ਅਤੇ ਜੇਕਰ ਕਿਸੇ ਹੋਰ ਲੈਬੋਰਟਰੀ ਤੋਂ ਟੈਸਟ ਕਰਵਾਏ ਜਾਣ ਤਾਂ ਡਾਕਟਰ ਵੇਖਣ ਤੋਂ ਹੀ ਮਨ੍ਹਾਂ ਕਰ ਦਿੰਦੀ ਹੈ। ਇਸੇ ਤਰਾਂ ਹੀ ਜਣੇਪੇ ਲਈ ਅਤੇ ਜਣੇਪੇ ਤੋਂ ਪਹਿਲਾਂ ਬਾਹਰੋਂ ਦਵਾਈਆਂ ਮੰਗਵਾਈਆਂ ਜਾਂਦੀਆਂ ਹਨ। ਸਰਕਾਰ ਵਲੋਂ ਮੁਫੱਤ ਜਣੇਪਾ ਯੋਜਨਾ ਅਧੀਨ ਮਿਲਣ ਵਾਲੀ ਸਹੂਲਤ ਦੀ ਥਾਂ ਗਰਭਵਤੀ ਮਹਿਲਾਵਾਂ ਨੂੰ ਹਜਾਰਾਂ ਰੁਪਏ ਟੈਸਟਾਂ, ਦਵਾਈਆਂ ਬੇਹੋਸ਼ੀ ਵਾਲੇ ਡਾਕਟਰ ਦੀ ਫੀਸ ਆਦਿ ਲਈ ਖਰਚਣੇ ਪੈਂਦੇ ਹਨ। ਕੁੱਲ ਮਿਲਾਕੇ ਇਲਾਕੇ ਦੇ ਗਰੀਬ ਮਰੀਜ਼ਾਂ ਦਾ ਸ਼ੋਸਣ ਹੋ ਰਿਹਾ ਹੈ। ਕੁਲਦੀਪ ਚੰਦ ਨੇ ਸਰਕਾਰ ਤੋਂ ਮੰਗ ਕੀਤੀ ਹੈ ਇਸ ਹਸਪਤਾਲ ਵਿੱਚ ਵੱਧ ਰਹੇ ਸਿਜ਼ੇਰੀਅਨ ਅਪ੍ਰੇਸਨ ਦੁਆਰਾ ਜਣੇਪਿਆਂ ਸਬੰਧੀ ਜਾਂਚ ਕੀਤੀ ਜਾਵੇ, ਮਹਿਲਾ ਰੋਗ ਮਾਹਿਰ ਡਾਕਟਰ ਵਲੋਂ ਵਿਸ਼ੇਸ ਲੈਬੋਰਟਰੀਆਂ ਤੋਂ ਟੈਸਟ ਕਰਵਾਉਣ ਅਤੇ ਵਿਸ਼ੇਸ ਦੁਕਾਨਾਂ ਤੋਂ ਦਵਾਈਆਂ ਮੰਗਵਾਉਣ ਸਬੰਧੀ ਉੱਚ ਪੱਧਰੀ ਜਾਂਚ ਕਰਵਾਈ ਜਾਵੇ ਅਤੇ ਇਸ ਸਬੰਧੀ ਬਣਦੀ ਕਨੂੰਨੀ ਕਾਰਵਾਈ ਕੀਤੀ ਜਾਵੇ।






ਕੁਲਦੀਪ ਚੰਦ
91-9417563054

# ਗੁਰੂ ਘਰ ਲਈ ਜਾਨ ਕੁਰਬਾਨ ਵਾਲਾ ਰੰਘਰੇਟਾ-ਭਾਈ ਜੀਵਨ ਸਿੰਘ/ ਭਾਈ ਜੈਤਾ

ਸਿੱਖ ਇਤਿਹਾਸ ਸਿੰਘਾਂ ਦੀਆਂ ਆਥਾਹ,ਵਿਲੱਖਣ ਅਤੇ ਅਦੁੱਤੀ ਕੁਰਬਾਨੀਆਂ ਨਾਲ ਭਰਿਆ ਪਿਆ ਹੈ। ਸਿੱਖੀ ਦੀ ਗੈਰਤ ਨੂੰ ਜਿਉਂਦੇ ਰੱਖਣ ਲਈ ਕੌਮ ਦੇ ਸੂਰਬੀਰਾਂ, ਸਿਰਲੱਥ ਯੋਧਿਆਂ, ਬਹਾਦਰਾਂ ਨੇ ਗੁਰੂ ਸਾਹਿਬਾਨ ਦੇ ਇਸ਼ਾਰੇ ਤੇ ਸ਼ਹਾਦਤਾਂ ਦੇ ਜਾਮ ਪੀ ਕੇ ਇਤਿਹਾਸ ਚ ਅਦੁੱਤੀ, ਅਨੋਖੀ ਅਤੇ ਵਿਲੱਖਣ ਮਿਸ਼ਾਲ ਕਾਇਮ ਕੀਤੀ ਅਤੇ ਆਪਣੇ ਖ਼ੂਨ ਨਾਲ ਇਤਿਹਾਸ ਦੇ ਪੰਨੇ ਲਿਖੇ।

ਸਿੱਖ ਤਵਾਰੀਖ਼ ਦੀਆਂ ਪਰਤਾਂ ਫੋਲਦਿਆਂ ਸਿੱਖ ਪੰਥ ਦੇ ਮਹਾਨ ਸ਼ਹੀਦਾਂ ਦਾ ਜ਼ਿਕਰ ਹੁੰਦੇ ਹੀ ਭਾਈ ਜੈਤਾ/ ਭਾਈ ਜੀਵਨ ਸਿੰਘ ਜੀ ਦਾ ਨਾਂ ਵੀ ਇਤਿਹਾਸ ਦੀਆਂ ਉੱਪਰਲੀਆਂ ਸਫ਼ਾਂ ਵਿੱਚ ਆਉਂਦਾ ਹੈ। ਸਿੱਖ ਧਰਮ ਦੇ ਇਸ ਮਹਾਨ ਜਰਨੈਲ ਦਾ ਜਨਮ 5 ਸਤੰਬਰ 1661 ਈਸਵੀ ਨੂੰ ਪਿਤਾ ਭਾਈ ਸਦਾ ਨੰਦ ਜੀ ਦੇ ਘਰ ਮਾਤਾ ਪ੍ਰੇਮੋ ਦੀ ਕੁੱਖੋਂ ਪਟਨਾ ਸਾਹਿਬ ਵਿਖੇ ਹੋਇਆ ਸੀ। ਭਾਵੇਂ ਭਾਈ ਜੈਤਾ ਜੀ ਦੇ ਜਨਮ ਅਤੇ ਸ਼ਹੀਦੀ ਦੀਆਂ ਤਰੀਕਾਂ ਸੰਬੰਧੀ ਇਤਿਹਾਸਕਾਰਾਂ ਵਿੱਚ ਮੱਤਭੇਦ ਹਨ, ਪਰ ਇਹਨਾਂ ਦੇ ਮਾਤਾ ਪਿਤਾ ਗੁਰੂ ਘਰ ਦੇ ਸ਼ਰਧਾਲੂ ਅਤੇ ਗੁਰੂ ਤੇਗ ਬਹਾਦਰ ਜੀ ਦੇ ਪੱਕੇ ਸਿੱਖ ਸਨ। ਜਦੋਂ ਉਹਨਾਂ ਦਾ ਜਨਮ ਹੋਇਆ ਸੀ, ਉਹਨਾਂ ਦੇ ਮਾਤਾ ਪਿਤਾ ਗੁਰੂ ਤੇਗ ਬਹਾਦਰ ਜੀ ਨਾਲ ਪੂਰਬ ਦੇਸ਼ਾਂ ਦੀ ਯਾਤਰਾ ਤੇ ਸਨ।ਭਾਈ ਜੈਤਾ ਜੀ ਦਾ ਬਚਪਨ ਵੀ ਪਟਨੇ ਸ਼ਹਿਰ ਦੀਆਂ ਗਲੀਆਂ ਵਿੱਚ ਗੁਜ਼ਰਿਆ। ਉਹਨਾਂ ਨੇ ਦਸਵੇਂ ਗੁਰੂ ਜੀ ਨਾਲ ਹੀ ਵਿੱਦਿਆ ਹਾਸਲ ਕੀਤੀ ਸੀ ਅਤੇ ਇਕੱਠਿਆਂ ਨੇ ਹੀ ਸ਼ਾਸ਼ਤਰ ਵਿੱਦਿਆ, ਗਤਕਾ, ਤੀਰ ਅੰਦਾਜੀ, ਘੋੜ ਸਵਾਰੀ ਆਦਿ ਦੇ ਗੁਰ ਸਿੱਖੇ ਅਤੇ ਨਿਪੁੰਨਤਾ ਹਾਸਲ ਕੀਤੀ ਸੀ।



ਇੰਜੀ. ਸਤਨਾਮ ਸਿੰਘ ਮੱਟੂ
91-97797-08257

ਮੁਗਲ ਹਕੂਮਤ ਔਰੰਗਜ਼ੇਬ ਦੇ ਜ਼ੁਲਮਾਂ ਦੇ ਸਤਾਏ ਕਸ਼ਮੀਰੀ ਪੰਡਿਤਾਂ ਦਾ ਇੱਕ ਵਫਦ ਪੰਡਿਤ ਕਿਰਪਾ ਰਾਮ ਦੀ ਅਗਵਾਈ ਹੇਠ ਹਿੰਦੂ ਧਰਮ ਦੀ ਸਲਾਮਤੀ ਲਈ ਮੱਦਦ ਕਰਨ ਲਈ ਆਨੰਦਪੁਰ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਕੋਲ ਬੇਨਤੀ ਕਰਨ ਆਇਆ ਸੀ। ਜਦੋਂ ਗੁਰੂ ਸਾਹਿਬ ਆਨੰਦਪੁਰ ਸਾਹਿਬ ਤੋਂ ਦਿੱਲੀ ਲਈ ਚੱਲੇ ਸਨ ਤਾਂ ਭਾਈ ਜੈਤਾ ਵੀ ਜਥੇ ਨਾਲ ਦਿੱਲੀ ਗਏ ਸਨ। "ਹਿੰਦ ਦੀ ਚਾਦਰ" ਨੌਵੀਂ ਪਾਤਸ਼ਾਹੀ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ 11 ਨਵੰਬਰ 1675 ਈਸਵੀ ਨੂੰ ਜਦੋਂ ਦਿੱਲੀ ਦੇ ਚਾਂਦਨੀ ਚੌਕ ਵਿੱਚ ਹਿੰਦੂ ਧਰਮ ਦੀ ਰੱਖਿਆ ਲਈ ਆਪਣੀ ਸ਼ਹਾਦਤ ਦਿੱਤੀ ਸੀ ਤਾਂ ਭਾਈ ਜੈਤਾ ਜੀ ਨੇ ਮੁਗਲ ਹਕੂਮਤ ਦੀ ਚੇਤਾਵਨੀ ਦੀ ਪਰਵਾਹ ਨਾ ਕਰਦਿਆਂ ਆਪਣੇ ਤਨ ਤੇ ਲੱਖ ਮੁਸੀਬਤਾਂ ਝੱਲਦਿਆਂ ਮੌਤ ਦਾ ਕੱਫਣ ਸਿਰ ਤੇ ਬੰਨ ਕੇ ਗੁਰੂ ਜੀ ਦਾ ਸੀਸ ਦਿੱਲੀ ਤੋਂ ਚੁੱਕ ਕੇ ਅਦਬ ਸਤਿਕਾਰ ਨਾਲ ਸੀਨੇ ਨਾਲ ਲਗਾ ਆਨੰਦਪੁਰ ਪਹੁੰਚਾਇਆ ਸੀ। ਕੁਝ ਇਤਿਹਾਸਕਾਰਾਂ ਦਾ ਮੱਤ ਹੈ ਕਿ ਭਾਈ ਜੈਤਾ ਜੀ ਨੇ ਆਪਣੇ ਪਿਤਾ ਸਦਾ ਨੰਦ ਦਾ ਸੀਸ ਘੜੀ ਯੋਜਨਾ ਮੁਤਾਬਿਕ ਕੱਟ ਕੇ ਲਿਆਂਦਾ ਸੀ ਅਤੇ ਨੌਵੇਂ ਪਾਤਸ਼ਾਹ ਦੇ ਧੜ ਕੋਲ ਰੱਖਕੇ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਸੀਸ ਚੁੱਕ ਲਿਆ ਸੀ, ਇਹ ਯੋਜਨਾ ਉਹਨਾਂ ਆਪਣੇ ਪਿਤਾ ਨਾਲ ਮਿਲਕੇ ਇੱਕ ਰਾਤ ਪਹਿਲਾਂ ਬਣਾਈ ਸੀ। ਦਸਮ ਪਿਤਾ, ਸਰਬੰਸਦਾਨੀ, ਚੋਜੀ ਪ੍ਰੀਤਮ ਗੋਬਿੰਦ ਰਾਏ (ਸ੍ਰੀ ਗੁਰੂ ਗੋਬਿੰਦ ਸਿੰਘ ਜੀ) ਨੇ ਭਾਈ ਜੈਤਾ ਨੂੰ ਘੁੱਟ ਕੇ ਗਲਵੱਕੜੀ ਵਿੱਚ ਲੈ ਆਪਣੇ ਸੀਨੇ ਲਗਾ ਲਿਆ ਸੀ ਅਤੇ "ਰੰਗਰੇਟੇ ਗੁਰੂ ਕੇ ਬੇਟੇ" ਦੇ ਖਿਤਾਬ ਨਾਲ ਨਿਵਾਜਿਆ ਸੀ। ਇਸ ਤਰ੍ਹਾਂ ਭਾਈ ਜੈਤਾ ਜੀ ਨੂੰ ਗੁਰੂ ਜੀ ਦਾ ਪੁੱਤਰ ਹੋਣ ਦਾ ਮਾਣ ਪ੍ਰਾਪਤ ਹੋਇਆ। ਉਸੇ ਦਿਨ ਤੋਂ ਭਾਈ ਜੈਤਾ ਜੀ ਗੁਰੂ ਜੀ ਪਾਸ ਆਨੰਦਪੁਰ ਸਾਹਿਬ ਹੀ ਰਹਿਣ ਲੱਗ ਪਏ ਸਨ।

ਇਸ ਸਮੇਂ ਭਾਈ ਜੈਤਾ ਜੀ ਤੋਂ ਗੁਰੂ ਜੀ ਨੇ ਪੁੱਛਿਆ ਸੀ, "ਜਦੋਂ ਗੁਰੂ ਪਿਤਾ ਜੀ ਨੂੰ ਸ਼ਹੀਦ ਕੀਤਾ ਗਿਆ ਸੀ, ਉਸ ਸਮੇਂ ਉੱਥੇ ਹੋਰ ਸਿੰਘ ਕਿੰਨੇ ਸਨ?" ਤਾਂ ਭਾਈ ਜੈਤਾ ਜੀ ਨੇ ਬਹੁਤ ਹੀ ਠਰੰਮੇ ਅਤੇ ਸਹਿਜਤਾ ਨਾਲ ਜਵਾਬ ਦਿੱਤਾ ਸੀ,"ਗੁਰੂ ਜੀ, ਸਿੰਘ ਤਾਂ ਹੋਣਗੇ, ਪਰ ਏਨੇ ਇਕੱਠ ਵਿੱਚ ਕਿਹੜਾ ਪਛਾਣ ਹੁੰਦੀ ਸੀ। "ਸ਼ਾਇਦ ਭਾਈ ਜੈਤਾ ਜੀ ਦੇ ਏਸੇ ਜਵਾਬ ਨਾਲ ਚੋਜੀ ਪ੍ਰੀਤਮ ਕਲਗੀਆਂ ਵਾਲੇ ਨੇ 1699 ਦੀ ਵਿਸਾਖੀ ਨੂੰ ਸਿੱਖ ਧਰਮ ਨੂੰ ਇੱਕ ਵੱਖਰੀ ਪਛਾਣ ਦਿੱਤੀ ਕਿ ਮੇਰਾ ਸਿੱਖ ਲੱਖਾਂ ਵਿੱਚ ਖੜ੍ਹਾ ਅਲੱਗ ਦਿਸੇ। ਆਪ ਵੀ ਪੰਜ ਪਿਆਰਿਆਂ ਤੋਂ ਪੰਜ ਕਰਾਰ ਅਤੇ ਅੰਮ੍ਰਿਤ ਪਾਨ ਕਰਕੇ ਗੋਬਿੰਦ ਰਾਏ ਤੋਂ ਗੋਬਿੰਦ ਸਿੰਘ ਬਣ ਗਏ ਸਨ ।ਇਸ ਦਿਨ ਭਾਈ ਜੈਤਾ ਜੀ ਵੀ ਗੁਰੂ ਜੀ ਤੋਂ ਪਵਿੱਤਰ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਕੇ ਭਾਈ ਜੀਵਨ ਸਿੰਘ ਬਣ ਗਏ। ਉਹਨਾਂ ਦਾ ਵਿਆਹ ਭਾਈ ਖਜਾਨ ਸਿੰਘ ਵਾਸੀ ਪੱਟੀ ਦੀ ਸਪੁੱਤਰੀ ਬੀਬੀ ਰਾਜ ਕੌਰ ਨਾਲ ਹੋਇਆ ਸੀ। ਉਹਨਾਂ ਦੇ ਘਰ ਚਾਰ ਪੁੱਤਰਾਂ ਭਾਈ ਗੁਰਦਿਆਲ ਸਿੰਘ, ਭਾਈ ਗੁਲਜ਼ਾਰ ਸਿੰਘ, ਭਾਈ ਸੁੱਖਾ ਸਿੰਘ ਅਤੇ ਭਾਈ ਸੇਵਾ ਸਿੰਘ ਨੇ ਜਨਮ ਲਿਆ। ਉਹਨਾਂ ਨੇ ਵੀ ਸਿੱਖ ਧਰਮ ਲਈ ਕੀਤੇ ਜਾਂਦੇ ਕੰਮਾਂ ਵਿੱਚ ਆਪਣਾ ਪੂਰਨ ਯੋਗਦਾਨ ਪਾਇਆ ਅਤੇ ਗੁਰੂ ਜੀ ਦੇ ਹੁਕਮਾਂ ਦੀ ਪਾਲਣਾ ਕੀਤੀ। ਉਹ ਇੱਕ ਮਹਾਨ ਕਵੀ ਦਾ ਰੁਤਬਾ ਵੀ ਰੱਖਦੇ ਸਨ। ਗੁਰੂ ਜੀ ਦੇ 52 ਕਵੀਆਂ ਦੀ ਸੰਗਤ ਮਾਨਣ ਵੀ ਉਹਨਾਂ ਨੂੰ ਸੁਭਾਗ ਪ੍ਰਾਪਤ ਹੋਇਆ ਸੀ।



ਭਾਈ ਜੀਵਨ ਸਿੰਘ ਜੀ ਨੇ ਪੰਥਕ ਫੌਜ ਵੱਲੋਂ ਜ਼ੁਲਮ ਖਿਲਾਫ ਲੜ੍ਹੀ ਹਰ ਲੜਾਈ ਵਿੱਚ ਗੁਰੂ ਜੀ ਦਾ ਵੱਧ ਚੜ੍ਹ ਕੇ ਸਾਥ ਦਿੱਤਾ ਅਤੇ ਗੁਰੂ ਜੀ ਨਾਲ ਢਾਲ ਬਣਕੇ ਰਹੇ।ਜਦੋਂ 20 ਦਸੰਬਰ (6ਪੋਹ) 1704 ਈਸਵੀ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਪਰਿਵਾਰ ਸਮੇਤ ਮੁਗਲਾਂ ਦੇ ਇਕਰਾਰਨਾਮੇ ਮੁਤਾਬਿਕ ਆਨੰਦਪੁਰ ਸਾਹਿਬ ਛੱਡਿਆ ਤਾਂ ਗੁਰੂ ਜੀ ਨੇ ਭਾਈ ਜੀਵਨ ਸਿੰਘ ਜੀ ਨਾਲ ਭਾਈ ਬਚਿੱਤਰ ਸਿੰਘ ਅਤੇ ਭਾਈ ਉਦੈ ਸਿੰਘ ਦੀ ਡਿਊਟੀ ਕਾਫਲੇ ਦੇ ਅਖੀਰ ਵਿੱਚ ਲਗਾਈ ਸੀ, ਕਿਉਂਕਿ ਗੁਰੂ ਜੀ ਜਾਣਦੇ ਸਨ ਕਿ ਮੁਗਲ ਹਕੂਮਤ ਆਪਣੇ ਵਾਅਦੇ ਤੋਂ ਜਰੂਰ ਮੁੱਕਰੇਗੀ ਅਤੇ ਉਹਨਾਂ ਦੀ ਫੌਜ ਕਾਫਲੇ ਤੇ ਪਿੱਠ ਪਿੱਛੇ ਹਮਲਾ ਕਰੇਗੀ ਤਾਂ ਉਨ੍ਹਾਂ ਨਾਲ ਇਹ ਸਿਰਲੱਥ ਸੂਰਮੇ ਹੀ ਨਜਿੱਠਣ ਦੀ ਜੁਅਰਤ ਰੱਖਦੇ ਹਨ। ਸੋ ਇਹ ਸੂਰਬੀਰ ਯੋਧੇ ਗੁਰੂ ਜੀ ਦੀ ਕਸਵੱਟੀ ਉੱਪਰ ਖਰੇ ਉੱਤਰੇ ਅਤੇ ਕਾਫਲੇ ਦੀ ਪੂਰੀ ਹਿਫਾਜ਼ਤ ਕੀਤੀ।

ਜਦੋਂ ਸਰਸਾ ਨਦੀ ਤੋਂ ਗੁਰੂ ਦਾ ਪਰਿਵਾਰ ਵਿੱਛੜ ਗਿਆ ਤਾਂ ਭਾਈ ਜੀਵਨ ਸਿੰਘ ਜੀ ਗੁਰੂ ਜੀ ਨਾਲ 21 ਦਸੰਬਰ (7 ਪੋਹ) ਨੂੰ ਚਮਕੌਰ ਦੀ ਕੱਚੀ ਗੜ੍ਹੀ ਵਿੱਚ ਆ ਗਏ। ਚਮਕੌਰ ਦੀ ਜੰਗ ਵਿੱਚ ਭਾਈ ਜੀਵਨ ਸਿੰਘ ਜੀ ਗੁਰੂ ਜੀ ਨਾਲ ਮੋਢੇ ਨਾਲ ਮੋਢਾ ਜੋੜ ਕੇ ਖੜੇ ਅਤੇ ਵੈਰੀਆਂ ਨਾਲ ਲੜਾਈ ਵਿੱਚ ਆਪਣੀ ਬਹਾਦਰੀ ਦੇ ਜੌਹਰ ਦਿਖਾਏ।

ਜਦੋਂ ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਅਤੇ ਬਾਬਾ ਜੁਝਾਰ ਸਿੰਘ ਦੁਸ਼ਮਣਾਂ ਨਾਲ ਲੋਹਾ ਲੈਂਦਿਆਂ ਸ਼ਹੀਦੀ ਜਾਮ ਪੀ ਗਏ ਤਾਂ ਬਾਕੀ ਬਚੇ ਸਿੰਘਾਂ ਨੇ ਗੁਰੂ ਜੀ ਨੂੰ ਕੱਚੀ ਗੜ੍ਹੀ ਚੋਂ ਚਲੇ ਕੀਤੀ। ਗੁਰੂ ਜੀ ਨੇ ਇਨਕਾਰ ਕਰਦਿਆਂ ਕਿਹਾ, "ਮੈਂ ਤੁਹਾਨੂੰ ਮੁਸ਼ਕਿਲ ਵਿੱਚ ਮਰਨ ਲਈ ਛੱਡ ਨਹੀਂ ਜਾਵਾਂਗਾ। "ਪੰਜ ਪਿਆਰੇ ਸਿੰਘਾਂ ਨੇ ਇਕੱਠੇ ਹੋਕੇ ਹੁਕਮ ਸੁਣਾਇਆ, "ਤੁਸੀਂ ਇੱਥੋਂ ਚਲੇ ਜਾਉ ਅਤੇ ਜਾਕੇ ਪੰਥ ਦੀ ਸੰਭਾਲ ਕਰੋ।" ਅੰਤ (9 ਪੋਹ) ਨੂੰ ਪੰਜ ਪਿਆਰਿਆਂ ਦਾ ਹੁਕਮ ਪਾਕੇ ਗੁਰੂ ਜੀ ਆਪਣੀ ਦਸਤਾਰ ਅਤੇ ਕਲਗੀ ਭਾਈ ਸੰਗਤ ਸਿੰਘ ਜੀ ਦੇ ਸਿਰ ਸਜਾ ਕੇ ਤਾੜੀ ਮਾਰਕੇ ਗੜ੍ਹੀ ਛੱਡ ਗਏ। ਗੁਰੂ ਜੀ ਜਾਣ ਪਿੱਛੋਂ ਲੜਾਈ ਦੀ ਕਮਾਨ ਭਾਈ ਜੀਵਨ ਸਿੰਘ ਜੀ ਨੇ ਸੰਭਾਲੀ ਅਤੇ ਵੈਰੀਆਂ ਦੇ ਟਿੱਡੀ ਦਲ ਨੂੰ ਭਾਜੜਾਂ ਪਵਾਈਆਂ ਸਨ।

ਅੰਤ ਵੈਰੀਆਂ ਨਾਲ ਟੱਕਰ ਲੈਂਦਿਆਂ 24 ਦਸੰਬਰ 1704 ਈਸਵੀ ਨੂੰ ਸਵੇਰੇ ਭਾਈ ਜੀਵਨ ਸਿੰਘ ਜੀ ਸ਼ਹੀਦੀ ਪ੍ਰਾਪਤ ਕਰ ਗਏ।

ਇਸ ਜੰਗ ਵਿੱਚ ਭਾਈ ਜੀਵਨ ਸਿੰਘ ਜੀ ਸਪੁੱਤਰਾਂ ਭਾਈ ਸੁੱਖਾ ਸਿੰਘ, ਭਾਈ ਸੇਵਾ ਸਿੰਘ ਅਤੇ ਉਹਨਾਂ ਦੇ ਛੋਟੇ ਭਰਾ ਭਾਈ ਸੰਗਤ ਸਿੰਘ ਜੀ ਨੇ ਵੀ ਸ਼ਹੀਦੀ ਜਾਮ ਪੀਤਾ।ਉਹਨਾਂ ਗੁਰੂ ਜੀ ਦੇ ਥਾਪੜੇ ਨਾਲ ਹਰ ਲੜਾਈ ਵਿੱਚ ਫਤਿਹ ਪ੍ਰਾਪਤ ਕੀਤੀ।

ਇਸ ਤਰ੍ਹਾਂ ਗੁਰੂ ਘਰ ਦਾ ਇਹ ਅਨਿਨ ਸੇਵਕ ਆਪਣੀ ਸਾਰੀ ਜ਼ਿੰਦਗੀ ਸਿੱਖ ਧਰਮ ਅਤੇ ਪੰਥ ਦੇ ਲੇਖੇ ਲਾ ਗਿਆ। ਸਮੂਹ ਸਿੱਖ ਭਾਈਚਾਰਾ ਉਹਨਾਂ ਦੀ ਲਾਸਾਨੀ ਸ਼ਹਾਦਤ ਅਤੇ ਸਿੱਖ ਧਰਮ ਲਈ ਪਾਏ ਯੋਗਦਾਨ ਨੂੰ ਹਮੇਸ਼ਾ ਯਾਦ ਰੱਖੇਗਾ ਅਤੇ ਅੱਜ ਸਿੱਖ ਸਮੁਦਾਇ ਵੱਲੋਂ ਭਾਈ ਜੈਤਾ ਜੀ ਨੂੰ ਉਹਨਾਂ ਦੇ ਸ਼ਹੀਦੀ ਦਿਵਸ ਤੇ ਯਾਦ ਕੀਤਾ ਜਾ ਰਿਹਾ ਹੈ।






## ਗੁਰੂ ਨਾਨਕ ਦੇਵ ਜੀ ਦੇ 550ਵੇਂ ਪਾਵਨ ਪ੍ਰਕਾਸ਼ ਪੁਰਬ 'ਤੇ

# 'ਛੋਡੀ ਲੇ ਪਾਖੰਡਾ, ਨਾਮਿ ਲਇਐ ਜਾਹਿ ਤਰੰਦਾ'



ਸਿੱਖ ਧਰਮ ਦੇ ਪਹਿਲੇ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਜੀਵਨ ਕਾਲ 'ਚ ਸੰਸਾਰਕ ਲੋਕਾਈ ਨੂੰ ਇਕ ਨਵੀਂ ਧਾਰਮਿਕ, ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਦਿਸ਼ਾ ਪ੍ਰਦਾਨ ਕੀਤੀ। ਇਨਸਾਨ ਨੂੰ ਆਪਣੀ ਆਰਥਿਕ ਦਸ਼ਾ ਤੇ ਜੀਵਨ ਦਾ ਨਿਰਵਾਹ ਕਰਨ ਲਈ ਸੱਚ-ਹੱਕ ਦੀ ਕਿਰਤ-ਕਮਾਈ ਕਰਕੇ ਗੁਜ਼ਾਰਾ ਕਰਨ ਦੀ ਜੋ ਨਵੀਂ ਵਿਗਿਆਨਕ ਚੇਤਨਤਾ ਦਿੱਤੀ ਤੇ ਇਹ ਵੀ ਕਿਹਾ ਇਸ ਮਿਹਨਤ ਦੀ ਕਮਾਈ 'ਚੋਂ ਕੁਝ ਬੱਚਤ ਕਰਕੇ ਕਿਸੇ ਗਰੀਬ ਦੀ ਮਦਦ ਵੀ ਕਰਨੀ ਚਾਹੀਦੀ ਹੈ। ਗੁਰੂ ਨਾਨਕ ਦੇਵ ਜੀ ਦਾ ਪਾਵਨ ਪ੍ਰਕਾਸ਼ 1469 ਈਸਵੀ ਦੀ ਕੱਤਕ ਸੁਦੀ ਦੀ ਪੂਰਨਮਾਸ਼ੀ ਵਾਲੇ ਦਿਨ ਰਾਇ ਭੋਇ ਦੀ ਤਲਵੰਡੀ (ਹੁਣ ਪਾਕਿਸਤਾਨ) ਵਿਖੇ ਹੋਇਆ। ਇਸ ਨੂੰ ਅੱਜਕਲ੍ਹ ਸ੍ਰੀ ਨਨਕਾਣਾ ਸਾਹਿਬ ਕਿਹਾ ਜਾਂਦਾ ਹੈ। ਗੁਰੂ ਜੀ ਦੇ ਪਿਤਾ ਜੀ ਦਾ ਨਾਮ ਕਲਿਆਣ ਦਾਸ (ਮਹਿਤਾ ਕਾਲੂ) ਅਤੇ ਮਾਤਾ ਜੀ ਦਾ ਨਾਮ ਸ੍ਰੀਮਤੀ ਤ੍ਰਿਪਤਾ ਜੀ ਸੀ। ਗੁਰੂ ਸਾਹਿਬ ਦੀ ਇਕ ਵੱਡੀ ਭੈਣ ਵੀ ਸੀ ਜਿਸ ਦਾ ਨਾਮ ਨਾਨਕੀ ਜੀ ਸੀ। ਉਨ੍ਹਾਂ ਦੀ ਭੈਣ ਗੁਰੂ ਜੀ ਤੋਂ ਉਮਰ 'ਚ ਕਾਫੀ ਵੱਡੀ ਸੀ। ਸਿੱਖ ਇਤਿਹਾਸ 'ਚ ਉਨ੍ਹਾਂ ਦਾ ਨਾਮ ਬੀਬੀ ਨਾਨਕੀ ਜਾਂ ਭੈਣ ਨਾਨਕੀ ਕਰਕੇ ਵੀ ਪ੍ਰਸਿੱਧ ਹੈ। ਭੈਣ ਨਾਨਕੀ ਦਾ ਇਹ ਨਾਮ ਇਸ ਕਰਕੇ ਰੱਖਿਆ ਗਿਆ ਸੀ ਕਿਉਂਕਿ ਉਨ੍ਹਾਂ ਦਾ ਜਨਮ ਨਾਨਕੇ ਘਰ 'ਚ ਹੋਇਆ ਸੀ।

ਗੁਰੂ ਨਾਨਕ ਦੇਵ ਜੀ ਇਤਿਹਾਸ ਦੇ ਇਕ ਨਾਇਕ ਹੀ ਨਹੀਂ ਬਲਕਿ ਨੂਰਾਨੀ ਜੋਤ, ਗਿਆਨ ਦੀ ਜਗਮਗ ਕਰਦੀ ਮਿਸ਼ਾਲ, ਰੱਬੀ ਰਹਿਮਤਾਂ ਤੇ ਬਖਸ਼ਿਸ਼ਾਂ ਦਾ ਅਤੁੱਟ ਭੰਡਾਰ ਹਨ। ਧਰਮ-ਅਰਥ, ਸਮਾਜ ਤੇ ਰਾਜਨੀਤੀ ਦੀ ਸੂਹੀ ਸੱਜਰੀ ਸਵੇਰ ਅਤੇ ਆਸ਼ਾ ਤੇ ਆਸਥਾ ਦੀ ਸ਼ੁਭ ਪ੍ਰਭਾਤ ਹਨ। ਭਾਈ ਗੁਰਦਾਸ ਜੀ ਉਨ੍ਹਾਂ ਦੇ ਆਗਮਨ ਨੂੰ ਸੂਰਜ ਦਾ ਉਦੈ ਅਥਵਾ ਸੱਚ ਦਾ ਪ੍ਰਕਾਸ਼ ਦੱਸਦੇ ਹਨ ਅਤੇ ਪਾਤਸ਼ਾਹ ਦੇ ਕਥਨਾਂ ਨੂੰ 'ਸਿੰਘ ਗਰਜ਼' ਵੀ ਕਹਿੰਦੇ ਹਨ।

ਸੱਚ ਕੀ ਬਾਣੀ ਨਾਨਕ ਆਖੇ।
ਸਚਿ ਸੁਣਾਇ ਸੀ ਸੱਚ ਕੀ ਬੇਲਾ।।

ਪ੍ਰਮਾਤਮਾ ਨੇ ਸ੍ਰਿਸ਼ਟੀ ਦੇ ਦੁੱਖ ਦਰਦ ਨਵਿਰਤ ਕਰਨ ਅਤੇ ਸੁੱਖ ਆਨੰਦ ਦੀਆਂ ਰਹਿਮਤਾਂ ਵੰਡਣ ਲਈ, "ਜੋਤਿ ਰੂਪੀ ਹਰਿ ਆਪ ਗੁਰੂ ਨਾਨਕੁ ਕਹਾਯਉ" ਭਾਵ ਪ੍ਰਮਾਤਮਾ ਨੇ ਆਪਣੀ ਜਵੰਤ ਜੋਤ ਗੁਰੂ ਨਾਨਕ 'ਚ ਰੱਖ ਕੇ ਪ੍ਰਕਾਸ਼ਮਾਨ ਕੀਤੀ। ਸਵਾਮੀ ਵਿਵੇਕਾਨੰਦ ਜੀ ਕਹਿੰਦੇ ਹਨ ਕਿ, "ਤੱਤਕਾਲੀਨ ਸੰਸਾਰ ਦੀ ਐਸੀ ਦੁਰਦਸ਼ਾ, ਸਤਾਏ ਹੋਏ ਮਨੁੱਖ ਦੀ ਆਵਾਜ਼ ਸੁਣ, ਪ੍ਰਮਾਤਮਾ ਦੀ ਅੱਖ ਵਿਚੋਂ ਇਕ ਹੰਝੂ ਵਗਿਆ ਜੋ ਗੁਰੂ ਨਾਨਕ ਦੇਵ ਜੀ ਦੇ ਰੂਪ ਵਿਚ ਜਗਤ ਵਿਚ ਪ੍ਰਗਟ ਹੋਇਆ। ਤ੍ਰਿਸ਼ਨਾ, ਪਾਖੰਡ, ਅਗਿਆਨਤਾ ਤੇ ਜ਼ੁਲਮ ਵਿਚ ਨਪੀੜੇ ਮਨੁੱਖ ਦੀ ਦਰਦ ਭਰੀ ਪੁਕਾਰ ਨੂੰ ਸੁਣ ਅਕਾਲ ਪੁਰਖ ਨੇ ਰਾਏ ਭੋਏ ਦੀ ਤਲਵੰਡੀ 'ਚ ਇਕ ਅਗੰਮੀ ਨੂਰ ਦੇ ਰੂਪ 'ਚ ਆਗਮਨ ਕੀਤਾ।"



ਪ੍ਰੋ: ਐਚ.ਐਲ.ਕਪੂਰ

"ਉਹ ਆਪ ਨਰਾਇਣ ਕਲਾ ਧਾਰਿ ਜਗਿ ਮੇ ਪਰਵਰਿਉ।"

ਸਾਧੂ ਟੀ. ਐਲ. ਵਾਸਵਾਨੀ ਬਿਆਨ ਕਰਦਾ ਹੈ ਕਿ ਰਾਜ ਕੁਮਾਰ ਸਿਧਾਰਥ ਨੇ ਗਯਾ (ਬਿਹਾਰ) ਸਰਿਊ ਨਦੀ ਦੇ ਕੰਢੇ 12 ਸਾਲ ਘੋਰ ਤਪੱਸਿਆ ਕਰਕੇ "ਬੁੱਧਤਵ" ਦੀ ਪ੍ਰਾਪਤੀ ਕੀਤੀ ਪ੍ਰੰਤੂ ਗੁਰੂ ਨਾਨਕ ਤਾਂ ਬਖਸ਼ ਦਰ ਪ੍ਰਾਪਤ ਕਰ ਪਾਰ ਬ੍ਰਹਮ ਪ੍ਰਮੇਸ਼ਵਰ ਵਿਚ ਇਕ ਸਰੂਪਤਾ ਪ੍ਰਾਪਤ ਕਰ ਉਸ ਦੀ ਆਗਿਆ ਨਾਲ ਜਗਤ ਜਲੰਦੇ ਦੇ ਉਧਾਰ ਲਈ ਸੰਸਾਰ 'ਚ ਪ੍ਰਗਟ ਹੋਏ, ਗੁਰੂ ਨਾਨਕ ਪੈਦਾ ਹੀ ਦੇਵਬੁੱਧਾ ਹੋਏ।

'ਪਹਿਲਾ ਬਾਬੇ ਪਾਯਾ ਬਖਸ਼ ਦਰਿ ਪਿੱਛੋਂ ਦੇ ਫਿਰਿ ਘਾਲਿ ਕਮਾਈ।' ਵਹਿਮਾਂ-ਭਰਮਾਂ ਅਤੇ ਅਗਿਆਨਤਾ ਦਾ ਹਨੇਰਾ ਦੂਰ ਕਰਨਾ, ਤ੍ਰਿਸ਼ਨਾ ਅਗਨ ਵਿਚ ਜਲ ਬਲ ਰਹੇ ਸੰਸਾਰ ਦੇ ਉਧਾਰ ਲਈ ਪਾਖੰਡ, ਪਾਪ, ਅਨਿਆ ਅਤੇ ਜ਼ੁਲਮ ਤੋਂ ਲੁਕਾਈ ਨੂੰ ਮੁਕਤ ਕਰਨ ਦੇ ਰੱਬੀ ਆਦੇਸ਼ ਦੀ ਪੂਰਤੀ ਲਈ ਸੁਲਤਾਨਪੁਰ ਲੋਧੀ ਸਥਿਤ ਵੇਈਂ ਨਦੀ 'ਚ ਤਿੰਨ ਦਿਨ ਤੇ ਤਿੰਨ ਰਾਤਾਂ ਜਲਸਮਾਧੀ ਦੌਰਾਨ ਪਰਮ ਪਿਤਾ ਪ੍ਰਮੇਸ਼ਵਰ ਪਾਸੋਂ ਗੁਰੂ ਪ੍ਰਮੇਸ਼ਵਰ ਦੀ ਪਦਵੀ ਪ੍ਰਾਪਤ ਕਰ ਰੱਬੀ ਆਦੇਸ਼ ਤੇ ਆਵੇਸ਼ ਅਨੁਸਾਰ 'ਪ੍ਰਭੂ ਕਾ ਧਰਮ ਪੰਥ' ਪ੍ਰਗਟ ਕਰਨ ਲਈ ਪਹਿਲਾ ਉਪਦੇਸ਼ ਇਸੇ ਇਤਿਹਾਸਕ ਸਥਾਨ 'ਤੇ ਨਸ਼ਰ ਕੀਤਾ।

ਪੁਰਾਤਨ ਜਨਮ ਸਾਖੀ ਦੇ ਸ਼ਬਦਾਂ 'ਚ ਖੱਫਨੀ ਸਿਰ 'ਤੇ ਬੰਨ੍ਹ ਕਿਹਾ 'ਨਾ ਕੋਈ ਹਿੰਦੂ ਨਾ ਮੁਸਲਮਾਨ'। ਇੱਥੇ ਹੀ ਮੂਲ ਮੰਤਰ '੧ਓ ਅੰਕਾਰ ਤੋਂ ਗੁਰ ਪ੍ਰਸਾਦਿ' ਤੀਕ ਉਚਾਰਿਆ, ਦ੍ਰਿੜ ਕਰਵਾਇਆ ਕਿ ਪਰਮ ਸੱਤ ਕੇਵਲ ਇਕ ਹੈ ਜੋ ਵੰਡਿਆ ਨਹੀਂ ਜਾ ਸਕਦਾ ਅਤੇ ਨਾ ਹੀ ਵਧਾਇਆ ਘਟਾਇਆ ਜਾ ਸਕਦਾ ਹੈ। ਉਹ ਕੇਵਲ ਸਤਿ ਹੈ ਅਤੇ ਇਹੀ ਉਸ ਦਾ ਪਰਾ ਪੂਰਬਲਾ ਨਾਮ ਹੈ। ਉਹ ਅਨਾਮ ਹੈ ਲੇਕਿਨ ਉਸ ਦੇ ਗੁਣਨਾਤਮਿਕ ਨਾਮ- ਉਹ ਸ੍ਰਿਸ਼ਟੀ ਦਾ ਕਰਤਾ ਹੈ, ਡਰ ਭੈਅ ਅਤੇ ਵੈਰ ਤੋਂ ਮੁਕਤ ਹੈ, ਸਮੇਂ ਤੇ ਕਾਲ 'ਚ ਉਸ ਨੂੰ ਬੰਨ੍ਹਿਆ ਨਹੀਂ ਜਾ ਸਕਦਾ, ਗਰਭ 'ਚ ਨਹੀਂ ਪ੍ਰਵੇਸ਼ ਕਰਦਾ, ਸਵੈ ਪ੍ਰਕਾਸ਼ਮਾਨ ਹੈ ਅਤੇ ਸੱਚੇ ਗੁਰੂ ਦੀ ਕਿਰਪਾ ਦੁਆਰਾ ਪ੍ਰਾਪਤ ਹੁੰਦਾ ਹੈ। ਪ੍ਰਮਾਤਮਾ ਦੀ ਹਸਤੀ ਨਾ ਹਿੰਦੂ ਤੇ ਨਾ ਮੁਸਲਮਾਨ ਹੈ। ਮਜ਼ਹਬਾਂ ਤੇ ਧਰਮਾਂ ਦੇ ਨਾਮ 'ਤੇ ਲੜਨ ਵਾਲੇ ਆਪਦੇ ਮਜ਼ਹਬ ਨੂੰ ਉੱਚਾ ਤੇ ਪਵਿੱਤਰ ਅਤੇ ਦੂਸਰੇ ਦੇ ਮਜ਼ਹਬ ਨੂੰ ਨੀਵਾਂ ਦਿਖਾਉਣ ਦੇ ਹੰਕਾਰ 'ਚ ਸਮਾਜ ਨੂੰ ਵੰਡ ਕੇ ਲੜਾ ਰਹੇ ਸਨ। ਰਾਮ ਤੇ ਰਹੀਮ ਨੂੰ ਲੜਾਇਆ ਜਾ ਰਿਹਾ ਸੀ, ਲੇਕਿਨ ਗੁਰੂ ਨਾਨਕ ਦੇਵ ਜੀ ਨੇ ਸਪਸ਼ਟ ਕੀਤਾ ਕਿ ਸਾਰੇ ਧਰਮ ਪ੍ਰਮਾਤਮਾ ਤੋਂ ਹੀ ਉਪਜੇ ਹਨ। ਜਗਤ ਦੇ ਦੁਖਾਂਤ ਨੂੰ ਮਹਿਸੂਸ ਕਰਦਿਆਂ ਗੁਰੂ ਨਾਨਕ ਨੇ 'ਧਰਤ ਲੋਕਾਈ ਸੋਧਣ' ਲਈ ਆਪਣੀਆਂ ਉਦਾਸੀਆਂ ਦਾ ਕਾਰਜ ਆਰੰਭਿਆ।

'ਬਾਬਾ ਦੇਖੈ ਧਿਆਨੁ ਧਰਿ ਜਲਤੀ ਸਭਿ ਪ੍ਰਿਥਵੀ ਦਿਸਿ ਆਈ।
ਬਾਬੇ ਭੇਖ ਬਣਾਇਆ ਉਦਾਸੀ ਕੀ ਰੀਤਿ ਚਲਾਈ।
ਚੜ੍ਹਿਆ ਸੋਧਣ ਧਰਤਿ ਲੋਕਾਈ।' (ਭਾਈ ਗੁਰਦਾਸ ਜੀ)

ਮਾਤਾ-ਪਿਤਾ ਦੇ ਤਰਲੇ ਮਿੰਨਤਾਂ ਤੇ ਮਮਤਾ, ਭੈਣ ਨਾਨਕੀ ਜੀ ਦਾ ਵੈਰਾਗ ਤੇ ਦੋਵੇਂ ਪੁੱਤਰਾਂ ਦਾ ਪਰਿਵਾਰਕ ਮੋਹ ਵੀ ਉਹਨਾਂ ਦੇ ਉਦਾਸੀਆਂ 'ਚ ਲੋਕਾਈ ਨੂੰ ਸੱਚੇ ਮਾਰਗ 'ਤੇ ਪਾ ਕੇ ਸੋਧਣ ਦੇ ਉਦੇਸ਼ ਨੂੰ ਰੋਕ ਨਾ ਸਕਿਆ। ਉਹਨਾਂ ਨੇ ਆਪਣੇ ਤਲਵੰਡੀ ਦੇ, ਦੋ ਬਚਪਨ ਦੇ ਸਾਥੀਆਂ ਭਾਈ ਬਾਲਾ ਜੀ ਤੇ ਭਾਈ ਮਰਦਾਨਾ ਜੀ ਨੂੰ ਆਪਣੇ ਨਾਲ ਲਿਆ। ਭਾਈ ਮਰਦਾਨਾ ਜੀ ਜੋ ਇਸਲਾਮੀ ਸਨ ਤੇ ਮਰਾਸੀ ਵਰਗ ਨਾਲ ਸਬੰਧ ਰੱਖਦੇ ਸਨ। ਉਹ ਸੰਗੀਤ ਦੀ ਪੂਰੀ ਜਾਣਕਾਰੀ ਰੱਖਦੇ ਸਨ ਤੇ ਉਹ ਆਪਣੇ ਸਮੇਂ ਦੇ ਢੱਡ ਵਜਾਉਣ ਦੇ ਮੰਨੇ-ਪ੍ਰਮੰਨੇ ਢਾਡੀ ਸਨ। ਗੁਰੂ ਸਾਹਿਬ ਨੇ ਭਾਈ ਮਰਦਾਨੇ ਨੂੰ ਕਿਹਾ, "ਦਾਨਿਆ ਜੇ ਬਾਣੀ ਨੂੰ ਰਾਗ ਵਿਚ ਮਿਲਾ ਕੇ ਗਾਵੇਂ ਤਾਂ 'ਮਰਦਾਨਾ' ਕਹਾਏਂ।'

ਗੁਰੂ ਨਾਨਕ ਦੇਵ ਜੀ ਧਾਰਮਿਕ ਅਸਥਾਨਾਂ ਵੱਲ ਹੀ ਗਏ। ਉਨ੍ਹਾਂ ਨੇ ਕਿਸੇ ਵੀ ਧਰਮ ਦਾ ਵਿਰੋਧ ਨਹੀਂ ਕੀਤਾ ਸਗੋਂ ਧਰਮ ਅਸਥਾਨਾਂ ਤੇ ਬੈਠੇ ਪਾਖੰਡੀ, ਅੰਧ-ਵਿਸ਼ਵਾਸੀ, ਚਮਤਕਾਰਾਂ ਦਾ ਢੌਂਗ ਕਰਨ ਵਾਲੇ, ਫੋਕੇ ਕਰਮ ਕਾਂਡ ਕਰਨ ਵਾਲੇ ਤੇ ਲੋਕਾਂ ਦੀ ਆਰਥਿਕ ਲੁੱਟ-ਖਸੁੱਟ ਕਰਕੇ ਵਿਖੜੇ ਰਸਤੇ ਪਾਉਣ ਵਾਲੇ ਲੋਕਾਂ ਨਾਲ ਸੰਵਾਦ ਰਚਾਅ ਕੇ ਲੋਕਾਂ ਨੂੰ ਅਸਲੀਅਤ ਸਚਾਈ ਦੱਸ ਕੇ ਗੁਰਬਾਣੀ ਦੁਆਰਾ ਦਲੀਲਾਂ ਦੇ ਕੇ, ਸੰਗੀਤਕ ਧੁੰਨਾਂ ਨਾਲ, ਰੱਬ ਨਾਲ ਜੋੜਿਆ, ਨਾਮ ਜਪਣ, ਕਿਰਤ ਕਰਨ ਤੇ ਵੰਡ ਛਕਣ ਦਾ ਸੰਦੇਸ਼ ਦਿੱਤਾ। ਉਹ ਭਾਰਤ ਦੇ ਲੱਗਭੱਗ ਸਾਰੇ ਤੀਰਥ ਅਸਥਾਨਾਂ 'ਤੇ ਗਏ ਤੇ ਇਸ ਦੇ ਨਾਲ ਹੀ ਆਪਣੀਆਂ ਚਾਰੋ ਉਦਾਸੀਆਂ, ਜਿਹਨਾਂ ਦਾ ਸਮਾਂ ਕੋਈ ਤੀਹ ਸਾਲ ਦੇ ਕਰੀਬ ਬਣਦਾ ਹੈ, ਦੇ ਦੌਰਾਨ ਭਾਰਤ ਦੇ ਨਾਲ ਲੱਗਦੇ ਦੇਸ਼ਾਂ ਨੇਪਾਲ, ਲੰਕਾ ਤੇ ਅਰਬ ਦੇ ਮੱਕੇ-ਮਦੀਨੇ ਆਦਿ ਤੱਕ ਆਪਣੇ ਉਦੇਸ਼ ਦਾ ਪ੍ਰਚਾਰ ਕਰਨ ਲਈ ਗਏ, ਜਿਸ ਨਾਲ ਉਹਨਾਂ ਦੇ ਹਜ਼ਾਰਾਂ ਦੀ ਗਿਣਤੀ 'ਚ ਸ਼ਰਧਾਲੂ ਬਣ ਗਏ।

ਗੁਰੂ ਨਾਨਕ ਦੇਵ ਜੀ ਨੇ ਬਾਬਰ ਦੇ ਜ਼ੁਲਮ ਦਾ ਵਿਰੋਧ ਕੀਤਾ ਤੇ ਉਸ ਨੂੰ ਮਾਨਵਤਾ ਦੀ ਸੇਵਾ ਕਰਨ ਤੇ ਜ਼ੁਲਮ ਨੂੰ ਛੱਡ ਕੇ ਮਾਨਵ ਭਲਾਈ ਲਈ ਕੰਮ ਕਰਨ ਦਾ ਸੰਦੇਸ਼ ਦਿੱਤਾ। ਮਾਲਕ ਭਾਗੋ ਦੀ ਰੋਟੀ ਨੂੰ ਗਰੀਬਾਂ ਦੇ ਖ਼ੂਨ-ਪਸੀਨੇ ਦੀ ਕਮਾਈ ਦੀ ਰੋਟੀ ਕਿਹਾ ਤੇ ਭਾਈ ਲਾਲੋ ਦੀ ਕੋਧਰੇ ਦੀ ਰੋਟੀ ਨੂੰ ਸੱਚੀ-ਸੁੱਚੀ ਕਿਰਤ ਦੀ ਰੋਟੀ ਕਿਹਾ। ਸੱਜਣ ਠੱਗ ਜੋ ਠੱਗੀਆਂ ਮਾਰਦਾ ਸੀ, ਅਜਿਹਾ ਕਰਨ ਤੋਂ ਵਰਜਿਆ ਤੇ ਨਾਮ ਜਪਣ ਤੇ ਕਿਰਤੀ ਰੋਟੀ ਖਾਣ ਦਾ ਸੰਦੇਸ਼ ਦਿੱਤਾ। ਕੌਡੇ ਰਾਕਸ਼ ਨੂੰ ਬੁਰਾਈਆਂ ਤਿਆਗ ਕੇ ਨਾਮ ਜਪਣ ਤੇ ਕਿਰਤ ਕਰਨ ਦਾ ਸੰਦੇਸ਼ ਦਿੱਤਾ। ਇਸ ਤੋਂ ਇਲਾਵਾ ਉਹ ਆਪਣੀਆਂ ਉਦਾਸੀਆਂ ਦੀ ਯਾਤਰਾ ਦੌਰਾਨ ਕਈ ਧਰਮਾਂ ਦੇ ਗੁਰੂਆਂ ਤੇ ਧਰਮ ਦੇ ਠੇਕੇਦਾਰਾਂ ਨੂੰ ਜਿਹਨਾਂ ਦੇ ਕੂੜ ਪ੍ਰਚਾਰ ਕਾਰਨ ਧਰਮ 'ਚ ਆਈ ਗਿਰਾਵਟ ਦਾ ਅਹਿਸਾਸ ਕਰਵਾਇਆ ਤੇ ਮਨੁੱਖ ਦਾ ਅਸਲੀ ਧਰਮ ਮਾਨਵਤਾ ਦੀ ਸੇਵਾ ਕਰਨਾ ਤੇ ਉਹਨਾਂ ਦਾ ਆਦਰਸ਼ਕ, ਗਿਆਨਵਾਨ ਤੇ ਸਿਧਾਂਤਕ ਜੀਵਨ ਬਣਾਉਣਾ ਤਾਂ ਜੋ ਉਹ ਜ਼ਿੰਦਗੀ ਦੀਆਂ ਸਮੱਸਿਆਵਾਂ ਤੇ ਦੁੱਖਾਂ-ਕਲੇਸ਼ਾਂ ਤੋਂ ਨਿਜ਼ਾਤ ਪਾ ਸਕਣ।

ਗੁਰੂ ਨਾਨਕ ਦੇਵ ਜੀ ਬਾਣੀ 'ਚੋਂ ਵੀ ਸਾਨੂੰ ਇਹੀ ਸਿੱਖਿਆ ਮਿਲਦੀ ਹੈ ਕਿ ਮਾਨਵ ਆਪਣਾ ਸਮਾਜਿਕ ਤੇ ਸਦਾਚਾਰਕ ਜੀਵਨ ਬਹੁਮੁੱਲਾ ਬਣਾਵੇ। ਗੁਰੂ ਸਾਹਿਬ ਮਾਨਵ ਨੂੰ ਆਪਣਾ ਵਿਵਹਾਰ ਤੇ ਉੱਚਾ ਆਚਰਣ ਬਣਾਉਣ ਦਾ ਸੰਦੇਸ਼ ਪ੍ਰਮੁੱਖਤਾ ਵਜੋਂ ਦਿੰਦੇ ਹਨ ਤੇ ਕਹਿੰਦੇ ਹਨ- 'ਸੱਚੋਂ ਉਰੈ ਸਭਿ ਕੋ ਉਪਰ ਸੱਚ ਆਚਾਰ।' ਅਗਰ ਮਾਨਵ ਦਾ ਆਪਣਾ ਵਿਵਹਾਰ ਤੇ ਆਚਰਣ ਹੀ ਚੰਗਾ ਨਹੀਂ ਹੈ ਤਾਂ ਇਹ ਜੀਵਨ ਜਿਊਣ ਦਾ ਕੋਈ ਫਾਇਦਾ ਨਹੀਂ। ਇਸ ਸੰਸਾਰ 'ਚ ਉੱਚੇ ਆਚਰਣ ਨਾਲ ਹੀ ਮਾਨਵ ਸਮਾਜ 'ਚ ਆਪਣਾ ਮਾਨ-ਸਨਮਾਨ ਬਣਾ ਸਕਦਾ ਹੈ। ਅਗਲੀ ਗੱਲ ਗੁਰੂ ਸਾਹਿਬ ਸੱਚੀ-ਸੁੱਚੀ ਕਿਰਤ ਕਮਾਈ ਕਰਨ ਦੀ ਕਰਦੇ ਹਨ- 'ਘਾਲਿ ਖਾਇ ਕਿਛੁ ਹੱਥੋਂ ਦੇਹਿ।' ਮਿਹਨਤ ਦੀ ਕਮਾਈ 'ਚੋਂ ਕਿਸੇ ਦੀ ਮਦਦ ਕੀਤਿਆਂ ਮਾਨਸਿਕ ਸੁੱਖ ਮਿਲਦਾ ਹੈ ਤੇ ਗੁਰੂ ਸਾਹਿਬ ਅਗਲੇ ਸਥਾਨ 'ਤੇ ਰੱਬ ਦਾ ਨਾਮ ਜਪਣ ਨੂੰ ਪ੍ਰਮੁੱਖਤਾ ਦਿੰਦੇ ਹਨ।

ਮਨੁੱਖ ਆਪਣੀ ਹਉਮੈ ਨੂੰ ਸੰਤੁਲਨ 'ਚ ਰੱਖੇ ਇਸ ਦਾ ਸੰਤੁਲਨ ਵਿਗੜ ਜਾਣ ਨਾਲ ਮਨੁੱਖ ਦਾ ਜੀਵਨ ਨਰਕ ਬਣ ਸਕਦਾ ਹੈ। ਇਸ ਨੂੰ ਦੂਰ ਕਰਨ ਦਾ ਇਲਾਜ ਵੀ ਸਾਡੇ ਅੰਦਰ ਸਾਡੀ ਮਾਨਸਿਕਤਾ 'ਚ ਹੀ ਹੈ- 'ਹਉਮੈ ਦੀਰਘੁ ਰੋਗੁ ਹੈ ਦਾਰੂ ਭੀ ਇਸੁ ਮਾਹਿ।'

'ਸੱਚ ਤਾ ਪਰੁ ਜਾਣੀਐ।' ਗੁਰੂ ਸਾਹਿਬ ਨੇ ਬੜੀ ਪ੍ਰਭਾਵਸ਼ਾਲੀ ਸ਼ਬਦਾਵਲੀ ਨਾਲ ਗੁੰਮਰਾਹ ਹੋ ਚੁੱਕੇ ਧਾਰਮਿਕ ਆਗੂਆਂ ਤੇ ਮਨੁੱਖਾਂ ਨੂੰ ਸੱਚੇ ਮਾਰਗ ਦਾ ਉਪਦੇਸ਼ ਦਿੱਤਾ। ਸੱਚ ਤਾਂ ਪ੍ਰਾਪਤ ਹੁੰਦਾ ਹੈ ਜੇ ਮਾਨਵ ਦੇ ਹਿਰਦੇ 'ਚ ਸੱਚਾ ਰੱਬ ਵੱਸੇ। ਝੂਠ ਦੀ ਮੈਲ ਤਨ ਤੇ ਮਨ 'ਚੋਂ ਸੱਚ ਦੇ ਪ੍ਰਭਾਵ ਨਾਲ ਬਾਹਰ ਨਿਕਲ ਜਾਏ। ਸੱਚ ਤਾਂ ਮਿਲਦਾ ਹੈ ਜੇਕਰ ਇਸ ਨਾਲ ਪਿਆਰ ਕੀਤਾ ਜਾਵੇ ਭਾਵ ਨਾਮ ਜਪਣ ਦਾ ਚਾਅ ਪੈਦਾ ਹੋ ਜਾਵੇ। ਮਨ ਦੀ ਧਰਤੀ ਸਾਫ ਕਰਕੇ ਇਸ 'ਚ ਨਾਮ ਦਾ ਬੀਜ ਬੀਜਿਆ ਜਾਵੇ। ਸੱਚ ਨੂੰ ਤਾਂ ਹੀ ਜਾਣਿਆ ਜਾ ਸਕਦਾ ਹੈ ਜੇਕਰ ਸੱਚੀ ਸਿੱਖਿਆ ਗੁਰੂ ਪਾਸੋਂ ਮਿਲ ਜਾਏ ਤੇ ਮਨ, ਚਿੱਤ, ਕੋਮਲ, ਮਿਹਰਬਾਨ ਤੇ ਪਰਉਪਕਾਰੀ ਵਾਲਾ ਹੋ ਜਾਏ। ਸੱਚ ਸੱਭ ਕਚਿਆਈਆਂ ਤੇ ਕੂੜਾਂ ਦਾ ਦਾਰੂ ਹੈ, ਸਭ ਪਾਪ ਨਸ਼ਟ ਕਰਨ ਵਾਲਾ ਹੈ, ਇਹ ਤਾਂ ਹੀ ਹੁੰਦਾ ਹੈ ਜੇਕਰ ਸੱਚ ਜੀਵਨ ਦੀ ਟੇਕ ਜਾਂ ਆਧਾਰ ਬਣ ਜਾਏ।

'ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆਂ ਤੱਤੁ।' ਨਿਮਰਤਾ ਤੇ ਮਿੱਠੇ ਬੋਲਣਾ ਸਭ ਗੁਣਾਂ ਦਾ ਸਾਰ ਤੱਤ ਹੈ। ਸਦਾਚਾਰੀ ਮਨੁੱਖ ਬਣਨ ਲਈ ਇਹ ਸਭ ਤੋਂ ਵੱਡਾ ਗੁਣ ਹੈ। ਨਿਮਰਤਾ 'ਚ ਪਾਖੰਡ ਤੇ ਦਿਖਾਵਾ ਨਾ ਹੋਵੇ ਜਿਵੇ: ਹਿਰਨਾਂ ਨੂੰ ਮਾਰਨ ਵਾਲਾ ਮਨੁੱਖ ਆਪਣੀ ਬੰਦੂਕ ਤੇ ਸਿਰ ਰੱਖ ਕੇ ਝੁੱਕ ਕੇ ਨਿਸ਼ਾਨਾ ਮਾਰਦਾ ਹੈ। ਮਨ 'ਚ ਗਰੀਬੀ ਦਾ ਭਾਵ ਹੋਵੇ, ਹੀ ਸਹੀ ਮਾਅਨਿਆਂ 'ਚ ਸਿੱਖੀ ਹੈ। ਨਾਮ ਜਪਣਾ ਤੇ ਗਰੀਬੀ ਦੀ ਭਾਵਨਾ 'ਚ ਰਹਿਣਾ ਹੀ ਤਾਂ ਗੁਰਮਤਿ ਦੇ ਦੋ ਵੱਡੇ ਸਿਧਾਂਤ ਹਨ। ਤੀਸਰਾ ਸਿੱਖੀ ਦਾ ਗੁਣ ਹੈ ਸਾਧ-ਸੰਗਤ ਤੋਂ ਕੁਰਬਾਨ ਹੋਣ।

ਬ੍ਰਾਹਮਣ ਵੱਲੋਂ ਕੀਤੇ ਜਾਂਦੇ ਕਰਮ ਕਾਂਡਾਂ ਦਾ ਵਿਰੋਧ ਕਰਦੇ ਹੋਏ ਗੁਰੂ ਸਾਹਿਬ ਫੁਰਮਾਉਂਦੇ ਹਨ ਕਿ ਹੇ! ਪੰਡਤ ਬਾਹਰਲੀ ਮੈਲ ਸਾਫ ਕਰਨਾ ਵੀ ਜ਼ਰੂਰੀ ਹੈ। ਪਰ ਇਸ ਦੇ ਨਾਲ ਸਭ ਤੋਂ ਜ਼ਰੂਰੀ ਹੈ ਕਿ ਪਹਿਲਾਂ ਆਪਣੇ ਮਨ ਦੀ ਮੈਲ ਸਾਫ ਕਰੋ। ਇਹ ਤਾਂ ਹੀ ਹੋ ਸਕਦਾ ਹੈ ਜੇਕਰ ਤੁਸੀਂ ਆਪਣੇ ਗੁਰੂ ਦੀ ਸਿੱਖਿਆ ਤੇ ਚੱਲ ਕੇ ਵਧੀਆ ਜੀਵਨ ਜਾਂਚ ਅਪਣਾਉਣਗੇ। ਇਹ ਤਾਂ ਹੀ ਹੋ ਸਕਦਾ ਹੈ ਜੇਕਰ ਤੁਸੀਂ ਆਪਣੇ ਗੁਰੂ ਦੀ ਸਿੱਖਿਆ 'ਤੇ ਚੱਲ ਕੇ ਵਧੀਆ ਜੀਵਨ ਜਾਂਚ ਅਪਣਾਓਗੇ। ਇਹ ਤਾਂ ਹੀ ਹੋ ਸਕਦਾ ਹੈ ਜੇਕਰ ਗੁਰਮਤਿ ਦੇ ਸਿਧਾਂਤਾਂ ਤੇ ਚੱਲੋਗੇ, ਗਿਆਨਵਾਨ ਹੋਵੋਗੇ ਤੇ ਰੱਬ ਦਾ ਨਾਮ ਜਪੋਗੇ। ਇਸ ਲਈ ਹੇ! ਪੰਡਤ ਲੋਕਾਈ ਨੂੰ ਭਰਮਾਂ-ਵਹਿਮਾਂ 'ਚ ਨਾ ਪਾਓ ਸਗੋਂ ਪਾਖੰਡਾਂ ਦਾ ਤਿਆਗ ਕਰੋ- ਗੁਰੂ ਜੀ ਦਾ ਕਥਨ ਹੈ-

'ਛੋਡੀ ਲੇ ਪਾਖੰਡਾ,
ਨਾਮਿ ਲਈਐ ਜਾਹਿ ਤਰੰਦਾ।।'

ਗੁਰੂ ਨਾਨਕ ਦੇਵ ਜੀ ਨੇ ਬਾਹਰਮੁਖੀ ਕਿਰਿਆ ਜਿਸ ਨੂੰ ਸੂਤਕ ਦਾ ਭਰਮਜਾਲ ਅਤੇ ਜਨੇਊ ਦੀ ਰਹੁ-ਰੀਤ ਕਿਹਾ ਜਾਂਦਾ ਹੈ, ਰੱਦ ਕੀਤੀ ਜਾਂਦੀ ਹੈ। ਗੁਰੂ ਸਾਹਿਬ ਨੇ ਇਸ ਦਾ ਸਿਰਫ ਖੰਡਨ ਹੀ ਨਹੀਂ ਕੀਤਾ ਸਗੋਂ ਇਸ ਦਾ ਅਸਲੀ ਭਾਵ ਅਰਥ ਤੇ ਉਦੇਸ਼ ਸੂਤਕ ਤੇ ਜਨੇਊ ਦੇ ਸਬੰਧ 'ਚ ਪੇਸ਼ ਕਰ ਦਿੱਤਾ ਹੈ। ਸੂਤਕ ਇਕ ਬਾਹਰੀ ਮੈਲ ਹੈ ਜੋ ਕਦੀ ਵੀ ਉਤਾਰੀ ਨਹੀਂ ਜਾ ਸਕਦੀ। ਆਤਮਕ ਗਿਆਨ ਤੇ ਮਨ ਦੀ ਸ਼ੁੱਧੀ ਨਾਲ ਹੀ ਸੂਤਕ ਦੀ ਮੈਲ ਕੱਢੀ ਜਾ ਸਕਦੀ ਹੈ, ਨਾ ਕਿ ਮੋਹੇ ਦਾ ਪੋਚਾ ਦੇਣ ਨਾਲ। ਇਸ ਲਈ ਜਨੇਊ ਇਕ ਸੂਤੀ ਧਾਗਾ ਹੈ ਜੋ ਇਕ ਰਸਮ ਤੋਂ ਸਿਵਾਏ ਕੁਝ ਵੀ ਨਹੀਂ। ਇਹ ਮਨੁੱਖ ਦੇ ਚਰਿੱਤਰ ਤੇ ਵਿਅਕਤਿਤਵ 'ਤੇ ਕੋਈ ਸਿੱਧਾ ਜਾਂ ਅਸਿੱਧਾ ਪ੍ਰਭਾਵ ਨਹੀਂ ਪਾਉਂਦਾ। ਮਨੁੱਖ ਨੂੰ ਲੋੜ ਹੈ ਸਿਰਫ ਉੱਚੇ ਗੁਣਾਂ ਤੇ ਉੱਚੇ ਚਰਿੱਤਰ ਦੀ। ਇਸ ਲਈ ਜਨੇਊ ਜਾਂ ਧਾਗਾ ਅੰਤਰਮੁਖੀ ਜਾਂ ਆਤਮਕ ਪੱਧਰ ਦਾ ਹੋਣਾ ਚਾਹੀਦਾ ਹੈ। ਗੁਰੂ ਜੀ ਫੁਰਮਾਉਂਦੇ ਹਨ:

ਦਇਆ ਕਪਾਹ ਸੰਤੋਖ ਸੂਤੁ, ਜਤ ਗੰਢੀ ਸਤੁ ਵਟੁ।।
ਏਹ ਜਨੇਊ ਜੀਅ ਕਾ, ਹਈ ਤ ਪਾਂਡੇ ਘਤੁ।।
ਨਾ ਇਹ ਤੁਟੈ ਨਾ ਮਲੁ ਲਗੈ, ਨਾ ਏਹ ਜਲੈ ਨਾ ਜਾਇ।।

ਸਿੱਖ ਵਿਦਵਾਨ ਆਮ ਤੌਰ 'ਤੇ ਇਹ ਕਹਿੰਦੇ ਸੁਣੇ ਜਾਂਦੇ ਹਨ ਕਿ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਸਦੀਵ ਕਾਲੀ ਹੈ, ਭਾਵ ਇਸ ਦੀ ਵਿਚਾਰਧਾਰਾ ਹਮੇਸ਼ਾ ਲਈ ਮਨੁੱਖ ਨੂੰ ਅਗਵਾਈ ਦੇਣ ਵਾਲੀ ਹੈ ਕਿਉਂਕਿ ਇਹ ਤਰਕਸੰਗਤ ਹੈ ਤੇ ਇਸ ਦੀ ਜੀਵਨ ਜਾਂਚ, ਵਿਗਿਆਨਕ ਪਹੁੰਚ ਹੈ। ਇਸ 'ਚ ਅੰਧ-ਵਿਸ਼ਵਾਸਾਂ, ਭੇਖਾਂ, ਕਰਮ-ਕਾਂਡਾਂ ਅਤੇ ਵਿਖਾਵੇ ਦੇ ਧਰਮ ਨੂੰ ਕੋਈ ਥਾਂ ਨਹੀਂ, ਸਗੋਂ ਇਹ ਤਾਂ ਮਨੁੱਖ ਨੂੰ ਸੁਚੱਜੀ ਜੀਵਨ ਜਾਂਚ ਸਿਖਾਉਂਦੀ ਹੈ। ਮਨੁੱਖ ਦੇ ਅਧਿਆਤਮਕ, ਸਮਾਜਿਕ ਤੇ ਰਾਜਨੀਤਿਕ ਜੀਵਨ ਦਾ ਮਾਰਗ ਦਰਸ਼ਨ ਕਰਦੀ ਹੈ। ਇਹ ਕਿਸੇ ਖਾਸ ਪ੍ਰਾਂਤ ਜਾਂ ਦੇਸ਼ ਲਈ ਨਹੀਂ ਸਗੋਂ ਸਮੁੱਚੀ ਸੰਸਾਰ ਵਿਆਪੀ ਹੈ। ਪਰ ਅਫਸੋਸ ਦੀ ਗੱਲ ਹੈ ਕਿ ਅੱਜ ਦੀ ਨਵੀਂ ਪੀੜ੍ਹੀ ਦੀ ਗੁਰਬਾਣੀ 'ਚ ਇੰਨੀ ਰੁਚੀ ਨਹੀਂ ਹੈ। ਗੁਰਬਾਣੀ ਦੀ ਵਿਚਾਰਧਾਰਾ ਨੂੰ ਉਹ ਇੰਨੀ ਲੜ ਨਹੀਂ ਬੰਨ੍ਹਦੀ ਜਿੰਨੀ ਪੁਰਾਣੀ ਪੀੜ੍ਹੀ ਦੀ ਇਸ 'ਚ ਦਿਲਚਸਪੀ ਹੈ। ਪੰਜਾਬ ਧਾਰਮਿਕ ਅਗਿਆਨਤਾ, ਸਮਾਜਿਕ ਕੁਰੀਤੀਆਂ ਤੇ ਰਾਜਨੀਤਿਕ ਅਸਪਸ਼ਟਤਾ ਦਾ ਸ਼ਿਕਾਰ ਹੈ। ਪੰਜਾਬ ਦੀ ਆਰਥਿਕ ਦਸ਼ਾ ਬੜੀ ਨਿਰਾਸ਼ਾਜਨਕ ਹੈ। ਧਾਰਮਿਕ ਪੱਖੋਂ ਹਾਲਤ ਬਹੁਤ ਹੀ ਨਿਘਰ ਗਈ ਹੈ।

ਗੁਰੂ ਸਾਹਿਬ ਨੇ ਜਿਹਨਾਂ ਬ੍ਰਾਹਮਣੀ ਕਰਮ-ਕਾਂਡਾਂ, ਅੰਧ-ਵਿਸ਼ਵਾਸ਼ਾਂ ਤੋਂ ਵਰਜਿਆ ਹੈ, ਉਹ ਸਾਡੀ ਰੋਜ਼ਾਨਾ ਜ਼ਿੰਦਗੀ ਦਾ ਅੰਗ ਹੀ ਬਣ ਗਏ ਹਨ। ਕਈ ਤਰ੍ਹਾਂ ਦੇ ਪਾਠ, ਪਾਠਾਂ ਦੀ ਸਮੱਗਰੀ, ਮੰਤਰ-ਜਾਪ, ਤਸਵੀਰ-ਪੂਜਾ, ਸੇਵਾ ਦੀ ਥਾਂ ਦਾਨ, ਹੱਥ ਜੋੜ ਕੇ ਸੁੱਖਾਂ ਸੁਖਣੀਆਂ ਤੇ ਬਿਨਾਂ ਸੱਚੀ-ਸੁੱਚੀ ਕਿਰਤ ਕੀਤਿਆਂ, ਆਸਾਂ ਪੂਰੀਆਂ ਕਰਨ ਲਈ ਬੇਨਤੀਆਂ ਕਰਨਾ, ਚਾਲੀਹੇ ਕੱਟਣਾ, ਸੰਗਰਾਂਦਾਂ-ਮੱਸਿਆ 'ਤੇ ਵਿਸ਼ੇਸ਼ ਦੀਵਾਨ ਲਾਉਣੇ, ਬੀਬੀਆਂ ਦੁਆਰਾ ਭਾਂਤ-ਸੁਭਾਂਤੇ ਵਰਤ, ਜਗਰਾਤਿਆਂ 'ਚ ਹਾਜ਼ਰੀ ਲੁਆਉਣੀ ਤੇ ਜਪ-ਤਪ ਸਮਾਗਮ ਕਰਨੇ ਆਦਿ। ਗੁਰਮਤਿ 'ਚ ਜੋ ਵਿਵਰਜਿਤ ਕਰਮ ਹਨ ਉਹ ਨਿਰਸੰਕੋਚ ਕੀਤੇ ਜਾ ਰਹੇ ਹਨ। ਸਮਾਜ ਕੁਰੀਤੀਆਂ ਨਾਲ ਭਰਪੂਰ ਹੈ। ਸ਼ਰਾਬ ਤੇ ਹੋਰ ਨਸ਼ਿਆਂ ਦੀ ਵਰਤੋਂ, ਭਰੂਣ ਹੱਤਿਆਵਾਂ, ਦਾਜ-ਦਹੇਜ ਦੀ ਸਮੱਸਿਆ ਤੇ ਭ੍ਰਿਸ਼ਟਾਚਾਰ ਸਾਡੇ ਸਮਾਜ ਦੇ ਅਨਿੱਖੜਵੇਂ ਅੰਗ ਬਣ ਗਏ ਹਨ।

ਗੁਰੂ ਨਾਨਕ ਦੇਵ ਜੀ ਦੇ ਸਿਧਾਂਤਕ ਉਪਦੇਸ਼ਾਂ ਨੂੰ ਦੂਸਰੇ ਗੁਰੂ ਸਾਹਿਬਾਨ ਨੇ ਬੜੀ ਵੱਡੀ ਪੱਧਰ 'ਤੇ ਪ੍ਰਚਾਰਿਆ ਪ੍ਰਸਾਰਿਆ ਤੇ ਸਿੱਖ ਧਰਮ ਦਾ ਵਿਸਥਾਰ ਕੀਤਾ। ਗੁਰੂ ਨਾਨਕ ਦੇਵ ਜੀ ਨੇ ਸਾਨੂੰ ਮੱਧਯੁੱਗੀ ਸੋਚ 'ਚੋਂ ਕੱਢ ਕੇ ਆਧੁਨਿਕ ਵਿਗਿਆਨਕ ਤੇ ਪ੍ਰਗਤੀਵਾਦੀ ਯੁੱਗ 'ਚ ਲਿਆ ਖੜ੍ਹਾ ਕੀਤਾ। ਉਹਨਾਂ ਨੇ ਪੁਜਾਰੀਵਾਦ ਨੂੰ ਆਪਣੀ ਵਿਚਾਰਧਾਰਾ 'ਚੋਂ ਮੁਕੰਮਲ ਤੌਰ 'ਤੇ ਕੱਢ ਦਿੱਤਾ ਤੇ ਉਨ੍ਹਾਂ ਨੂੰ ਆਉਣ ਵਾਲੇ ਸਮਿਆਂ ਨੂੰ ਭਾਂਪਦੇ ਹੋਏ ਪ੍ਰਮਾਤਮਾ ਤੇ ਮਨੁੱਖ ਦੇ ਰਿਸ਼ਤੇ 'ਚੋਂ ਵਿਚੋਲਿਆਂ ਨੂੰ ਸਦਾ ਲਈ ਖਾਰਜ ਕਰ ਦਿੱਤਾ ਤੇ ਆਉਣ ਵਾਲੇ ਸਮਿਆਂ ਲਈ ਮਨੁੱਖ ਨੂੰ ਗੁਰਬਾਣੀ ਦੀ ਸਿਧਾਂਤਕ ਸੋਚ ਦਿੱਤੀ ਤਾਂ ਕਿ ਮਨੁੱਖ ਆਪਣੇ ਜੀਵਨ ਨੂੰ ਸੱਚੀ-ਸੁੱਚੀ ਇਮਾਨਦਾਰੀ ਦੀ ਕਿਰਤ ਨਾਲ ਸਫਲ ਕਰ ਸਕੇ।

ਅੱਜ ਲੋੜ ਹੈ ਗੁਰੂ ਸਾਹਿਬ ਦੇ 'ਸਰਬੱਤ ਦਾ ਭਲਾ' ਕਰਨ ਦੇ ਸਿਧਾਂਤ ਨੂੰ ਲਾਗੂ ਕਰਨ ਦੀ। 'ਮਾਨਿਸ ਕੀ ਜਾਤ ਸਭੈ ਏਕੇ ਪਹਿਚਾਨਬੋ' ਦੇ ਸਿਧਾਂਤ ਭਾਵ ਜਾਤ-ਪਾਤ ਖਤਮ ਕਰਨ ਤੇ ਸਮਾਜਿਕ ਬਰਾਬਰੀ ਲਿਆਉਣ ਦੀ। ਉਕਤ ਵਰਣਨ ਕੀਤੀਆਂ ਗਈਆਂ ਧਾਰਮਿਕ, ਸਮਾਜਿਕ, ਆਰਥਿਕ ਤੇ ਰਾਜਨੀਤਿਕ ਕੁਰੀਤੀਆਂ, ਜਿਹਨਾਂ 'ਚ ਪਾਖੰਡਵਾਦ, ਕਰਮਕਾਂਡ, ਅੰਧ-ਵਿਸ਼ਵਾਸ, ਕਰਾਮਾਤਾਂ ਤੇ ਆਪੇ ਬਣੇ ਰੱਬਾਂ ਨੂੰ ਠੱਲ੍ਹ ਪਾਉਣ ਦੀ। ਗੁਰੂ ਨਾਨਕ ਸਾਹਿਬ ਜੀ ਦੀ ਬਾਣੀ ਇਕੱਲਿਆਂ ਹੀ ਇਹਨਾਂ ਕੁਰੀਤੀਆਂ ਨਾਲ ਨਜਿੱਠ ਸਕਦੀ ਹੈ। ਅੱਜ ਸ੍ਰੀ ਗੁਰੂ ਨਾਨਕ ਦੇਵ ਜੀ ਦੇ 546ਵੇਂ ਪਾਵਨ ਪ੍ਰਕਾਸ਼ ਪੁਰਬ ਤੇ ਸਮੂਹ ਸਿੱਖ ਸੰਗਤਾਂ ਨੂੰ ਲੱਖ-ਲੱਖ ਵਧਾਈ ਦਿੰਦਾ ਹਾਂ।

---

ਇਹ ਠੰਡ ਦੇ ਦਿਨ ,ਸੀਤ ਲਹਿਰਾਂ , ਘਰੋਂ ਬਾਹਰ ਨਿਕਲਣਾ, ਸਾਹ ਦੇ ਜੰਮ ਜਾਣ ਵਰਗੇ ਮੌਸਮ ਤੋਂ ਬਚਾਓ ਕਰਨ ਲਈ ਹਰ ਕੋਈ ਯਤਨ ਕਰਦਾ ਹੈ।

ਹੱਕ ਸੱਚ, ਧਰਮ, ਕਰਮ ਦੇ ਸੰਘਰਸ਼ ਮਈ ਮਹੌਲ 'ਚ ਸਿੱਖ ਧਰਮ ਦੇ ਜਿੰਮੇਦਾਰ, ਸਰਬੰਸ ਦਾਨੀ ਸਾਹਿਬ ਗੁਰੂ ਗੋਬਿੰਦ ਜੀ, ਹੱਕ ਹਕੂਕ ਦੇ ਰਹਿਬਰ ਨੇ ਕਿਲ੍ਹਾ ਛੱਡਕੇ ਮਨੁੱਖਤਾ ਨੂੰ ਬਚਾਉਣ ਦੀ ਜਿੰਮੇਵਾਰੀ ਦਿਖਾਈ ਤੇ ਸਾਰਾ ਪਰਿਵਾਰ ਵਾਰ ਕੇ ਸਦੀਵੀ ਜੀਊਣ ਦੀ ਰੀਤ ਨੂੰ ਅੱਗੇ ਤੋਰਿਆ।

ਇਹ ਕੁਰਬਾਨੀਆਂ ਭਰਿਆ ਇਤਿਹਾਸ ਯਾਦ ਕਰੀਏ ਤੇ ਹੱਕ ਸੱਚ ਦੀ ਲੜਾਈ 'ਚ ਜ਼ੁਲਮ ਦਾ ਟਾਕਰਾ ਕਰਨ ਲਈ ਸੋਚੀਏ,ਵਿਚਾਰੀਏ ਤੇ ਮਨੁੱਖੀ ਫ਼ਰਜ਼ਾਂ ਲਈ ਹਾਂ ਕਹਿੰਦੇ ਹੋਏ ਸ਼ਹੀਦਾਂ ਨੂੰ ਸ਼ਰਧਾਂਜ਼ਲੀ ਅਰਪਨ ਕਰੀਏ।

ਅਸੀਂ ਸ਼ਹੀਦਾਂ ਨੂੰ ਹਮੇਸ਼ਾਂ ਯਾਦ ਕਰਦੇ ਹਾਂ ਬਾਕੀਆਂ ਨੂੰ ਦੱਸਣ ਦਾ ਯਤਨ ਕਰਦੇ ਹਾਂ ।ਕੋਈ ਐਸੀ ਵਿਧੀ ਬਣਾਉਣ ਦੀ ਉਤਸੁਕਤਾ ਰਹਿੰਦੀ ਹੈ ਕਿ ਸ਼ਹੀਦਾਂ ਦੀ ਸੋਚ ਦੀ ਪੂਰਤੀ ਹੋਵੇ।

ਜਨਤਾ, ਦੁੱਖ -ਸੁੱਖ ਦੀ ਸਾਂਝੀਦਾਰ ਹੋਵੇ, ਮਨੁੱਖੀ ਭਾਵਨਾਵਾਂ ਨੂੰ ਸਮਝਦੇ ਹੋਏ ਇੱਕ ਹੋਣ ਦੀ ਵਿਧੀ ਨੂੰ ਜਾਣੇ।
ਤੁਹਾਡੇ ਸਾਥ ਦੀ ਲੋੜ ਹੈ। ਸ਼ਹੀਦਾਂ ਨੂੰ ਸਲਾਮ ਹੈ।

**– ਮਨਮੋਹਨ ਸਿੰਘ ਪੂਨੀ**

## ਬਾਬਾ ਸੋਹਨ ਸਿੰਘ ਭਕਨਾ ਦੀ 150ਵੀਂ ਜਨਮ ਸ਼ਤਾਬਦੀ ਨੂੰ ਸਮਰਪਿਤ

# ਮਹਾਨ ਦੇਸ਼ ਭਗਤ ਬਾਬਾ ਸੋਹਣ ਸਿੰਘ ਭਕਨਾ (1870- 1968)

ਡਾ. ਗੁਰੂਮੇਲ ਸਿੱਧੂ

### ਮੁੱਢਲਾ ਜੀਵਨ: ਬੁਰੀ ਸੋਭਤ

ਸੰਨ 1870 ਵਿਚ ਬਾਬਾ ਸੋਹਣ ਸਿੰਘ ਦਾ ਜਨਮ ਅੰਮ੍ਰਿਤਸਰ ਜ਼ਿਲ੍ਹੇ ਦੇ ਪਿੰਡ, ਖੁਤਰਾ ਖੁਰਦ, ਵਿਚ ਹੋਇਆ। ਇਹ ਉਨ੍ਹਾਂ ਦਾ ਨਾਨਕਾ ਪਿੰਡ ਸੀ ਅਤੇ ਦਾਦਕਾ ਫਿੰਡ ਭਕਨਾ ਕਲਾਂ ਸੀ। ਇਸ ਦਰਵੇਸ਼ ਨੇ ਆਪਣੇ ਮਿਥੇ ਹੋਏ ਟੀਚੇ ਦੀ ਤਨ, ਮਨ ਤੇ ਧਨ ਨਾਲ ਪਾਲਣਾ ਕੀਤੀ। ਟੀਚਾ ਸੀ, ਹਿੰਦੋਸਤਾਨ ਨੂੰ ਬ੍ਰਤਾਨਵੀ ਸਰਕਾਰ ਦੀ ਗੁਲਾਮੀ ਤੋਂ ਆਜ਼ਾਦ ਕਰਾਉਣਾ ਅਤੇ ਹਿੰਦੋਸਤਾਨ ਦੇ ਆਮ ਲੋਕਾਂ ਨੂੰ ਬਰਾਬਰੀ ਦਾ ਹੱਕ ਦਬਾਉਣਾ। ਇਨ੍ਹਾਂ ਉਦੇਸ਼ਾਂ ਦੀ ਪੂਰਤੀ ਲਈ ਉਹ ਮਹਾਨ ਯੋਧਾ ਕਿਨ੍ਹਾਂ ਕਿਨ੍ਹਾਂ ਔਕੜਾਂ ਥਾਣੀ ਗੁਜ਼ਰਿਆ, ਇਸ ਦਾ ਲੇਖਾ-ਜੋਖਾ ਕਰਨਾ ਇਸ ਲੇਖ ਦਾ ਮੂਲ ਮੰਤਵ ਹੈ।

ਸੋਹਨ ਸਿੰਘ ਭਕਨਾ (ਬਾਬਾ ਜੀ) ਦੇ ਜਨਮ ਤੋਂ ਇਕ ਸਾਲ ਬਾਅਦ ਪਿਤਾ ਜੀ ਅਕਾਲ ਚਲਾਣਾ ਕਰ ਗਏ। ਘਰ ਵਿੱਚ ਤਿੰਨ ਇਸਤਰੀਆਂ (ਧਰਮੀ ਮਾਂ, ਜਣਨੀ ਮਾਂ ਤੇ ਦਾਦੀ ਜੀ) ਅਤੇ ਇਕ ਸਾਲ ਦਾ ਇਕਲੌਤਾ ਬੱਚਾ ਰਹਿ ਗਏ।ਤਿੰਨਾਂ ਮਾਵਾਂ ਨੇ ਸੋਹਨ ਸਿੰਘ ਨੂੰ ਬੜੇ ਚਾਵਾਂ ਮਲ੍ਹਰਾਂ ਨਾਲ ਪਾਲਿਆ। ਇਕ ਖਾਂਦੇ ਪੀਂਦੇ ਘਰ ਦੇ ਇਕਲੌਤੇ ਮੁੰਡੇ ਦਾ ਚੜ੍ਹਦੀ ਜਵਾਨੀ ਵਿਚ ਰਾਹੋਂ ਭਟਕ ਜਾਣਾ ਬੜਾ ਸੁਭਾਵਕ ਹੈ; ਸੋਹਨ ਸਿੰਘ ਵੀ ਭਟਕਿਆ। ਉਸ ਨੂੰ ਭਟਕਾਉਣ ਵਿਚ ਕੁਝ ਅਜੇਹੇ ਲੋਕਾਂ ਦਾ ਹੱਥ ਸੀ ਜਿਨ੍ਹਾਂ ਨੂੰ ਬਾਬਾ ਜੀ ਟਾਂਚ ਨਾਲ 'ਯਾਰ ਲੋਕ' (ਦੋਸਤ ਨਹੀਂ) ਕਹਿੰਦੇ ਸਨ। ਇਨ੍ਹਾਂ ਬਾਰੇ ਬਾਬਾ ਜੀ ਨੇ ਲਿਖਿਆ ਹੈ:

ਉਹੁਣ ਇਹ ਯਾਰ ਲੋਕ ਮੇਰੇ ਦੁਆਲੇ ਆ ਇੱਕਠੇ ਹੋਏ। ਜੇ ਕਿਤੇ ਮੈਂ ਉਨ੍ਹਾਂ ਦੀ ਮੰਡਲੀ ਤੋਂ ਘੰਟਾ ਵੀ ਪੱਛੜ ਜਾਂਦਾ ਤਾਂ ਵਾਰੀ ਵਾਰੀ ਮੇਰੇ ਘਰ ਆ ਕੇ ਵਾਜਾਂ ਮਾਰਦੇ ਤੇ ਕਹਿੰਦੇ 'ਸਰਦਾਰ ਜੀ, ਅਸੀਂ ਤਾਂ ਸਾਰੇ ਤੁਹਾਡੀ ਉਡੀਕ ਵਿਚ ਹਾਂ'। ਮੈਂ ਵੀ ਉਨ੍ਹਾਂ ਦੀ ਇਸ ਗੱਲ ਬਾਤ ਨੂੰ ਸੱਚਾ ਪਿਆਰ ਸਮਝਦਾ ਸਾਂ। ਇਸ ਤਰ੍ਹਾਂ ਹਰ ਰੋਜ਼ ਸ਼ਰਾਬ ਕਬਾਬ ਦਾ ਦੌਰ ਚਲਣ ਲੱਗਾ ਤੇ ਯਾਰ ਲੋਕ ਆਪਣੀ ਸਿੱਖਿਆ ਦੇਣ ਲੱਗੇ। ਉਹ ਕਹਿੰਦੇ, 'ਸਰਦਾਰ ਜੀ, ਤੁਹਾਡੇ ਕੋਲ ਸ਼ਿਕਾਰੀ ਕੁੱਤੇ ਤੇ ਵਧੀਆਂ ਸ਼ਿਕਾਰ ਲੱਗੀਆਂ ਘੋੜੀਆਂ ਨਾ ਹੋਣ ਤੇ ਚਾਰ ਬੰਦੇ ਤੁਹਾਡੇ ਨਾਲ ਰੋਟੀ ਨਾ ਖਾਣ ਤਾਂ ਫਿਰ ਜਿਉਣ ਦਾ ਮਜ਼ਾ ਹੀ ਕੀ ਹੋਇਆ? ਜੇ ਤੁਹਾਨੂੰ ਪੈਸੇ ਦੀ ਲੋੜ ਪਵੇ ਤਾਂ ਅਸੀਂ ਹਾਜ਼ਰ ਹਾਂ, ਪੂਰੀ ਕਰਾਂਗੇ'। ਇੰਝ ਮੈਂ ਉਨ੍ਹਾਂ ਨੂੰ ਸੱਚੇ ਦੋਸਤ ਮੰਨ ਕੇ ਉਨ੍ਹਾਂ ਦੀ ਸਿੱਖਿਆ ਤੇ ਅਮਲ ਕਰਨ ਲੱਗਾ ਤੇ ਦਿਨ ਰਾਤ ਸ਼ਰਾਬ ਖੋਰੀ ਤੇ ਸ਼ਿਕਾਰ ਖੇਡਣ ਦੇ ਸ਼ੁਗਲ ਵਿਚ ਲੱਗ ਗਿਆ''

ਇਨ੍ਹਾਂ ਦੀ ਸੰਗਤ ਕਰਕੇ ਸੋਹਨ ਸਿੰਘ ਭਕਨੇ ਦੀ ਬਹੁਤੀ ਜ਼ਮੀਨ ਗਹਿਣੇ ਪੈ ਗਈ ਤੇ 3000 ਰੁਪਏ ਕਰਜ਼ਾ ਵੀ ਚੜ੍ਹ ਗਿਆ। ਸੋਹਣ ਸਿੰਘ ਨੂੰ ਇਸ ਬੁਰੀ ਸੋਭਤ ਤੋਂ ਬਾਬਾ ਕੇਸਰ ਸਿੰਘ ਜੀ ਨੇ ਬਚਾਇਆ ਅਤੇ ਸਿੱਧੇ ਰਾਹ ਤੇ ਪਾਇਆ।ਜੱਦੀ ਜ਼ਮੀਨ ਦੇ ਗਹਿਣੇ ਪੈਣ ਕਰਕੇ ਜਦ ਗੁਜ਼ਾਰਾ ਮੁਸ਼ਕਲ ਹੋ ਗਿਆ ਤਾਂ ਉਨ੍ਹਾਂ ਨੇ ਅਮਰੀਕਾ ਜਾਣ ਦੀ ਸੋਚੀ।

### ਅਮਰੀਕਾ ਦਾ ਜੀਵਨ: ਗਦਰ ਪਾਰਟੀ ਦਾ ਸੰਗਠਨ

ਬਾਬਾ ਸੋਹਨ ਸਿੰਘ ਭਕਨਾ ਰੋਟੀ ਦੀ ਭਾਲ ਵਿਚ ਤਿੰਨ ਫਰਵਰੀ, 1909 ਨੂੰ ਘਰੋਂ ਤੁਰੇ ਅਤੇ ਚਾਰ ਅਪਰੈਲ, 1909 ਨੂੰ ਸਮੁੰਦਰੀ ਜਹਾਜ਼ ਰਾਹੀਂ ਸਿਆਟਲ ਦੀ ਬੰਦਰਗਾਹ ਤੇ ਉੱਤਰੇ। ਅਗਲੇ ਦਿਨ ਪੋਰਟਲੈਂਡ ਦੇ ਲਾਗੇ ਲੱਕੜ ਦੀ ਮਨਾਰਕ ਨਾਮੀ ਮਿਲ ਵਿਚ ਕੰਮ ਮਿਲ ਗਿਆ ਜਿੱਥੇ ਬਾਬਾ ਜੀ ਦੇ ਕੁਝ ਦੋਸਤ ਪਹਿਲਾਂ ਹੀ ਕੰਮ ਕਰਦੇ ਸਨ। ਕੰਮ ਔਖਾ ਸੀ ਪਰ ਬਾਬਾ ਜੀ ਇਸ ਔਖ ਨੂੰ ਝੱਲ ਗਏ। ਇਸ ਤਰ੍ਹਾਂ ਉਨ੍ਹਾਂ ਦੀ ਅਮਰੀਕਾ ਦੀ ਮਿਹਨਤਕਸ਼ ਜ਼ਿੰਦਗੀ ਨੇ ਪਿੰਡ ਦੀ ਹਰਾਮਖੋਰ ਜ਼ਿੰਦਗੀ ਦਾ ਖਾਤਮਾ ਕਰ ਦਿੱਤਾ।ਰੋਟੀ ਰੋਜ਼ੀ ਦੀ ਖਾਤਰ ਮਿਲਾਂ ਵਿਚ ਵਿਦੇਸ਼ੀ ਮਜ਼ਦੂਰ ਅਮਰੀਕਨਾਂ ਨਾਲੋਂ ਜ਼ਿਆਦਾ ਕੰਮ ਕਰਦੇ ਅਤੇ ਮੰਦੇ ਵੇਲੇ ਥੋੜ੍ਹੀ ਤਨਖਾਹ ਤੇ ਵੀ ਮਜ਼ਦੂਰੀ ਕਰਨ ਲਈ ਤਿਆਰ ਰਹਿੰਦੇ। ਇਸ ਤਰ੍ਹਾਂ ਅਮਰੀਕਨ ਮਜ਼ਦੂਰਾਂ ਦੇ ਢਿੱਡ ਤੇ ਲੱਤ ਵਜਦੀ। ਫਲਸਰੂਪ, ਅਮਰੀਕਨਾਂ ਨੇ ਵਿਦੇਸ਼ੀ ਮਜ਼ਦੂਰਾਂ ਤੇ ਹਮਲੇ ਕਰਨੇ ਸ਼ੁਰੂ ਕਰ ਦਿੱਤੇ। ਕਈ ਥਾਵਾਂ ਤੇ ਕੁੱਟਿਆ ਮਾਰਿਆ ਅਤੇ ਮਾਲ-ਮੱਤਾ ਲੁੱਟ ਕੇ ਜ਼ਬਰਦਸਤੀ ਟਰੈਮਾਂ ਵਿਚ ਲੱਦ ਕੇ ਜੰਗਲ ਵਿਚ ਸੁੱਟ ਆਏ। ਬਦੇਸ਼ੀ ਮਜ਼ਦੂਰਾਂ ਵਿਚ ਜਪਾਨੀ ਅਤੇ ਚੀਨੀ ਮਜ਼ਦੂਰ ਵੀ ਸਨ ਪਰ ਉਨ੍ਹਾਂ ਦੀਆਂ ਹਕੂਮਤਾਂ ਅਮਰੀਕਨ ਸਰਕਾਰ ਕੋਲ ਸ਼ਕਾਇਤ ਕਰਕੇ ਉਨ੍ਹਾਂ ਨੂੰ ਬਚਾ ਲੈਂਦੀਆਂ। ਹਿੰਦੀ ਮਜ਼ਦੂਰਾਂ ਦੀ ਸੁਣਨ ਵਾਲਾ ਕੋਈ ਨਹੀਂ ਸੀ ਕਿਉਂਕਿ ਭਾਰਤ ਤੇ ਅੰਗ੍ਰੇਜ਼ੀ ਸਰਕਾਰ ਦਾ ਰਾਜ ਸੀ। ਹਮਲਿਆਂ ਤੋਂ ਬਗੈਰ ਹਿੰਦੀ ਲੋਕਾਂ ਨਾਲ ਘਿਰਣਾਂ ਵੀ ਵਧਦੀ ਗਈ ਇਸ ਤਰ੍ਹਾਂ ਦੇ ਨਸਲਵਾਦ ਦੀ ਇਕ ਮਿਸਾਲ ਬਾਬਾ ਜੀ ਨੇ ਦਿੱਤੀ ਹੈ। ਉਹ ਲਿਖਦੇ ਹਨ ਕਿ ਇਕ ਵਾਰੀ ਉਹ ਪ੍ਰੋ. ਤੇਜਾ ਸਿੰਘ ਮਸਤੂਆਨਾ ਹੋਰਾਂ ਨੂੰ ਪੋਰਟਲੈਂਡ ਵਿਚ ਇਕ ਅਮਰੀਕਨ ਹੋਟਲ ਵਿਚ ਖਾਣਾ ਖਲਾਉਣ ਲੈ ਗਏ। ਹੋਟਲ 'ਚ ਪੈਰ ਰੱਖਿਆ ਹੀ ਸੀ ਕਿ ਹੋਟਲ ਵਾਲਿਆਂ ਕਹਿ ਦਿੱਤਾ, ਜਗ੍ਹਾ ਨਹੀਂ ਹੈ। ਕਈ ਵਾਰੀ ਗਲੀਆਂ ਬਜ਼ਾਰਾਂ ਅਤੇ ਰੇਲਵੇ ਸਟੇਸ਼ਨਾਂ ਤੇ ਬੱਚੇ ਤੱਕ 'ਹਿੰਦੂ ਸਲੇਵ (ਨਿਦੁ ਸਲਓਵਏ)' ਕਹਿ ਕੇ ਦੁਰਕਾਰਦੇ ਸਨ।

ਇਕ ਬਹੁਤ ਹੀ ਮੰਦਭਾਗਾ ਪਰ ਜੀਵਨ ਨੂੰ ਮੋੜ ਦੇਣ ਵਾਲਾ ਵਾਕਿਆ ਬਾਬਾ ਜੀ ਅਤੇ ਉਨ੍ਹਾਂ ਦੇ ਸਾਥੀਆਂ ਨਾਲ ਵਾਪਰਿਆ। ਬਾਬਾ ਜੀ ਸੇਂਟ ਜੌਹਨ ਵਾਲੀ ਮਿਲ ਵਿਚ ਕੰਮ ਕਰਦੇ ਸਨ ਜੋ ਅਚਾਨਕ ਬੰਦ ਹੋ ਗਈ। ਉਹ ਇਕ ਸਾਥੀ ਨਾਲ ਲਾਗਲੀ ਮਿਲ ਵਿਚ ਕੰਮ ਪੁੱਛਣ ਚਲੇ ਗਏ। ਸੁਪਰਿਨਟੈਂਡੰਟ ਨੂੰ ਕਿਹਾ ਕਿ 'ਕੰਮ ਚਾਹੀਦਾ ਹੈ'।'ਕੰਮ ਤਾਂ ਬਹੁਤ ਹੈ ਪਰ ਤੁਹਾਡੇ ਲਈ ਨਹੀਂ', ਸੁਪਰਿਨਟੈਂਡੰਟ ਨੇ ਜਬਾਬ ਵਿਚ ਕਿਹਾ।'ਕਿਉਂ?' ਬਾਬਾ ਜੀ ਨੇ ਪੁੱਛਿਆ।'ਮੇਰਾ ਦਿਲ ਤਾਂ ਚਾਹੁੰਦਾ ਹੈ ਕਿ ਮੈਂ ਤੁਹਾਨੂੰ ਦੋਹਾਂ ਨੂੰ ਗੋਲੀ ਮਾਰ ਦਿਆਂ', ਸੁਪਰਿਨਟੈਂਡੰਟ ਨੇ ਕਰੋਧ ਵਿਚ ਕਿਹਾ।'ਅਸਾਂ ਕੀ ਪਾਪ ਕੀਤਾ ਹੈ?', ਬਾਬਾ ਜੀ ਨੇ ਪੁੱਛਿਆ।' ਤੁਹਾਡੀ ਆਬਾਦੀ ਕਿੰਨੀ ਹੈ?', ਉਸ ਨੇ ਪੁੱਛਿਆ।'ਤੀਹ ਕਰੋੜ'। ਸੁਣ ਕੇ ਸੁਪਰਿਨਟੈਂਡੰਟ ਬੋਲਿਆ, 'ਇਹ ਤੀਹ ਕਰੋੜ ਭੇਡਾਂ ਹਨ ਜਾਂ ਆਦਮੀ?'। ਬਾਬਾ ਜੀ ਨੇ ਕਿਹਾ, 'ਆਦਮੀ'। 'ਜੇ ਤੁਸੀਂ ਤੀਹ ਕਰੋੜ ਆਦਮੀ ਹੁੰਦੇ ਤਾਂ ਗੁਲਾਮ ਕਿਸ ਤਰ੍ਹਾਂ ਰਹਿੰਦੇ?' ਜਾਉ ਮੈਂ ਤੁਹਾਨੂੰ ਬੰਦੂਕਾਂ ਦਿੰਦਾ ਹਾਂ ਪਹਿਲਾਂ ਆਪਣੇ ਦੇਸ਼ ਨੂੰ ਆਜ਼ਾਦ ਕਰਾਉ। ਆਜ਼ਾਦ ਕਰਾਕੇ ਜਦ ਤੁਸੀਂ ਅਮਰੀਕਾ ਆਉਗੇ ਤਾਂ ਮੈਂ ਸੱਭ ਤੋਂ ਅੱਗੇ ਹੋ ਕੇ ਤੁਹਾਨੂੰ ਜੀ ਆਇਆਂ ਨੂੰ ਆਖਾਂਗਾ'। ਸੁਪਰਿਨਟੈਂਡੰਟ ਕਰੋਧ ਵਿਚ ਬੋਲਿਆ। ਭਾਬਾ ਭਕਨਾ ਅਤੇ ਉਸ ਦਾ ਸਾਥੀ ਨਮੋਸ਼ ਜਹੇ ਹੋਕੇ ਵਾਪਸ ਮੁੜ ਆਏ ਅਤੇ ਸੋਚਾਂ ਵਿਚ ਪੈ ਗਏ। ਇਹ ਉਨ੍ਹਾਂ ਦੀ ਜ਼ਿੰਦਗੀ ਦਾ ਬਹੁਤ ਹੀ ਅਹਿਮ ਮੋੜ ਸੀ।

ਸੰਨ 1912 ਵਿਚ ਬਾਬੂ ਹਰਨਾਮ ਸਿੰਘ ਕਾਹਿਰੀ ਸਾਹਿਰੀ ਅਤੇ ਜੀ. ਡੀ. ਕੁਮਾਰ ਪੋਰਟਲੈਂਡ ਆਏ। ਇਰਦ ਗਿਰਦ ਦੇ ਮਜ਼ਦੂਰਾਂ ਨੂੰ ਮਿਲੇ ਅਤੇ ਸਰਬਸੰਮਤੀ ਨਾਲ ਫੈਸਲਾ ਲਿਆ ਗਿਆ ਕਿ ਇਕ ਇਨਕਲਾਬੀ ਸੁਸਾਇਟੀ ਬਣਾਈ ਜਾਵੇ ਜਿਸ ਦਾ ਨਾਂ 'ਹਿੰਦੋਸਤਾਨ ਐਸੋਸੀਏਸ਼ਨ ਆਫ਼ ਪੈਸੇਫਿਕ ਕੋਸਟ' ਹੋਵੇ ਅਤੇ ਇਕ ਅਖ਼ਬਾਰ ਕੱਢਿਆ ਜਾਵੇ ਜਿਸ ਦਾ ਨਾਂ 'ਹਿੰਦੋਸਤਾਨ' ਹੋਵੇ। ਸਾਰਿਆਂ ਨੇ ਸਰਬ ਸੰਮਤੀ ਨਾਲ ਹਾਂ ਕਰ ਦਿੱਤੀ ਅਤੇ ਸੋਹਨ ਸਿੰਘ ਭਕਨਾ ਨੂੰ ਪ੍ਰਧਾਨ, ਜੀ. ਡੀ. ਕੁਮਾਰ ਨੂੰ ਮੁੱਖ ਸਕੱਤਰ ਅਤੇ ਪੰਡਤ ਕਾਂਸ਼ੀ ਰਾਮ ਨੂੰ ਖ਼ਜ਼ਾਨਚੀ ਥਾਪਿਆ ਗਿਆ। ਕਮੇਟੀ ਦਾ ਪਹਿਲਾ ਕੰਮ ਅਖ਼ਬਾਰ ਨੂੰ ਸ਼ੁਰੂ ਕਰਨ ਦਾ ਸੀ ਜਿਸ ਦਾ ਜ਼ਿੰਮਾ ਸਕੱਤਰ ਜੀ. ਡੀ. ਕੁਮਾਰ ਦਾ ਸੀ। ਪਰ ਉਸ ਦੀ ਬੀਮਾਰੀ ਕਾਰਨ ਨਾ ਦਫ਼ਤਰ ਖੁਲ੍ਹ ਸਕਿਆ ਅਤੇ ਨਾ ਹੀ ਅਖ਼ਬਾਰ ਨਿਕਲਿਆ। ਇਨ੍ਹੀ ਦਿਨੀਂ ਲਾਲਾ ਹਰਦਿਆਲ ਸਾਨ ਫ੍ਰਾਂਸਿਸਕੋ ਸਨ ਜੋ ਬਰਕਲੇ ਯੂਨੀ-ਵਰਸਿਟੀ ਵਿਚ ਲੈਕਚਰਰ (ਦਿੰਦੇ) ਸਨ। ਉਨ੍ਹਾਂ ਪਾਸ ਸਮਾਂ ਸੀ ਇਸ ਲਈ ਕਮੇਟੀ ਨੇ ਫੈਸਲਾ ਕੀਤਾ ਕਿ ਅਖ਼ਬਾਰ ਅਤੇ ਦਫ਼ਤਰ ਉਨ੍ਹਾਂ ਦੇ ਹਵਾਲੇ ਕੀਤੇ ਜਾਣ। ਲਾਲਾ ਹਰਦਿਆਲ ਨੇ ਇਹ ਦੋਵੇਂ ਕੰਮ ਜ਼ਿੰਮੇਂ ਲੈ ਲਏ ਅਤੇ ਉਗਦਰ'' ਨਾਮੀਂ ਅਖ਼ਬਾਰ ਕੱਢਿਆ; ਅਖ਼ਬਾਰ ਦਾ ਪਹਿਲਾ ਅੰਕ ਇਕ ਨਵੰਬਰ, 1913 ਨੂੰ ਛਪਿਆ ਜਿਸ ਦੀ ਛਪਾਈ ਵਿਚ ਕਰਤਾਰ ਸਿੰਘ ਸਰਾਭਾ ਅਤੇ ਰਘਬੀਰ ਦਿਆਲ ਨੇ ਮੱਦਦ ਕੀਤੀ।



ਜਦ ਪਾਰਟੀ ਦਾ ਪਰਚਾਰ ਚੌਹੀਂ ਪਾਸੀਂ ਮੱਘ ਪਿਆ ਤਾਂ ਇਸ ਦੀ ਰਿਪੋਰਟ ਅੰਗ੍ਰੇਜ਼ ਸਰਕਾਰ ਪਾਸ ਪਹੁੰਚ ਗਈ। ਉਸ ਨੇ ਦੋਸਤੀ ਦੀ ਸੰਧੀ ਅਧੀਨ ਅਮਰੀਕਾ ਸਰਕਾਰ ਤੇ ਦਬਾ ਪਾਕੇ ਸੱਭ ਤੋਂ ਪਹਿਲਾਂ ਲਾਲਾ ਹਰਦਿਆਲ ਨੂੰ ਦੇਸ਼ ਚੋਂ ਕੱਢਿਆ ਕਿਉਂਕਿ ਉਹ ਸਮਝਦੇ ਸਨ ਕਿ ਲਾਲਾ ਜੀ ਹੀ ਪਾਰਟੀ ਨੂੰ ਚਲਾਉਣ ਵਾਲਾ ਹੈ। ਲਾਲਾ ਹਰਦਿਆਲ ਦੇ ਚਲੇ ਜਾਣ ਤੋਂ ਬਾਅਦ ਬਾਬਾ ਭਕਨਾ ਜੀ ਬਹੁਤਾ ਸਮਾ ਆਸ਼ਰਮ ਨੂੰ ਦੇਣ ਲੱਗ ਪਏ। ਅਖ਼ਬਾਰ ਅਤੇ ਹੋਰ ਕੰਮ ਵੀ ਤੇਜ਼ੀ ਨਾਲ ਚੱਲਣ ਲੱਗੇ। ਇਨ੍ਹਾਂ ਦਿਨਾਂ ਵਿਚ ਉਕਾਮਾਗਾਟਾ ਮਾਰੂ ਜਹਾਜ਼'' ਦਾ ਸਾਕਾ ਹੋਇਆ ਜਿਸ ਨੂੰ ਕੈਨੇਡਾ ਸਰਕਾਰ ਨੇ ਵੈਨਕੂਵਰ ਦੀ ਬੰਦਰਗਾਹ ਤੇ ਕੁਝ ਮਹੀਨੇ ਰੋਕੀ ਰੱਖਿਆ। ਉਨ੍ਹਾਂ ਦਿਨਾਂ ਵਿਚ ''ਗਦਰ'' ਅਖ਼ਬਾਰ ਦੇ ਖ਼ਾਸ ਨੰਬਰ ਕੱਢੇ ਗਏ ਜਿਨ੍ਹਾਂ ਵਿਚ ਵਿਦੇਸ਼ੀ ਹਿੰਦੀਆਂ ਨੂੰ ਯਾਤਰੀਆਂ ਦੀ ਮੱਦਦ ਕਰਨ ਦੀ ਅਪੀਲ ਕੀਤੀ। ਗਦਰ ਪਾਰਟੀ ਦਾ ਸਾਰਾ ਸਾਹਿਤ ਕਿਸੇ ਨਾ ਕਿਸੇ ਤਰ੍ਹਾਂ ਜਹਾਜ਼ ਵਿਚ ਪਹੁੰਚਾਇਆ ਜਾਂਦਾ। ਕੈਨੇਡਾ ਸਰਕਾਰ ਨੇ ਕੁਝ ਮਹੀਨਿਆਂ ਬਾਅਦ ਜਹਾਜ਼ ਨੂੰ ਵਾਪਸ ਜਾਣ ਲਈ ਹੁਕਮ ਜਾਰੀ ਕਰ ਦਿੱਤਾ ਅਤੇ ਪਾਰਟੀ ਦੇ ਜ਼ੋਰ ਪਾਉਣ ਤੇ ਯਾਤਰੀਆਂ ਨੂੰ ਰਾਸ਼ਨ ਅਤੇ ਕੁਝ ਹਰਜਾਨਾ ਦੇਣਾ ਮੰਨ ਲਿਆ। ਮਾਰਚ 23, 1914 ਨੂੰ ਜਹਾਜ਼ ਜਾਪਾਨ ਦੀ ਬੰਦਰਗਾਹ ਯੋਕੋਹਾਮਾ ਵਲ ਰਵਾਨਾ ਹੋਇਆ। ਜਹਾਜ਼ ਵਿਚ 360 ਦੇ ਕਰੀਬ ਯਾਤਰੀ ਸਨ। ਗਦਰ ਪਾਰਟੀ ਨੇ ਫੈਸਲਾ ਕੀਤਾ ਕਿ ਇਕ ਬੰਦਾ ਜਹਾਜ਼ ਦੇ ਮਗਰ-ਮਗਰ ਜਾਵੇ ਅਤੇ ਜਪਾਨ ਵਿਚ ਯਾਤਰੀਆਂ ਨੂੰ ਮਿਲ ਕੇ ਆਪਣੇ ਮਿਸ਼ਨ ਬਾਰੇ ਦੱਸ ਕੇ ਆਜ਼ਾਦੀ ਲਈ ਤਿਆਰ ਕਰੇ। ਇਸ ਕੰਮ ਲਈ ਬਾਬਾ ਭਕਨਾ ਦੀ ਡਿਊਟੀ ਲੱਗੀ। ਦੋ ਸੌ ਪਸਤੌਲ ਅਤੇ ਦੋ ਪੇਟੀਆਂ ਗੋਲੀਆਂ ਦੀਆਂ ਨਾਲ ਲੈ ਜਾਣੀਆਂ ਸਨ। ਇਸ ਦਾ ਬੰਦੋਬਸਤ ਕਰਤਾਰ ਸਿੰਘ ਸਰਾਭਾ ਅਤੇ ਬਾਈ ਭਗਵਾਨ ਸਿੰਘ ਦੇ ਜ਼ਿੰਮੇ ਲਾਇਆ ਗਿਆ। ਦੋਵੇਂ ਜਹਾਜ਼ ਜਪਾਨ ਪਹੁੰਚ ਗਏ। ਹੁਣ ਪੇਟੀਆਂ ਉਤਾਰਨ ਅਤੇ ਜਹਾਜ਼ ਵਿਚ ਰਖਵਾਉਣ ਦਾ ਮਸਲਾ ਖੜ੍ਹਾ ਹੋ ਗਿਆ। ਇਸ ਦਾ ਇੰਤਜ਼ਾਮ ਜਪਾਨ ਦੇ ਗ਼ਦਰੀ ਮੈਂਬਰਾਂ ਨੇ ਪਹਿਲਾਂ ਹੀ ਕੀਤਾ ਹੋਇਆ ਸੀ। ਜਦ ਉਹ ਬਾਬਾ ਜੀ ਨੂੰ ਮਿਲਣ ਜਹਾਜ਼ ਵਿਚ ਆਏ ਤਾਂ ਪੇਟੀਆਂ ਉਨ੍ਹਾਂ ਦੇ ਹਵਾਲੇ ਕਰ ਦਿੱਤੀਆਂ। ਉਨ੍ਹਾਂ ਨੇ ਇਹ ਹਿੰਦੋਸਤਾਨ ਜਾਣ ਵਾਲੇ ਜਹਾਜ਼ ਵਿਚ ਰਖਵਾ ਦਿੱਤੀਆਂ। ਜਦ ਜਹਾਜ਼ ਬੰਗਾਲ ਦੀ ਖਾੜੀ ਵਿਚ ਪਹੁੰਚਿਆ ਤਾਂ ਪੰਜਾਬ ਦੀ ਸੀ. ਆਈ. ਡੀ. ਰੱਸਿਆਂ ਦੀਆਂ ਪੌੜੀਆਂ ਰਾਹੀਂ ਜਹਾਜ਼ ਤੇ ਚੜ੍ਹ ਆਈ। ਬਾਬਾ ਜੀ ਕਾਮਾਗਾਟਾ ਮਾਰੂ ਜਹਾਜ਼ ਰਾਹੀਂ ਨਹੀਂ, ਸਗੋਂ ਇਕ ਹੋਰ ਜਹਾਜ਼ ਰਾਹੀਂ ਕਲਕੱਤੇ ਦੀ ਬੰ-ਦਰਗਾਹ 'ਤੇ ਪਹੁੰਚ ਗਏ।ਉਨ੍ਹਾਂ ਨੂੰ ਪਹੁੰਚਿਆਂ ਸਾਰ, ਤਿੰਨ ਹੋਰ ਮੁਸਾਫਰਾਂ ਸਮੇਤ, ਗ੍ਰਿਫਤਾਰ ਕਰ ਲਿਆ। ਪਹਿਲਾਂ ਕਲਕੱਤੇ ਦੀ ਕੋਤਵਾਲੀ ਵਿਚ ਬੰਦ ਕੀਤਾ ਅਤੇ ਬਾਅਦ ਵਿਚ ਲੁਧਿਆਣੇ ਲਿਆਂਦਾ ਗਿਆ। ਪੁੱਛ ਪੜਤਾਲ ਤੋਂ ਬਾਅਦ ਹੋਰਨਾਂ ਨੂੰ ਛੱਡ ਦਿੱਤਾ ਅਤੇ ਭਕਨਾ ਜੀ ਨੂੰ ਮੁਲਤਾਨ ਦੀ ਜੇਹਲ ਵਿਚ ਭੇਜ ਦਿੱਤਾ। ਇਥੋਂ ਉਨ੍ਹਾਂ ਦਾ ਹਿੰਦੋਸਤਾਨ ਦੀ ਧਰਤੀ ਦਾ ਸੰਗਰਾਮ ਸ਼ੁਰੂ ਹੁੰਦਾ ਹੈ। ਏਥੇ ਇਹ ਦੱਸਣਾ ਜ਼ਰੂਰੀ ਹੈ ਕਿ ਜਦ ਭਕਨਾ ਜੀ ਨੂੰ ਤਾਂਗੇ 'ਤੇ ਬਿਠਾ ਕੇ ਲੁਧਿਆਣੇ ਦੇ ਰੇਲਵੇ ਸਟੇਸ਼ਨ ਤੋਂ ਲੁਧਿਆਣੇ ਦੀ ਕੋਤਵਾਲੀ ਨੂੰ ਲਿਜਾਇਆ ਜਾ ਰਿਹਾ ਸੀ ਤਾਂ ਕਰਤਾਰ ਸਿੰਘ ਸਰਾਭਾ ਸਾਈਕਲ 'ਤੇ ਉਨ੍ਹਾਂ ਦੇ ਪਿਛੇ-ਪਿੱਛੇ ਹੋ ਲਏ। ਬਾਬਾ ਜੀ ਨੇ ਸਰਾਭਾ ਨੂੰ ਹਿਦਾਇਤ ਕੀਤੀ ਕਿ 'ਉਹ ਵਾਪਸ ਜਾ ਕੇ ਆਪਣਾ ਕੰਮ ਕਰੇ, ਮੈਨੂੰ ਇਨ੍ਹਾਂ ਨੇ ਮੁਲਤਾਨ ਦੀ ਜੇਲ੍ਹ ਵਿਚ ਭੇਜ ਦੇਣਾ ਹੈ'।

### ਹਿੰਦੋਸਤਾਨ ਵਿਚ ਜੀਵਨ: ਜੇਲ੍ਹ ਸੰਗਰਾਮ

ਮੁਲਤਾਨ ਜ਼ਿਲੇ ਦੀ ਜੇਲ੍ਹ ਵਿਚ ਬਾਬਾ ਭਕਨਾ ਜੀ ਨੂੰ ਫਾਂਸੀ ਲੱਗਣ ਵਾਲਿਆਂ ਦੀ ਕੋਠੜੀ ਵਿਚ ਰੱਖਿਆ ਗਿਆ ਤਾਕਿ ਉਹ ਕੈਦੀਆਂ ਨੂੰ ਫਾਂਸੀ ਲਗਦੀ ਦੇਖ ਕੇ ਘਬਰਾ ਜਾਣ।ਬਾਬਾ ਜੀ ਲਿਖਦੇ ਹਨ ਕਿ, ਉਮੇਰੇ ਸਾਹਮਣੇ ਦੋ ਆਦਮੀ ਫਾਂਸੀ ਲੱਗੇ ਤੇ ਪੰਜ-ਪੰਜ ਮਿੰਟ ਵਿਚ ਖ਼ਤਮ ਹੋ ਗਏ। ਮੇਰਾ ਦਿਲ ਹੋਰ ਵੀ ਨਿਡੱਰ ਹੋ ਗਿਆ''। ਸੀ. ਆਈ. ਡੀ. ਦਾ ਸਾਰਾ ਧਿਆਨ ਬਾਬਾ ਜੀ ਉੱਤੇ ਸੀ ਕਿਉਂਕਿ, ਉਨ੍ਹਾਂ ਤੋਂ ਬਿਨਾ ਗਦਰ ਪਾਰਟੀ ਦਾ ਹੋਰ ਕੋਈ ਵੀ ਮੈਂਬਰ ਅਜੇ ਫੜਿਆ ਨਹੀਂ ਸੀ ਗਿਆ। ਬਾਬਾ ਜੀ ਲਿਖਦੇ ਹਨ ਕਿ, ''ਉਨ੍ਹਾਂ ਮੇਰੇ ਬਾਰੇ ਕਾਫ਼ੀ ਵਾਕਫ਼ੀਅਤ ਇਕੱਠੀ ਕਰਨ ਦੀ ਕੋਸ਼ਿਸ਼ ਕੀਤੀ, ਏਥੋਂ ਤੱਕ ਕਿ ਮੇਰੀਆਂ ਮਾਵਾਂ ਤੋਂ ਵੀ ਪੁੱਛ ਪੜਤਾਲ ਕੀਤੀ। ਪਰ ਉਨ੍ਹਾਂ ਨੂੰ ਮੇਰੇ ਖ਼ਿਲਾਫ਼ ਬਹੁਤਾ ਕੁਝ ਨਾ ਮਿਲਿਆ''। ਅੰਤ ਨੂੰ ਡਿਪਟੀ ਸੁਪਰਿਨਟੈਂਡੰਟ, ਸੁਖਾ ਸਿੰਘ ਅਤੇ ਇਕ ਮੌਲਵੀ ਨਾਮੀਂ ਇੰ-ਸਪੈਕਟਰ ਬਾਬਾ ਜੀ ਨੂੰ ਜੇਲ੍ਹ ਵਿਚ ਮਿਲਣ ਆਏ। ਕਹਿਣ ਲੱਗੇ, ''ਸਰਦਾਰ ਜੀ, ਤੁਸੀਂ ਤਾਂ ਸਿਆਣੇ ਸਉ, ਇਧਰ ਕਿਸ ਤਰ੍ਹਾਂ ਫਸ ਗਏ। ਅਸਾਂ ਘਰ ਜਾਕੇ ਤੁਹਾਡੀਆਂ ਮਾਤਾਵਾਂ ਤੇ ਪਤਨੀ ਦਾ ਹਾਲ ਵੇਖਿਆ ਹੈ ਸਾਨੂੰ ਉਨ੍ਹਾਂ ਦੀ ਹਾਲਤ ਤੇ ਬਹੁਤ ਤਰਸ ਆਇਆ ਹੈ। ਇਸ ਲਈ ਤੁਹਾਡੇ ਕੋਲ ਆਏ ਹਾਂ ਤੇ ਸਰਕਾਰ ਤੋਂ ਪੂਰਾ ਅਖ਼ਤਿਆਰ ਲੈ ਕੇ ਆਏ ਹਾਂ। ਸਿਆਣਪ ਇਸ ਵਿਚ ਹੈ ਤੇ ਵਕਤ ਹੈ ਕਿ ਤੁਸੀਂ ਆਪਣਾ ਬਚਾਅ ਕਰ ਲਵੋ।ਨਿਰਾ ਬਚਾਅ ਹੀ ਨਹੀਂ, ਬਲਕਿ ਇੱਜ਼ਤ, ਮਾਨ, ਰੁਪਿਆ, ਜ਼ਮੀਨ ਜੋ ਵੀ ਚਾਹੋ ਮਿਲ ਸਕਦਾ ਹੈ। ਬਿਆਨ ਵੀ ਮਾਮੂਲੀ ਜਿਹਾ ਦੇਣਾ ਪਵੇਗਾ ਬਸ ਇਹੀ ਕਿ ਤੁਹਾਡੇ ਨਾਲ ਅਮਰੀਕਾ ਵਿਚ ਪਾਰਟੀ ਦਾ ਕੌਣ ਕੌਣ ਬੰਦਾ ਕੰਮ ਕਰਦਾ ਸੀ? ਤੇ ਕੀ ਤੁਸੀਂ ਗਦਰ ਪਾਰਟੀ ਦੇ ਪ੍ਰਧਾਨ ਸਉ?''। ਬਾਬਾ ਜੀ ਨੇ ਉਨ੍ਹਾਂ ਦੀ ਚਾਲ ਦਾ ਹੱਸਦਿਆਂ ਹੋਇਆ ਮਖੌਲ ਉਡਾਇਆ ਅਤੇ ਠਰੰਮੇ ਨਾਲ ਕਿਹਾ, ''ਸਰਦਾਰ ਜੀ, ਮੈਂ ਸੁਣਿਆ ਸੀ ਕਿ ਹਿੰਦੋਸਤਾਨ ਦੀ ਪੁਲੀਸ ਦਾ ਦਿਮਾਗ਼ ਦੂਜੇ ਦੇਸ਼ਾਂ ਦੀ ਪੁਲੀਸ ਦੇ ਮੁਕਾਬਲੇ ਵਿਚ ਨਾ-ਹੋਣ ਦੇ ਬਰਾਬਰ ਹੈ, ਅੱਜ ਪੂਰਾ ਤਜਰਬਾ ਹੋ ਗਿਆ। ਮੈਂ ਤਾਂ ਰੋਟੀ ਕਮਾਉਣ ਲਈ ਘਰੋਂ ਨਿਕਲਿਆ ਸੀ ਤੇ ਅਮਰੀਕਾ ਵਿਚ ਲੱਕੜੀ ਦੇ ਕਾਰਖਾਨਿਆਂ ਅਤੇ ਕੈਲੇਫੋਰਨੀਆਂ ਦੇ ਖੇਤਾਂ ਤੇ ਬਾਗਾਂ ਵਿਚ ਮਜ਼ਦੂਰੀ ਕਰਦਾ ਰਿਹਾ ਤੇ ਹੁਣ ਜੰਗ ਲੱਗ ਜਾਣ ਕਰਕੇ ਦੇਸ਼ ਵਾਪਸ ਆਇਆ ਹਾਂ। ਤੁਸੀਂ ਪੁੱਛ ਰਹੇ ਹੋ ਕਿ ਮੈਂ ਗ਼ਦਰ ਪਾਰਟੀ ਦਾ ਪਰਧਾਨ ਸਾਂ ਤੇ ਕੌਣ ਕੌਣ ਮੇਰੇ ਨਾਲ ਕੰਮ ਕਰਦੇ ਹਨ!'' ਇਹ ਉੱਤਰ ਸੁਣ ਕੇ ਦੋਵੇਂ ਪੁਲਸੀਏ ਚਲੇ ਗਏ, ਪਰ ਦਸਾਂ ਬਾਰਾਂ ਦਿਨਾਂ ਵਿਚ ਉਹੀ ਪੁਲਸ ਵਾਲੇ ਬਾਬਾ ਜੀ ਦੇ ਇਕ ਮਿੱਤਰ ਅਤੇ ਜਣਨੀ-ਮਾਂ ਨੂੰ ਨਾਲ ਲੈ ਕੇ ਫੇਰ ਆ ਗਏ। ਕਹਿਣ ਲੱਗੇ ਕਿ ਉਹ ਬਾਹਰ ਚਲੇ ਜਾਂਦੇ ਹਨ ਤੁਸੀਂ ਆਪਸ ਵਿਚ ਗੱਲ ਕਰ ਲਉ। ਦੋਸਤ ਅਤੇ ਮਾਂ ਦੀ ਗੱਲ ਸੁਣਨ ਤੋਂ ਪਹਿਲਾਂ ਹੀ ਬਾਬਾ ਜੀ ਨੇ ਪੁੱਛਿਆ ਕਿ ਤੁਸੀਂ ਕਿਉਂ ਇਨ੍ਹਾਂ ਦੇ ਨਾਲ ਆਏ ਹੋ? ਉਨ੍ਹਾਂ ਨੇ ਕਿਹਾ ਕਿ ਪੁਲਸ ਵਾਲੇ ਰਾਤ ਦਿਨ ਤੰਗ ਕਰਦੇ ਸਨ ਕਿ ਤੁਹਾਨੂੰ ਸਮਝਾਉਣ। ਅਸੀਂ ਸੋਚਿਆ ਕਿ ਚੱਲ ਇਸੇ ਬਹਾਨੇ ਤੁਹਾਡੇ ਦਰਸ਼ਨ ਵੀ ਹੋ ਜਾਣਗੇ। ਮਾਤਾ ਜੀ ਨੇ ਦੱਸਿਆ ਕਿ ਪੁਲਿਸ ਵਾਲੇ ਕਹਿੰਦੇ ਸਨ, ਉਜੇ ਤੇਰੇ ਲੜਕੇ ਨੇ ਸਾਡੀ ਗੱਲ ਨਾ ਮੰਨੀ ਤਾਂ ਫਾਂਸੀ ਲੱਗ ਜਾਵੇਗੀ। ਮਾਂ ਹਾਂ, ਇਸ ਲਈ ਆਈ ਹਾਂ।'' ਬਾਬਾ ਜੀ ਨੇ ਮਾਂ ਨੂੰ ਕਿਹਾ, ਉਜੋ ਉਹ ਕਹਿੰਦੇ ਹਨ ਉਹ ਸੱਚ ਹੈ ਕਿ ਮੈਨੂੰ ਫਾਂਸੀ ਦੇ ਦੇਣਗੇ ਪਰ ਕੀ ਤੁਸੀਂ ਇਸ ਗੱਲ ਨੂੰ ਪਸੰਦ ਕਰੋਗੇ ਕਿ ਮੈਂ ਬਚ ਜਾਵਾਂ ਤੇ ਦੂਸਰੇ ਸੈਂਕੜੇ ਫਾਂਸੀ ਲੱਗ ਜਾਣ?''। ਮਾਤਾ ਜੀ ਸਿਆਣੇ ਸਨ। ਉਨ੍ਹਾਂ ਕਿਹਾ ਕਿ ਮੈਂ ਇਹ ਤਾਂ ਨਹੀਂ ਚਾਹੁੰਦੀ ਕਿ ਤੂੰ ਬਚ ਜਾਵੇਂ ਤੇ ਦੂਸਰਿਆਂ ਨੂੰ ਫਾਂਸੀ ਲਵਾ ਦੇਵੇਂ। ਬਾਬਾ ਜੀ ਨੇ ਮਾਤਾ ਜੀ ਦਾ ਧੰਨਵਾਦ ਕਰਦਿਆਂ ਕਿਹਾ, ਉਮਾਤਾ ਜੀ ਮੈਂ ਤੁਹਾਡੀ ਕੁੱਖੋਂ ਜਨਮ ਲਿਆ ਹੈ। ਮੈਂ ਤੁਹਾਡੀ ਕੁੱਖ ਨੂੰ ਕਲੰਕਿਤ ਕਰਕੇ ਜੀਉਂਦੇ ਰਹਿਣਾ ਨਹੀਂ ਚਾਹੁੰਦਾ। ਮੈਨੂੰ ਆਸ਼ੀਰਵਾਦ ਦਿਉ। ਮਾਤਾ ਜੀ ਨੇ ਸਿਰ ਤੇ ਹੱਥ ਫੇਰ ਕੇ ਆਸ਼ੀਰਵਾਦ ਦਿੱਤੀ ਤੇ ਕਿਹਾ ਪੁੱਤਰ ਆਪਣੇ ਧਰਮ ਤੇ ਕਾਇਮ ਰਹੋ, ਮੈਂ ਖੁਸ਼ ਹਾਂ''।

ਬਾਬਾ ਜੀ ਨੂੰ ਮੁਲਤਾਨ ਤੋਂ ਲਾਹੌਰ ਭੇਜ ਦਿੱਤਾ ਗਿਆ। ਅਪਰੈਲ 15, 1915 ਦੇ ਲਾਹੌਰ ਦੇ ਮਸ਼ਹੂਰ ਗਦਰ-ਸਾਜ਼ਸ ਕੇਸ ਵਿਚ ਬਾਬਾ ਭਕਨਾ ਨੂੰ 24 ਕੈਦੀਆਂ ਸਮੇਤ ਫਾਂਸੀ ਦੀ ਸਜ਼ਾ ਸੁਣਾਈ ਗਈ।ਪਿੱਛੋਂ ਇਨ੍ਹਾਂ ਵਿਚੋਂ 17 ਜਣਿਆਂ ਨੂੰ, ਜੋ ਬਾਬਾ ਜੀ ਦੇ ਨਾਲ ਜਹਾਜ਼ ਵਿਚ ਹੀ ਫੜੇ ਗਏ ਸਨ, ਵਾਇਸਰਾਏ ਲਾਰਡ ਹਾਰਡਿੰਗ ਦੇ ਹੁਕਮ ਤੇ ਫਾਂਸੀ ਦੀ ਸਜ਼ਾ ਬਦਲ ਕੇ ਉਮਰ ਕੈਦ ਕਰ ਦਿੱਤੀ। ਲਾਹੌਰ ਜੇਲ੍ਹ ਵਿਚ ਕੈਦੀਆਂ ਨੂੰ ਘਾਹ-ਫੂਸ (ਭੁਸੇ) ਦੀ ਟੋਪੀ ਪਹਿਨਣੀ ਪੈਂਦੀ ਸੀ। ਪਰ ਸਿੱਖ ਕੈਦੀਆਂ ਨੇ ਇਹ ਟੋਪੀ ਪਾਉਣ ਤੋਂ ਇਨਕਾਰ ਕਰ ਦਿੱਤਾ। ਸਿੱਖ ਕੈਦੀਆਂ ਦੀ ਵਧਦੀ ਐਜੀਟੇਸ਼ਨ ਨੂੰ ਦੇਖ ਕੇ ਸਰਕਾਰ ਨੇ ਪਗੜੀ ਦੇਕੇ, ਬਗੈਰ ਕੁਝ ਦੱਸਿਆਂ, ਬਾਬਾ ਜੀ ਨੂੰ ਕਾਲੇ ਪਾਣੀ ਦੀ ਸੁਲੋਲਰ ਜੇਲ੍ਹ ਭੇਜ ਦਿੱਤਾ।

### ਕਾਲੇਪਾਣੀ ਦੀ ਜੇਲ੍ਹ: ਬੁੱਚੜਖਾਨਾ

ਉਥੋਂ ਦੇ ਜੇਲਰ ਤੇ ਜੇਲ੍ਹ ਸੁਪਨਟੈਂਡੰਟ ਬੜੇ ਕੁਰੱਖਤ ਸਨ। ਉਹ ਨਵੇਂ ਆਏ ਕੈਦੀਆਂ ਤੋਂ ਕੁਝ ਹਫਤਿਆਂ ਤੱਕ ਕੋਹਲੂ ਨਾਲ 30 ਪੌਂਡ ਤੇਲ ਕਢਾਉਂਣ ਦਾ ਕੰਮ ਲੈਂਦੇ ਸਨ। ਜੇ ਇਕ ਪੌਂਡ ਤੇਲ ਘੱਟ ਜਾਵੇ ਤਾਂ 30 ਬੈਂਤਾਂ ਦੀ ਸਜ਼ਾ ਮਿਲਦੀ ਸੀ। ਕਈ ਕੈਦੀ ਇਸ ਕਰੜੇ ਕੰਮ ਅਤੇ ਸਖ਼ਤ ਸਜ਼ਾ ਕਰਕੇ ਆਤਮ ਹੱਤਿਆ ਵੀ ਕਰ ਲੈਂਦੇ ਸਨ। ਸਾਰੇ ਸਾਥੀਆਂ ਨੇ ਇਸ ਅਣਮਨੁੱਖੀ ਸਜ਼ਾਵਾਂ ਤੇ ਵਿਚਾਰ ਕੀਤਾ ਅਤੇ ਫੈਸਲਾ ਲਿਆ ਕਿ ਮੁਸ਼ੱਕਤ ਤਾਂ ਕੀਤੀ ਜਾਵੇ ਪਰ ਕੋਹਲੂ ਵਾਲਾ ਕੰਮ ਨਾ ਕੀਤਾ ਜਾਵੇ। ਨਾਲ ਇਹ ਵੀ ਫੈਸਲਾ ਲਿਆ ਕਿ ਕਿਸੇ ਵੀ ਜੇਲ੍ਹ ਦੇ ਅਧਿਕਾਰੀ ਦੀ ਬੇਇਜ਼ਤੀ ਨਾ ਕੀਤੀ ਜਾਵੇ। ਪਰ ਜੇ ਜੇਲ੍ਹ ਵਾਲੇ ਬੇਇਨਸਾਫੀ ਕਰਨ ਤਾਂ ਇੱਟ ਦਾ ਜਵਾਬ ਪੱਥਰ ਨਾਲ ਦਿੱਤਾ ਜਾਵੇ।ਜੇਲ੍ਹ ਅਧਿਕਾਰੀਆਂ ਨੂੰ ਇਸ ਫੈਸਲੇ ਦਾ ਪਤਾ ਲੱਗ ਗਿਆ; ਉਨ੍ਹਾਂ ਤੇਲ ਕੱਢਣ ਦੀ ਥਾਂ ਪਾਣੀ ਨਾਲ ਤਰ ਕੀਤਿਆਂ ਬਗੈਰ ਸੁੱਕਾ ਛਿਲਕਾ (ਮੁੰਜ) ਕੁੱਟਣ ਲਈ ਦੇ ਦਿੱਤਾ ਜਿਸ ਵਿਚੋਂ ਤਾਰਾਂ ਕੱਢ ਕੇ ਵਾਣ ਵੱਟਿਆ ਜਾਂਦਾ ਸੀ।ਆਮ ਕਰਕੇ ਹਰਾ ਛਿਲਕਾ ਦਿੱਤ ਜਾਂਦਾ ਸੀ ਪਰ ਜਾਣ-ਬੁਝ ਕੇ ਇਹ ਸਖ਼ਤ ਮੁਸ਼ੱਕਤ ਲਾਈ ਗਈ। ਜੇ ਕੋਈ ਸੁੱਕਾ ਛਿਲਕਾ ਨਾ ਕੁੱਟ ਸਕਦਾ ਤਾਂ ਜੇਲਰ ਦਫ਼ਤਰ ਵਿਚ ਸੱਦ ਕੇ ਸਖ਼ਤ ਸਜ਼ਾ ਦਿੰਦਾ ਸੀ। ਜੇਲ੍ਹ ਵਿਚ ਕਈ ਦਰਦਨਾਕ ਵਾਕਿਆਤ ਹੋਏ ਜਿਨ੍ਹਾਂ ਦਾ ਬਾਬਾ ਜੀ ਅਤੇ ਕੁਝ ਹੋਰ ਸਾਥੀਆਂ ਨੇ ਕਰੜਾ ਵਿਰੋਧ ਕੀਤਾ। ਇਹਨਾਂ ਦਾ ਜ਼ਿਕਰ ਉਨ੍ਹਾਂ ਦੀਆਂ ਲਿਖਤਾਂ ਵਿਚ ਮਿਲਦਾ ਹੈ।

ਕਾਲੇਪਾਣੀ ਦੀ ਜੇਲ੍ਹ ਵਿਚ ਗਦਰੀ ਬਾਬੇ ਜ਼ੁਲਮ ਅੱਗੇ ਝੁਕੇ ਨਹੀਂ, ਆਖਿਰ ਨੂੰ ਉਨ੍ਹਾਂ ਨੂੰ ਵਾਪਸ ਹਿੰਦੋਸਤਾਨ ਲਿਆਂਦਾ ਗਿਆ। ਬਾਬਾ ਭਕਨਾ ਨੂੰ ਕੁਇੰਬਾਟੂਰ ਜੇਲ੍ਹ ਵਿਚ ਭੇਜ ਦਿੱਤਾ ਗਿਆ। ਏਥੇ ਮੋਪਲਾ ਕੈਦੀਆਂ ਨੂੰ ਵੀ ਲਿਆਂਦਾ ਗਿਆ ਜਿਨ੍ਹਾਂ 'ਤੇ ਬਹੁਤ ਦਰਦੀਲੇ ਅਤਿਆਚਾਰ ਕੀਤੇ ਗਏ, ਏਥੋਂ ਤੱਕ ਕਿ ਬੱਚਿਆਂ ਨੂੰ ਵੀ ਕੋਠੜੀ ਵਿਚ ਬੰਦ ਕਰ ਦਿੱਤਾ ਗਿਆ ਅਤੇ ਖਾਣ ਲਈ ਕੇਵਲ ਚੌਲਾਂ ਦੀ ਪਿੱਛ ਦਿੱਤੀ ਗਈ । ਬਾਬਾ ਜੀ ਨੇ ਹੋਰਨਾਂ ਨਾਲ ਰਲ ਕੇ ਬੱਚਿਆਂ ਨੂੰ ਚੋਰੀ ਰੋਟੀ ਪਾਣੀ ਪਹੁੰਚਾਉਣਾ ਸ਼ੁਰੂ ਕਰ ਦਿੱਤਾ। ਪੰਜ ਛੇ ਦਿਨ ਤਾਂ ਜੇਲ੍ਹ ਵਾਲਿਆਂ ਨੂੰ ਪਤਾ ਨਾ ਲੱਗਿਆ, ਆਖਿਰ ਨੂੰ ਬਾਬਾ ਜੀ ਤੇ ਉਨ੍ਹਾਂ ਦੇ ਸਾਥੀ ਫੜੇ ਗਏ। ਬਾਬਾ ਜੀ ਨੂੰ ਪੂਨਾ ਦੀ ਯਰਵਦਾ ਜਿਹਲ ਵਿਚ ਭੇਜ ਦਿੱਤਾ। ਜਦ ਉਹ ਏਥੇ ਪਹੁੰਚੇ ਤਾਂ ਉਨ੍ਹਾਂ ਨੂੰ ਵੀ ਹੋਰ ਕੈਦੀਆਂ ਵਾਂਗ ਪਗੜੀ ਦੀ ਥਾਂ ਟੋਪੀ ਪਹਿਨਣ ਲਈ ਦਿੱਤੀ ਗਈ ਅਤੇ ਕੱਛੇ ਉਤਾਰ ਕੇ ਜੇਲ੍ਹ ਦੇ ਕਛਹਿਰੇ ਪਾਉਣ ਲਈ ਕਿਹਾ ਗਿਆ। ਬਾਬਾ ਜੀ ਤੇ ਸਾਥੀਆਂ ਨੇ ਜੇਲ੍ਹ ਅਧਿਕਾਰੀਆਂ ਨੂੰ ਕਿਹਾ ਕਿ ਪਗੜੀ ਸਿੱਖਾਂ ਦੀ ਦਸਤਾਰ ਹੈ ਅਤੇ ਪੰਜਾਬ ਗੌਰਮਿੰਟ ਤੋਂ ਕੈਦੀਆਂ ਲਈ ਮਨਜ਼ੂਰਸ਼ੁਦਾ ਹੈ, ਅਸੀਂ ਟੋਪੀ ਨਹੀਂ ਪਹਿਨਾਂਗੇ।ਪਰ ਉਨ੍ਹਾਂ ਦੇ ਕੱਪੜੇ ਜ਼ਬਰਦਸਤੀ ਉਤਾਰ ਲਏ ਗਏ ਅਤੇ ਬਾਬਾ ਜੀ ਨੇ ਆਪਣੇ ਦੁਆਲੇ ਕੰਬਲ ਲਪੇਟ ਲਿਆ ਪਰ ਜੇਲ੍ਹ ਦੇ ਕੱਪੜੇ ਨਹੀਂ ਪਹਿਨੇ। ਹੋਰ ਹਿੰਦੂ ਅਤੇ ਮੁਸਲਮ ਕੈਦੀਆਂ ਨੇ ਬਾਬਾ ਜੀ ਦਾ ਸਾਥ ਦਿੱਤਾ ਅਤੇ ਇਕ ਮੁੱਠ ਹੋਕੇ ਧਰਮ ਨਾਲੋਂ ਅਸੂਲੀ ਦ੍ਰਿੜਤਾ ਨੂੰ ਅਪਨਾਉਣ ਦਾ ਸਬੂਤ ਦਿੱਤਾ। ਇਕ ਮਹੀਨੇ ਤੱਕ ਭੁੱਖ ਚਲਦੀ ਰਹੀ, ਜੇਲ੍ਹ ਅਧਿਕਾਰੀਆਂ ਨੇ ਜ਼ਬਰਦਸਤੀ ਨੱਕ ਰਾਹੀਂ ਦੁਧ ਵਗੈਰਾ ਦੇਣ ਦਾ ਹੀਲਾ ਵੀ ਨਾ ਕੀਤਾ, ਜਿਵੇਂਕਿ ਆਮ ਕੀਤਾ ਜਾਂਦਾ ਸੀ। ਕੇਵਲ ਇਕ ਪਾਣੀ ਦਾ ਘੜਾ ਭਰ ਕੇ ਕੋਠੜੀ ਵਿਚ ਰੱਖ ਜਾਂਦੇ। ਭੁਖ ਹੜਤਾਲ ਚਲ ਰਹੀ ਸੀ ਕਿ ਇਕ ਪੰਜਾਬੀ ਸਿੱਖ ਸਿਪਾਹੀ ਨੇ 'ਸ਼੍ਰੋਮਣੀ ਗੁਰਦੁਆਰਾ ਕਮੇਟੀ' ਨੂੰ ਖ਼ਬਰ ਕਰ ਦਿੱਤੀ। ਕਮੇਟੀ ਪੰਜਾਬ ਦੇ ਗਵਰਨਰ ਨੂੰ ਮਿਲੀ ਤੇ ਉਸ ਨੇ ਬੰਬਈ ਸਰਕਾਰ ਨੂੰ ਲਿਖ ਕੇ ਸਿੱਖ ਕੈਦੀਆਂ ਲਈ ਪਗੜੀ 'ਤੇ ਕਛਹਿਰੇ ਮਨਜ਼ੂਰ ਕਰਾ ਦਿੱਤੇ। ਇਸ ਤਰ੍ਹਾਂ ਇਕ ਮਹੀਨੇ ਪਿੱਛੋਂ ਭੁੱਖ ਹੜਤਾਲ ਖਤਮ ਹੋਈ। ਉਨ੍ਹਾਂ ਦਿਨਾਂ ਵਿਚ ਅੰਡੇਮਾਨ ਜੇਲ੍ਹ ਦਾ ਸੁਪਰਿਨਟੈਂਡਿੰਟ, ਸੂਬਾ, ਬੰਬਈ ਦਾ ਆਈ. ਜੀ. ਬਣ ਕੇ ਜੇਲ੍ਹ ਦਾ ਮੁਆਇਨਾ ਕਰਨ ਆਇਆ। ਬਾਬਾ ਭਕਨਾ ਤੇ ਇਕ ਹੋਰ ਗਦਰੀ ਬਾਬੇ ਨੂੰ ਪਹਿਚਾਣ ਕੇ ਉਸ ਨੂੰ ਕੁਝ ਸ਼ਰਮਿੰਦਗੀ ਮਹਿਸੂਸ ਹੋਈ ਕਿ ਇਨ੍ਹਾਂ ਲੋਕਾਂ ਨਾਲ ਕਿੰਨੀ ਜ਼ਿਆਦਤੀ ਹੋਈ ਹੈ। ਉਸ ਨੇ ਬੜੀ ਨਰਮੀ ਨਾਲ ਗਲਬਾਤ ਕੀਤੀ ਅਤੇ ਬਾਬਾ ਜੀ

(ਬਾਕੀ ਅਗਲੇ ਸਫੇ 'ਤੇ)

# ਮਾਤਾ ਰੇਸ਼ਮ ਕੌਰ ਦੀ ਇੱਕ ਮਿੱਠੀ ਯਾਦ



ਸੀਤਾ ਰਾਮ ਮਾਧੋਪੁਰੀ

ਸੰਨ 1980 ਵਿੱਚ ਅੱਠਵੀਂ ਜਮਾਤ ਵਿੱਚ ਪੜ੍ਹਦਾ ਸੀ। ਉਦੋਂ ਸਾਡਾ ਪਰਿਵਾਰ ਗਰੀਬੀ ਨਾਲ ਜੂਝ ਰਿਹਾ ਸੀ। ਮੇਰੀ ਮਾਤਾ ਨੇ ਮੱਝਾਂ ਰੱਖੀਆਂ ਹੋਈਆਂ ਸਨ। ਅਸੀਂ ਦਿਨ ਰਾਤ ਮਿਹਨਤ ਕਰਕੇ ਗੁਜ਼ਾਰਾ ਕਰਦੇ ਸਾਂ। ਸਿਤਮਜ਼ਰੀਫੀ ਤਾਂ ਇਹ ਸੀ ਜਦੋਂ ਮੱਝਾਂ ਸੂਣ ਵਾਲੀਆਂ ਹੋ ਜਾਣ-ਿਆਂ ਤਾਂ ਉਨ੍ਹਾਂ ਦਾ ਮੁੱਲ ਪੈ ਜਾਣਾਂ। ਜਿਹਦੇ ਕੋ.ਲੋਂ ਅਧਿਆਰੇ ਤੇ ਲਿਆਂਦੀ ਹੋਣੀ ਉਹਨੇ ਪੈਸੇ ਦੇ ਕੇ ਮੱਝ ਖੋਲ੍ਹ ਕੇ ਲੈ ਜਾਣੀਂ। ਮੇਰੀ ਮਾਂ ਨੇ ਕਈ ਦਿਨ ਆਪਣੀ ਮਜਬੂਰੀ ਤੇ ਰੋਂਦੇ ਰਹਿਣਾ ਕਿ ਮੇਰੇ ਬੱਚਿਆਂ ਨੂੰ ਦੁੱਧ ਪੀਣਾ ਨਸੀਬ ਨਹੀਂ ਹੋਇਆ।

ਇੱਕ ਦਿਨ ਪੱਠੇ ਲੈਣ ਟਿੱਬੇ ਵੱਲ੍ਹ ਬੰਨ੍ਹ ਲਾਗੇ ਖੇਤਾਂ ਵਿੱਚ ਗਿਆ। ਗੁਰਿੰਦਰ ਹੁਰਾਂ ਦੇ ਵਿਹੜੇ ਵਿੱਚ ਛੱਲੀਆਂ ਸੁੱਕਣ-ਿਆਂ ਪਾਈਆਂ ਹੋਈਆਂ ਸੀ। ਵਾਪਸੀ ਤੇ ਇਨ੍ਹਾਂ ਦੇ ਘਰ ਲਾਗਿਓਂ ਲੰਘਣ ਲੱਗਾ ਤਾਂ ਮਾਤਾ ਰੇਸ਼ਮ ਕੌਰ ਨੇ ਅਵਾਜ਼ ਮਾਰ ਲਈ -- ਵੇ ਪੁੱਤ ਪਾਣੀ ਪੀ ਕੇ ਜਾਂਈਂ।

ਮੈਂ ਪੱਠਿਆਂ ਦੀ ਪੰਡ ਸੁੱਟ ਲਈ। ਪਸੀਨੇ ਨਾਲ ਤਰ ਬ ਤਰ, ਪਿਆਸ ਵੀ ਲੱਗੀ ਸੀ। ਮਾਤਾ ਰੇਸ਼ਮ ਕੌਰ ਨੇ ਮਿੰਟਾਂ ਸਕਿੰਟਾਂ ਚ ਲੱਸੀ ਦੇ ਗਲਾਸ ਵਿੱਚ ਸ਼ੱਕਰ ਪਾ ਕੇ ਗਲਾਸ ਮੈਨੂੰ ਫੜਾ ਦਿੱਤਾ ਤੇ ਬਹੁਤ ਹੀ ਲਾਡ ਨਾਲ ਕਿਹਾ--ਲੈ ਪੀ ਲਾ ਮੇਰਾ ਪੁੱਤ।

ਲੱਸੀ ਪੀ ਕੇ ਗਲਾਸ ਫੜਾਇਆ ਤਾਂ ਮਾਤਾ ਨੇ ਪੁੱਛਿਆ--ਕਿਹਦਾ ਮੁੰਡਾ ਤੂੰ ਪੁੱਤ?

ਦੌਲਤ ਰਾਮ ਦਾ-- ਮੈਂ ਕਿਹਾ।

ਅੱਛਾ ਅੱਛਾ। ਜੀਂਦਾ ਵਸਦਾ ਰਹਿ -- ਮਾਤਾ ਨੇ ਅਸ਼ੀਰਵਾਦ ਦਿੱਤਾ।

ਮੈਂ ਘਰ ਆ ਕੇ ਆਪਣੀ ਮਾਂ ਨੂੰ ਦੱਸਿਆ ਤਾਂ ਮੇਰੀ ਮਾਂ ਨੇ ਬੜੇ ਆਦਰਭਾਵ ਨਾਲ ਕਿਹਾ-- ਉਹ ਤਾਂ ਸਾਰਿਆਂ ਨਾਲ ਈ ਏਦਾਂ ਕਰਦੀ ਆ। ਅਸੀ ਪੱਠਿਆਂ ਨੂੰ ਓਧਰ ਗਈਆਂ ਹੋਈਏ ਓਨੇ ਓਦਾਂ ਥੋੜੋਂ ਆਉਣ ਦੇਣਾਂ। ਚਾਹ ਪਾਣੀ ਲੱਸੀ ਤਾਂ ਪਿਲਾਉਂਦੀ ਆ ਰੋਟੀ ਦਾ ਟੈਮ ਹੋਵੇ ਮੱਲੋਮੱਲੀ ਰੋਟੀ ਖ.ਲਾ ਦਿੰਦੀ ਆ। ਮੀਹ ਕਿਣੀ ਚ ਤਾਂ ਕਹਿ ਦਿੰਦੀ ਆ ਸਾਡੇ ਖੇਤ ਚੋਂ ਪੱਠੇ ਵੱਢ ਕੇ ਲੈ ਜਾਇਆ ਕਰੋ। ਮਾਂਰ੍ਹਾਜ ਨੇ ਇਹਦੇ ਟੱਬਰ ਨੂੰ ਬਹੁਤ ਦੇਣਾ। ਜਿਹੜਾ ਏਦਾਂ ਸੋਚਦਾ



ਰੱਬ ਉਹਦੇ ਘਰ ਨੌਂ ਨਿਧਾਂ ਬਾਰਾਂ ਸਿਧਾਂ ਕਰ ਦਿੰਦਾ, ਕੋਈ ਤੋਟ ਨਹੀਂ ਰਹਿਣ ਦਿੰਦਾ।

ਅੱਜ ਜਦੋਂ ਮਾਤਾ ਰੇਸ਼ਮ ਕੌਰ ਨੂੰ ਯਾਦ ਕਰਦਾ ਹਾਂ ਤਾਂ ਮਹਿਸੂਸ ਹੁੰਦਾ ਹੈ ਕਿ ਮਾਤਾ ਨੇ ਸ਼ਾਇਦ ਮੈਨੂੰ ਲੱਸੀ ਦੇ ਗਲਾਸ ਵਿੱਚ ਲੋਕ ਭਲਾਈ ਦਾ ਗੁਣ ਵੀ ਘੋ.ਲ ਕੇ ਪਿ.ਲਾ ਦਿੱਤਾ ਸੀ। ਆਪਣੀ ਮਾਂ ਤੋਂ ਇਲਾਵਾ ਮੈਂ ਪਿੰਡ ਦੀਆਂ ਤਿੰਨ ਚਾਰ ਮਾਈਆਂ ਦੇ ਮੂੰਹੋਂ ਮਾਤਾ ਰੇਸ਼ਮ ਕੌਰ ਦੇ ਪਰਿਵਾਰ ਦੇ ਉੱਜਲ ਭਵਿੱਖ ਬਾਰੇ ਬੜੇ ਪਿਆਰੇ ਬੋਲ ਸੁਣੇ ਸਨ। ਦਾਦੀ ਨੰਤੀ ਨੇ ਤਾਂ ਬੋਲਦੀ ਬੋਲਦੀ ਨੇ ਅੱਖਾਂ ਬੰਦ ਕਰਕੇ ਹੱਥ ਜੋੜ ਕੇ ਕਿੰਨਾ ਈ ਚਿਰ ਅਰਦਾਸ ਕਰਦਿਆਂ ਕਿੰਨਾ ਈ ਕੁਛ ਬੋਲਿਆ ਸੀ। ਦਾਦੀ ਨੰਤੀ ਦਾ ਇੱਕ ਇੱਕ ਬੋਲ ਇੱਕ ਇੱਕ ਵਰ ਵਾਂਗ ਸੀ ਜਿਹੜੇ ਵਰ ਪ੍ਰਾਪਤ ਕਰਨ ਲਈ ਪੁਰਾਣੇ ਜ਼ਮਾਨੇ ਚ ਲੋਕੀਂ ਸਾਲਾਂ ਬੱਧੀ ਭਗਤੀ ਕਰਦੇ ਸਨ। ਮਾਤਾ ਰੇਸ਼ਮ ਕੌਰ ਨੂੰ ਹੋਰ ਪਤਾ ਨਹੀਂ ਕਿੰਨੇ ਜਣਿਆਂ ਨੇ ਏਦਾਂ ਦੇ ਆਸ਼ੀਰਵਾਦ ਦਿੱਤੇ ਹੋਣਗੇ।

ਅੱਜ ਮਾਤਾ ਦੇ ਆਰ-ਪਰਿਵਾਰ ਦੀ ਖੁਸ਼ਹਾਲੀ ਦੇਖਕੇ ਲਗਦਾ ਹੈ ਗੁਰੂ ਅਰਜਨ ਦੇਵ ਜੀ ਦੇ ਬੋਲ ਪੂਰੀ ਤਰ੍ਹਾਂ ਢੁੱਕਦੇ ਹਨ --ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ॥ (ਬਾਰਹ ਮਹਾ ਮਾਂਝ ਮਹਲਾ ਪੰਜਵਾਂ, ਸ੍ਰੀ ਗੁਰੂ ਗ੍ਰੰਥ ਸਾਹਿਬ ,ਅੰਗ 134)

# ਗੀਤਾਂ ਨੂੰ ਲੋਕ-ਗੀਤ ਦੇ ਢਾਂਚੇ ਵਿੱਚ ਢਾਲਣ ਵਾਲੀ ਅਜ਼ੀਮ ਸਖ਼ਸ਼ੀਅਤ : ਉਸਤਾਦ ਤਸੱਦਕ ਅਲੀ ਖ਼ਾਨ

ਤਾਂਘਾਂ ਵਾਲੇ ਨੈਣ, ਗੋਰੀਏ ਮੈਂ ਜਾਣਾ ਪ੍ਰਦੇਸ, ਪੱਤਣਾ 'ਤੇ ਮਿਲ ਮਾਹੀਆ, ਪੱਤਾ-ਪੱਤਾ ਬੂਟਾ ਬੂਟਾ, ਜਾ ਵੇ ਪ੍ਰਦੇਸੀਆਂ ਵਰਗੀਆਂ ਅਨੇਕਾਂ ਤਰਜ਼ਾਂ ਦਾ ਰਚੇਤਾ, ਸੰਗੀਤ ਦੁਨੀਆਂ ਵਿੱਚ ਆਪਣਾ ਨਾਮ ਅਮਰ ਕਰ ਚੁੱਕੀ ਅਜ਼ੀਮ ਹਸਤੀ ਜਨਾਬ ਤਸੱਦਕ ਅਲੀ ਖ਼ਾਨ ਕਿਸੇ ਵੀ ਜਾਣ ਪਹਿਚਾਣ ਦੇ ਮੁਹਤਾਜ਼ ਨਹੀਂ ਹਨ। 10 ਅਪ੍ਰੈਲ 1939 ਵਿੱਚ ਜਨਮੇ ਜਨਾਬ ਤਸੱਦਕ ਅਲੀ ਖ਼ਾਨ ਕਈ ਕਲਾਵਾਂ ਦੇ ਮਾਲਕ ਹਨ। ਜ਼ਿਲ੍ਹਾ ਹੁਸ਼ਿਆਰਪੁਰ, ਕਸਬਾ ਸ਼ਾਮ ਚੌਰਾਸੀ ਵਿਖੇ ਉਸਤਾਦ ਵਲਾਇਤ ਅਲੀ ਖ਼ਾਂ ਦੇ ਘਰ ਜਨਮੀ ਇਹ ਅਜ਼ੀਮ ਸ਼ਖ਼ਸੀਅਤ ਨਾ ਸਿਰਫ਼ ਇਕ ਗਾਇਕ ਹੀ ਹਨ ਬਲਕਿ ਉਹ ਪ੍ਰੋਡਿਊਸਰ, ਕੰਪੋਜਰ, ਮੈਲੋਡੀ ਡਰਾਮਾ ਰਾਈਟਰ, ਰਿਕਾਰਡਿਸਟ ਜਿਹੀਆਂ ਕਲਾਵਾਂ ਵੀ ਸਾਂਭੀ ਬੈਠੇ ਸਨ। ਸੰਗੀਤ ਘਰਾਣਾ ਸ਼ਾਮ ਚੌਰਾਸੀ ਦੇ ਚਸ਼ਮ-ਓ-ਚਿਰਾਗ ਨੇ ਆਪਣੀ ਮੁੱਢਲੀ ਸੰਗੀਤ ਸਿੱਖਿਆ ਆਪਣੇ ਪਿਤਾ ਜੀ ਉਸਤਾਦ ਵਲਾਇਤ ਅਲੀ ਖ਼ਾਨ ਅਤੇ ਦੋ ਵੱਡੇ ਭਰਾਵਾਂ ਉਸਤਾਦ ਨਜ਼ਾਕਤ ਅਲੀ ਅਤੇ ਉਸਤਾਦ ਸਲਾਮਤ ਅਲੀ ਪਾਸੋਂ ਹੀ ਗ੍ਰਹਿਣ ਕੀਤੀ।

ਸ਼ਾਮ ਚੌਰਾਸੀ ਘਰਾਣੇ ਦੇ ਵਾਰਿਸਾਂ ਦਾ ਇਹ ਪਰਿਵਾਰ 1947 ਦੀ ਭਾਰਤ-ਪਾਕਿ ਵੰਡ ਸਮੇਂ ਦੌਰਾਨ ਪਾਕਿਸਤਾਨ ਚਲਾ ਗਿਆ ਜਿੱਥੇ ਪਹਿਲਾਂ ਮੁਲਤਾਨ ਦੇ ਬਹਾਵਲਪੁਰ ਵਿਖੇ ਡੇਰਾ ਜਮਾਇਆ ਅਤੇ ਫਿਰ ਲਾਹੌਰ ਆ ਕੇ ਸਦਾ ਦੇ ਵਸਨੀਕ ਬਣ ਗਏ। ਇੱਥੇ ਹੀ ਆਪਣਾ ਵਿੱਦਿਅਕ ਸਫ਼ਰ ਵੀ ਸ਼ੁਰੂ ਤਹਿ ਕਰਦੇ ਹੋਏ ਪਹਿਲਾਂ 1963 ਦੌਰਾਨ ਇਸਲਾਮੀਆਂ ਕਾਲਜ, ਸਿਵਲ ਲਾਈਨ ਲਾਹੌਰ ਵਿਖੇ ਆਪਣੀ ਗ੍ਰੈਜੂਏਸ਼ਨ ਦੀ ਪੜ੍ਹਾਈ ਪੂਰੀ ਕਰਨ ਉਪਰੰਤ 1964 ਵਿੱਚ ਰੇਡੀਓ ਲਾਹੌਰ ਨੂੰ ਬਤੌਰ ਜੁਆਇੰਟ ਪ੍ਰੋਡਿਊਸਰ ਆਪਣੀਆਂ ਸੇਵਾਵਾਂ ਦੇਣੀਆਂ ਆਰੰਭ ਕਰ ਦਿੱਤੀਆਂ।

ਸੰਗੀਤ ਕਲਾ ਗੁੜਤੀ ਤੋਂ ਮਿਲੀ ਹੋਈ ਹੋਣ ਕਾਰਣ ਸੰਗੀਤ ਦਾ ਜਾਦੂ ਸਿਰ ਚੜ੍ਹ ਬੋਲ ਰਿਹਾ ਸੀ। ਕਲਾਸੀਕਲ ਪ੍ਰੋਗਰਾਮ ਵੀ ਪੇਸ਼ ਕੀਤੇ ਪਰ ਘਰ ਵਿੱਚ ਵਿਸ਼ਵ ਪ੍ਰਸਿੱਧ ਵੱਡੇ ਭਰਾ ਸਲਾਮਤ ਅਲੀ, ਨਜ਼ਾਕਤ ਅਲੀ ਹੋਣ ਕਾਰਨ ਸੰਗੀਤਕ



ਦਲਜੀਤ ਹੰਸ ਅਤੇ ਉਸਤਾਦ ਤਸੱਦਕ ਅਲੀ ਖ਼ਾਨ

ਖੇਤਰ ਵਿੱਚ ਆਪਣੀ ਅਲੱਗ ਪਹਿਚਾਣ ਬਣਾਉਣ ਦਾ ਰਾਹ ਲੱਭਦੇ ਰਹੇ ਤੇ ਕਾਮਯਾਬ ਰਹੇ। ਰੇਡੀਓ 'ਤੇ ਬਤੌਰ ਕੰਪੋਜ਼ਰ ਦੇ ਤੌਰ 'ਤੇ ਉਨ੍ਹਾਂ ਸੈਂਕੜੇ ਕੰਪੋਜਿਸ਼ਨਾਂ ਤਿਆਰ ਕੀਤੀਆਂ ਜਿਨ੍ਹਾਂ ਨੂੰ ਵਿਸ਼ਵ ਪ੍ਰਸਿੱਧ ਹਾਸਲ ਹੋਈ। ਸੰਗੀਤਕ ਖੇਤਰ ਵਿੱਚ ਉਨ੍ਹਾਂ ਵਲੋਂ ਬਣਾਈਆਂ ਅਨੇਕਾਂ ਤਰਜ਼ਾਂ ਜਿਨ੍ਹਾਂ ਵਿੱਚ ਤਾਂਘਾਂ ਵਾਲੇ ਨੈਣ (ਗੁਲਾਮ ਅਲੀ), ਗੋਰੀਏ ਮੈਂ ਜਾਣਾ ਪ੍ਰਦੇਸ ਅਤੇ ਜਾਹ ਵੇ ਪ੍ਰਦੇਸੀਆ (ਪ੍ਰਵੇਜ਼ ਮਹਿੰਦੀ, ਰੇਸ਼ਮਾਂ), ਮਨ ਮੈਥੋਂ ਨਹੀਂਓਂ ਮੰਨਦਾ (ਰੇਸ਼ਮਾਂ), ਸਾਡਾ ਦਿਲ ਤੋੜ ਕੇ ਤੂੰ ਵੀ ਪਛਤਾਵੇਂਗਾ (ਗੁਲਾਮ ਅਲੀ), ਰੋਗ ਡਾਹਢੇ ਲਾ ਗਿਆ (ਹੁਸੈਨ ਬਖ਼ਸ਼ ਗੁੱਲੂ+ਅਫ਼ਸ਼ਾਂ), ਖ਼ੂਬਰੂਈਓਂ ਸੇ ਯਾਰੀਆਂ, ਗ਼ਜ਼ਲ (ਨੂਰ ਜਹਾਂ), ਪੱਤਣਾਂ 'ਤੇ ਮਿਲ ਮਾਹੀਆ (ਗੁਲਾਮ ਅਲੀ+ਅਫ਼ਸ਼ਾਂ), ਮੇਰੀਆਂ ਗੱਲਾਂ ਯਾਦ ਕਰੇਂਗੀ (ਪ੍ਰਵੇਜ਼ ਮਹਿੰਦੀ), ਕਿਉਂ ਦੂਰ-ਦੂਰ ਰਹਿੰਦੇ ਓ ਹਜੂਰ ਮੇਰੇ ਕੋਲੋਂ (ਸ਼ੌਕਤ ਅਲੀ), ਮੇਰੇ ਕਾਗ ਬਨੇਰੇ ਬੋਲੇ (ਫ਼ਰੀਦਾ ਖ਼ਾਨਮ), ਹਸ ਕੇ ਬੋਲਾ ਕਰੋ ਬੁਲਾਇਆ ਕਰੋ (ਪ੍ਰਵੇਜ਼ ਅਲੀ), ਕਿਸ ਤਰ੍ਹਾਂ ਆਏਗਾ ਕਰਾਰ ਮੁਝੇ, ਗ਼ਜ਼ਲ (ਉਸਤਾਦ ਜ਼ਾਕਿਰ ਅਲੀ- ਭਾਈ), ਬੱਲੀਏ ਚੰਬੇ ਦੀਏ ਕਲੀਏ



(ਤਸੱਦਕ ਅਲੀ+ਮਹਿਨਾਜ਼), ਪੱਤਾ-ਪੱਤਾ ਬੂਟਾ ਬੂਟਾ (ਮਹਿੰਦੀ ਹਸਨ) ਅਤੇ ਹੋਰ ਅਨੇਕਾਂ ਪਾਕਿਸਤਾਨ ਫ਼ੰਨਕਾਰਾਂ ਨੇ ਉਨ੍ਹਾਂ ਦੀਆਂ ਬਣਾਈਆਂ ਤਰਜ਼ਾਂ ਦਾ ਆਸਰਾ ਲੈ ਕੇ ਪ੍ਰਸਿੱਧ ਹਾਸਲ ਕੀਤੀ ਅਤੇ ਟੈਲੀਵਿਜ਼ਨ ਡਰਾਮਾ 'ਨੌਟੰਕੀ' ਸੰਗੀਤਕ ਡਰਾਮਾ, ਜਿਸ ਵਿੱਚ 47 ਰਾਗ਼ਾਂ ਦੀ ਵਰਤੋਂ ਕੀਤੀ ਗਈ ਸੀ।

ਆਪਣੀ ਕਲਾ ਦੇ ਦਮ 'ਤੇ ਤਸੱਦਕ ਖ਼ਾਨ ਸਾਹਿਬ ਨੇ ਅਨੇਕਾਂ ਐਵਾਰਡ ਵੀ ਪ੍ਰਾਪਤ ਕੀਤੇ ਜਿਨ੍ਹਾਂ ਵਿੱਚੋਂ 1977 ਵਿੱਚ ਪੀ ਬੀ ਸੀ (ਗੋਲਡਨ) ਐਵਾਰਡ, ਆਲ ਪਾਕਿਸਤਾਨ ਮਿਊਜ਼ਕ ਕਾਨਫ਼ਰੰਸ ਐਵਾਰਡ (1977, 1994, 95, 96, 97) ਅਤੇ 2003 ਵਿੱਚ ਉਸਤਾਦ ਨਜ਼ਾਕਤ ਅਲੀ- ਸਲਾਮਤ ਅਲੀ ਖ਼ਾਨ ਆਦਿ ਐਵਾਰਡ ਮਿਲੇ। ਉਨ੍ਹਾਂ ਦੀ ਮੇਰੇ ਨਾਲ ਅਥਾਹ ਪਿਆਰ-ਮੁਹੱਬਤ ਸੀ। ਆਪਣੀ ਜ਼ਿੰਦਗੀ ਦੇ ਆਖ਼ਰੀ ਸਾਲਾਂ ਵਿੱਚ ਜਦੋਂ ਉਹ ਸ਼ਾਮ ਚੌਰਾਸ਼ੀ ਆਏ ਤਾਂ ਉਨ੍ਹਾਂ ਦੀਆਂ ਅੱਖਾਂ ਵਿੱਚ ਆਏ ਹੰਝੂ ਅਤੇ ਕੰਬਦੀ ਆਵਾਜ਼ ਦੇ ਬੋਲ ਅੱਜ ਵੀ ਮੇਰੇ ਕੰਨਾਂ ਵਿੱਚ ਗੂੰਜਦੇ ਸੁਣਾਈ ਦੇ ਰਹੇ ਹਨ। ਮੈਨੂੰ ਇਸ ਵਾਸਤੇ ਬੜਾ ਮਾਣ ਹੈ ਕਿ ਮੈਨੂੰ ਇਨ੍ਹਾਂ ਦੀ ਸੰਗਤ ਕਰਨ ਦਾ ਮੌਕਾ ਨਸੀਬ ਹੋਇਆ ਅਤੇ ਇਨ੍ਹਾਂ ਦੀ ਬਦੌਲਤ ਮੈਨੂੰ ਸ਼ਾਮ ਚੌਰਾਸ਼ੀ ਘਰਾਣੇ ਦੇ ਆਪਣੇ ਘਰ ਨੂੰ ਜ਼ਿੰਦਗੀ ਵਿੱਚ ਦੁਬਾਰਾ ਦੇਖਣ ਅਤੇ ਆਪਣੇ ਜਨਮ ਅਸਥਾਨ ਦੀ ਇਸ ਧਰਤੀ ਨੂੰ ਸਜਦਾ ਕਰਨ ਦਾ ਸੁਭਾਗ ਪ੍ਰਾਪਤ ਹੋਇਆ। ਹੁਣ ਚਾਹੇ ਉਨ੍ਹਾਂ ਦੇ ਆਖ਼ਰੀ ਬੋਲ 'ਹੁਣ ਮੈਂ ਮਰ ਵੀ ਜਾਵਾਂ ਤਾਂ ਮੈਨੂੰ ਕੋਈ ਰੰਜ ਨਹੀਂ ਹੈ ਕਿਉਂਕਿ ਹੁਣ ਮੈਂ ਆਪਣੇ ਮੱਕੇ ਦੇ ਦੀਦਾਰ ਕਰ ਲਏ ਹਨ।' ਇਸ ਸਮੇਂ ਦੌਰਾਨ ਉਨ੍ਹਾਂ ਨੇ ਆਪਣੇ ਦਾਦਾ ਦਰਬਾਰ ਮੀਆਂ ਕਰੀਮ ਬਖ਼ਸ਼ ਜੀ ਦੀ ਮਜਾਰ 'ਤੇ ਸਜਦਾ ਕੀਤਾ ਤੇ ਫ਼ਾਤੀਆ ਵੀ ਪੜ੍ਹਿਆ।

ਅਗਲੇ ਸਾਲ 2013 ਵਿੱਚ ਦੁਬਾਰਾ ਭਾਰਤ ਫੇਰੀ ਲਈ ਤਿਆਰੀ ਕਰਵਾ ਹੀ ਰਹੇ ਸਾਂ ਕਿ ਇਹ ਅਜ਼ੀਮ ਹਸਤੀ ਅੰਤ ਕਾਰ ਸ਼ੂਗਰ ਅਤੇ ਬਲੱਡ ਪ੍ਰੈਸ਼ਰ ਦੀ ਮਾਰ ਨਾ ਝੱਲਦੇ ਹੋਏ 23 ਦਸੰਬਰ, 2013 ਨੂੰ ਇਸ ਫ਼ਾਨੀ ਦੁਨੀਆਂ ਨੂੰ ਅਲਵਿਦਾ ਕਹਿ ਗਏ ਤੇ ਇਨ੍ਹਾਂ ਨੂੰ ਮਿਆਣੀ ਸਾਹਿਬ, ਲਾਹੌਰ ਵਿਖੇ ਸਪੁਰਦੇ ਖ਼ਾਕ ਕੀਤਾ ਗਿਆ ਜਿੱਥੇ ਕਿ ਪਹਿਲਾਂ ਵੀ ਕਈ ਮਸ਼ਹੂਰ-ਓ-ਮਹਰੂਫ਼ ਸੰਗੀਤਕ ਹਸਤੀਆਂ ਨੇ ਆਪਣਾ ਨਿਵਾਸ ਅਸਥਾਨ ਬਣਾਇਆ ਹੋਇਆ ਸੀ। ਜ਼ਿਕਰਯੋਗ ਗੱਲ ਇਹ ਹੈ ਕਿ ਅੱਜ ਆਪਣੀ ਪਿਤਾ ਪੁਰਖੀ ਰੀਤ ਨਿਭਾਉਂਦੇ ਹੋਏ ਉਨ੍ਹਾਂ ਦੇ ਸਪੁੱਤਰ ਜ਼ਨਾਬ ਸਰਵੱਤ ਅਲੀ ਅਤੇ ਸਾਦਤ ਅਲੀ ਸੰਗੀਤ ਸੇਵਾ ਵਿੱਚ ਆਪਣਾ ਬਣਦਾ ਯੋਗਦਾਨ ਪਾ ਰਹੇ ਹਨ। ਜ਼ਨਾਬ ਸਰਵੱਤ ਅਲੀ ਲਾਹੌਰ ਰੇਡੀਓ ਸਟੇਸ਼ਨ 'ਤੇ ਬਤੌਰ ਪ੍ਰੋਗਰਾਮ ਪ੍ਰੋਡਿਊਸਰ ਆਪਣੀ ਸੇਵਾ ਨਿਭਾ ਰਹੇ ਹਨ।

**ਦਲਜੀਤ ਹੰਸ, 91-98156-07860**

# ਮਹਾਨ ਦੇਸ਼ ਭਗਤ ਬਾਬਾ ਸੋਹਣ ਸਿੰਘ ਭਕਨਾ (1870- 1968)

**(ਸਫਾ 22 ਦੀ ਬਾਕੀ)**

ਤੇ ਹੋਰ ਸਾਥੀਆਂ ਦੀ ਸਿਹਤ ਵਲ ਦੇਖ ਕੇ ਉਨ੍ਹਾਂ ਨੂੰ ਲਾਹੌਰ ਸੈਂਟਰਲ ਜੇਲ੍ਹ ਵਿਚ ਭੇਜ ਦਿੱਤਾ। ਉਥੇ ਪਹੁੰਚ ਕੇ ਬਾਬਾ ਜੀ ਨੇ ਆਪਣੇ ਸਾਥੀਆਂ ਦੀ ਸ਼ਹੀਦੀ (ਫਾਂਸੀ ਵਾਲੀ ਜਗ੍ਹਾ) ਦੀ ਜਗਾਹ ਤੇ ਸ਼ਰਧਾ ਦੇ ਫੁੱਲ ਭੇਂਟ ਕੀਤੇ।ਕੁੱਝ ਦਿਨਾਂ ਬਾਅਦ ਉਥੋਂ ਤਬਦੀਲ ਕਰਕੇ ਬਾਬਾ ਭਕਨਾ ਜੀ ਨੂੰ ਬੋਸਟਲ ਜੇਲ੍ਹ ਵਿਚ ਭੇਜ ਦਿੱਤਾ ਜਿੱਥੇ ਭਗਤ ਸਿੰਘ ਅਤੇ ਉਸ ਦੇ ਸਾਥੀਆਂ ਨੂੰ ਮੁਕੱਦਮਾ ਚਲਾਉਣ ਲਈ ਪਹਿਲਾਂ ਹੀ ਬੰਦ ਕਰ ਰੱਖਿਆ ਸੀ।

**ਸ਼ਹੀਦ ਭਗਤ ਸਿੰਘ ਨਾਲ ਮਿਲਣੀ**

ਬੋਸਟਲ ਜਿਹਲ ਵਿਚ ਇਕ ਦਿਨ ਬਾਬਾ ਜੀ ਨੇ ਭਗਤ ਸਿੰਘ ਨੂੰ ਪੁੱਛਿਆ ਕਿ, ਉਤੂੰ ਅਜੇ ਨੌਜਵਾਨ ਸੀ ਤੇ ਪੜ੍ਹਿਆ ਲਿਖਿਆ ਵੀ ਤੇਰੀ ਖਾਣ ਪੀਣ ਤੇ ਐਸ਼ ਕਰਨ ਦੀ ਉਮਰ ਸੀ ਤੂੰ ਇਧਰ ਕਿਵੇਂ ਫਸ ਗਿਆ? ਭਗਤ ਸਿੰਘ ਨੇ ਹੱਸ ਕੇ ਉੱਤਰ ਦਿੱਤਾ, ਉਇਹ ਮੇਰਾ ਕਸੂਰ ਨਹੀਂ ਤੁਹਾਡਾ ਤੇ ਤੁਹਾਡੇ ਸਾਥੀਆਂ ਦਾ ਹੈ''।ਮੈਂ ਕਿਹਾ ਸਾਡਾ ਕਿਸ ਤਰ੍ਹਾਂ ? ਭਗਤ ਸਿੰਘ ਨੇ ਕਿਹਾ, ਉਜੇ ਕਰਤਾਰ ਸਿੰਘ ਸਰਾਭਾ ਤੇ ਉਨ੍ਹਾਂ ਦੇ ਦੂਸਰੇ ਸਾਥੀ ਹੱਸ ਹੱਸ ਕੇ ਫਾਂਸੀਆਂ ਤੇ ਨਾ ਲਟਕਦੇ ਤੇ ਤੁਸੀਂ ਸਾਰੇ ਅੰਡੇਮਾਨ ਜਹੇ ਕੁੰਭੀ ਨਰਕ ਵਿਚ ਪੈ ਕੇ ਸਾਬਤ ਨਾ ਨਿਕਲਦੇ ਤਾਂ ਸ਼ਾਇਦ ਮੈਂ ਵੀ ਇਧਰ ਨਾ ਆਉਂਦਾ''।ਬਾਬਾ ਜੀ ਜਦ ਭਗਤ ਸਿੰਘ ਨੂੰ ਮਿਲਦੇ ਤਾਂ ਦਿਲੋਂ ਮਹਿਸੂਸ ਕਰਦੇ ਕਿ ਭਗਤ ਸਿੰਘ ਅਤੇ ਕਰਤਾਰ ਸਿੰਘ ਸਰਾਭਾ ਕੇਵਲ ਦੋ ਮੂਰਤੀਆਂ ਹੀ ਸਨ ਪਰ ਉਨ੍ਹਾਂ ਦੇ ਗੁਣ ਅਤੇ ਉਦੇਸ਼ ਇਕੋ ਹੀ ਸਨ, 'ਏਕ ਜੋਤ ਦੋਏ ਮੂਰਿਤਿ' ਵਾਲੀ ਗੱਲ ਸੀ।

**ਜੇਲ੍ਹ ਤੋਂ ਰਿਹਾਈ**

ਜਦ ਬਾਬਾ ਭਕਨਾ ਜੀ ਦੀ ਪੂਰੇ ਸੋਲਾਂ ਸਾਲ ਜੇਲ੍ਹ ਕੱਟਣ ਤੋਂ ਬਾਅਦ ਰਿਹਾਈ ਹੋਈ ਤਾਂ ਸਰਕਾਰ ਨੇ ਸ਼ਰਤ ਲਾ ਦਿੱਤੀ ਕਿ ਉਨ੍ਹਾਂ ਨੂੰ ਹਰ ਮਹੀਨੇ ਪੁਲਿਸ ਸਾਹਮਣੇ ਪੇਸ਼ ਹੋਣਾ ਪਵੇਗਾ। ਬਾਬਾ ਜੀ ਨੇ ਇਹ ਸ਼ਰਤ ਮੰਨਣ ਤੋਂ ਸਾਫ ਨਾਂਹ ਕਰ ਦਿੱਤੀ ਅਤੇ ਭੁੱਖ ਹੜਤਾਲ ਕਰ ਦਿੱਤੀ। ਬਾਬਾ ਜੀ ਦੀ ਸਿਹਤ ਤੋਂ ਘਬਰਾ ਕੇ ਅਗਲੇ ਦਿਨ ਪੰਜਾਬ ਦੇ ਹੋਮ ਸੈਕਟਰੀ ਨੇ ਅਖ਼ਬਾਰ ਉਸ਼ੇਰੇ ਪੰਜਾਬ'' ਦੇ ਐਡੀਟਰ ਸਰਦਾਰ ਅਮਰ ਸਿੰਘ ਨੂੰ ਸਰਦਾਰ ਵਿਸਾਖਾ ਸਿੰਘ ਕੋਲ ਭੇਜਿਆ। ਉਹ ਸਰਦਾਰ ਖੜਕ ਸਿੰਘ ਨੂੰ ਨਾਲ ਲੈ ਕੇ ਹਸਪਤਾਲ ਆਏ ਅਤੇ ਕਿਹਾ ਕਿ ਸਰਕਾਰ ਮੰਨ ਗਈ ਹੈ ਅਤੇ ਅਸੀਂ ਅਕਾਲ ਤਖ਼ਤ ਤੋਂ ਹੁਕਮ ਲੈਕੇ ਆਏ ਹਾਂ ਕਿ ਭੁੱਖ ਹੜਤਾਲ ਛੱਡ ਦਿੱਤੀ ਜਾਵੇ। ਇਸ ਹੁਕਮ ਅਧੀਨ ਬਾਬਾ ਭਕਨਾ ਜੀ ਨੇ ਭੁੱਖ ਹੜਤਾਲ ਤੋੜੀ।

**ਘਰ ਵਾਪਸੀ ਅਤੇ ਭਲਾਈ ਦਾ ਕੰਮ**

ਤੇਈ ਸਾਲ ਦੇ ਲੰਮੇ ਅਰਸੇ ਤੋਂ ਬਾਅਦ ਬਾਬਾ ਭਕਨਾ ਜੀ ਜਦ ਪਿੰਡ ਮੁੜੇ ਤਾਂ ਘਰ ਦਾ ਰਾਹ ਭੁੱਲ ਗਏ।ਉਹ ਲਿਖਦੇ ਹਨ ਕਿ, ਉਮੈਂ ਆਪਣੇ ਘਰ ਨੂੰ ਜਾਂਦੀ ਗਲੀ ਨਾ ਪਛਾਣ ਸਕਿਆ ਤੇ ਰਸਤਾ ਭੁਲ ਗਿਆ। ਲਾਗੇ ਪਿੰਡ ਵਾਲਿਆ ਰਸਤਾ ਦੱਸਿਆ ਤਾਂ ਮੈਂ ਘਰ ਪਹੁੰਚ ਗਿਆ। ਮਕਾਨ ਮਿੱਟੀ ਦਾ ਢੇਰ ਬਣ ਚੁਕਿਆ ਸੀ। ਸਿਰਫ ਇਕ ਕੋਠੜੀ ਬਚੀ ਸੀ, ਜਿਸ ਨੂੰ ਮੇਰੀ ਰਿਹਾਈ ਦੀ ਖ਼ਬਰ ਸੁਣ ਕੇ ਮੇਰੀ ਪਤਨੀ ਨੇ ਇਕ-ਦੋ ਦਿਨ ਪਹਿਲਾਂ ਆ ਕੇ ਖੋਲ੍ਹ ਲਿਆ ਸੀ। ਮੈਨੂੰ ਬਹੁਤ ਹੀ ਪਿਆਰ ਕਰਨ ਵਾਲੀ ਧਰਮ-ਮਾਂ ਅਤੇ ਮੇਰੀ ਮਾਂ, ਦੋਵੇਂ ਮੈਨੂੰ ਚੇਤੇ ਕਰਦੀਆ-ਕਰਦੀਆਂ ਇਸ ਦੁਨੀਆ ਤੋਂ ਰੁਕਸੱਤ ਹੋ ਚੁਕੀਆਂ ਸਨ''।

ਇਸ ਤਰ੍ਹਾ ਦੀ ਸਥਿਤੀ ਨੂੰ ਬਿਆਨ ਕਰਦੀ ਮੇਰੀ ਇਕ ਨਜ਼ਮ ਦੇ ਤਿੰਨ ਬੰਦ ਹਾਜ਼ਰ ਹਨ:

ਆਪਣੇ ਪਿੰਡ ਪਰਾਇਆਂ ਵਾਂਗੂੰ, ਪੁੱਛਿਆ ਆਪਣੇ ਘਰ ਦਾ ਰਾਹ।<br>
ਕੀ ਦਸਦੇ ਜੋ ਲੱਭ ਰਹੇ ਸਨ ਆਪਣੇ ਆਪਣੇ ਘਰ ਦਾ ਰਾਹ।

ਬੁੱਤਾਂ ਵਾਂਗੂੰ ਝਾਕ ਰਹੀ ਸੀ, ਰੌਣਕ ਪਿੰਡ ਦੀਆਂ ਗਲੀਆਂ ਦੀ।<br>
ਮਲਬੇ ਹੇਠੋਂ ਕਿੱਦਾਂ ਮਿਲਦਾ ਸੁਵੇ ਸੱਖਣੇ ਘਰ ਦਾ ਰਾਹ।

ਖੁਰ ਚੁੱਕਿਆ ਸੀ ਥਾਂ-ਥਾਂ ਉੱਤੋਂ, ਮੈਲੇ ਦੀਆਂ ਘਰਾਲਾਂ ਨਾਲ।<br>
ਹਾਰ-ਹੁੱਟ ਕੇ ਆਖ਼ਿਰ ਮਿਲਿਆ, ਜਦੋਂ ਮਲਕੜੇ ਘਰ ਦਾ ਰਾਹ।

ਭਾਬਾ ਭਕਨਾ ਜੀ ਪਾਸ 65 ਏਕੜ ਜੱਦੀ ਜ਼ਮੀਨ ਸੀ। ਜਦ ਉਹ ਵਾਪਸ ਘਰ ਮੁੜੇ ਤਾਂ ਕੇਵਲ 22 ਏਕੜ ਰਹਿ ਗਈ ਸੀ।ਬਚੀ ਹੋਈ ਜ਼ਮੀਨ ਵਿਚੋਂ ਕੁਝ ਜ਼ਮੀਨ ਵਿਚ ਕੁੜੀਆਂ ਦਾ ਸਕੂਲ ਖੋਲ੍ਹ ਦਿੱਤਾ ਅਤੇ ਕੁਝ ਵਿਚ ਉਕਿਰਤੀ ਕਿਸਾਨ ਆਸ਼ਰਮ'' ਬਣਵਾ ਦਿੱਤਾ। ਆਸ਼ਰਮ ਦਾ ਟੀਚਾ ਸੀ ਕਿ ਇਸ ਵਿਚ ਦੇਸ਼ ਭਗਤਾਂ ਦੇ ਬੱਚੇ ਪੜ੍ਹਨ ਅਤੇ ਨਾਲ ਹੀ ਕੋਈ ਕੰਮ ਸਿੱਖਣ। ਇਹ ਆਸ਼ਰਮ ਕੁਝ ਦੇਰ ਚੱਲਿਆ। ਜਦ ਬਾਬਾ ਜੀ ਨੂੰ ਦੂਜੀ ਜੰਗ ਲੱਗਣ ਉਪਰੰਤ ਤਿੰਨ ਸਾਲ ਲਈ ਨਜ਼ਰ ਬੰਦ ਕਰ ਦਿੱਤਾ ਗਿਆ ਤਾਂ ਉਹ ਆਪਣਾ ਸਮਾ ਨਾ ਦੇ ਸਕੇ ਤੇ ਆਸ਼ਰਮ ਬੰਦ ਹੋ ਗਿਆ। ਬਾਕੀ ਦੀ ਜ਼ਮੀਨ ਪਿੰਡ ਦੇ ਸਕੂਲ ਲਈ ਦੇ ਦਿੱਤੀ।

**ਆਜ਼ਾਦ ਹਿੰਦੋਸਤਾਨ ਦੀ ਦੇਣ!**

ਅਗਸਤ 15, 1947 ਨੂੰ ਹਿੰਦੋਸਤਾਨ ਆਜ਼ਾਦ ਹੋ ਗਿਆ, ਅੰਗ੍ਰੇਜ਼ਾਂ ਨੇ ਮਜ਼ਬੀ ਜਨੂੰਨ ਨੂੰ ਭੜਕਾ ਕੇ ਹਿੰਦੂ ਅਤੇ ਮੁਸਲਮਾਨਾਂ ਦੇ ਖ਼ੂਨ ਦੀਆਂ ਨਦੀਆਂ ਵਹਾਈਆਂ। ਦੋਹਾਂ ਪਾਸਿਆਂ ਦੇ ਫਿਰਕੂਆਂ ਨੇ ਬੱਚਾ, ਬੁੱਢਾ ਅਤੇ ਇਸਤਰੀਆਂ ਦਾ ਸ਼ਰੇਆਮ ਕਤਲ ਕਰਕੇ ਮੌਤ ਦਾ ਤਾਂਡਵ ਨੱਚਿਆ। ਕਹਿਣ ਨੂੰ ਤਾਂ ਹਿੰਦੋਸਤਾਨ ਅਤੇ ਪਾਕਿਸਤਾਨ ਆਜ਼ਾਦ ਹੋ ਗਏ ਪਰ ਸਦਾ ਵਾਸਤੇ ਭਰਾ, ਭਰਾ ਦਾ ਵੈਰੀ ਹੋ ਗਿਆ। ਏਥੋਂ ਤੱਕ ਕਿ ਆਜ਼ਾਦੀ ਨੇ ਦੇਸ਼ ਭਗਤਾਂ ਦਾ ਬਣਦਾ ਰਿਣ ਤਾਂ ਕੀ ਚਕਾਉਣਾ ਸੀ ਸਗੋਂ ਪੁਲਸ ਨੇ ਵਗੈਰ ਕਿਸੇ ਠੋਸ ਵਜ੍ਹਾ ਦੇ, ਬਾਬਾ ਜੀ ਨੂੰ ਗ੍ਰਿਫਤਾਰ ਕਰ ਲਿਆ ਅਤੇ ਯੋਲ ਕੈਂਪ ਵਿਚ ਭੇਜ ਦਿੱਤਾ। ਏਥੇ ਅਫਸਰਾਂ ਦਾ ਵਰਤਾਉ ਅਤੇ ਰੋਟੀ ਦਾ ਇੰਤਜ਼ਾਮ ਅੰਗਰੇਜ਼ਾਂ ਨਾਲੋਂ ਵੀ ਨਿਕੰਮਾ ਸੀ। ਰੁੱਖਾ ਤੇ ਸਖਤ ਵਤੀਰਾ ਦੇਖ ਕੇ ਸਾਰੇ ਸਾਥੀਆਂ ਨੇ ਭੁੱਖ ਹਵਤਾਲ ਕਰ ਦਿੱਤੀ ਜੋ 27-28 ਦਿਨ ਚੱਲੀ। ਜਦ ਸੰਤ ਵਿਸਾਖਾ ਸਿੰਘ, ਪ੍ਰਧਾਨ ਦੇਸ਼ ਭਗਤ ਪ੍ਰਵਾਰ, ਨੇ ਜਵਾਹਰ ਲਾਲ ਨਹਿਰੂ ਨੂੰ ਦੱਸਿਆ ਕਿ ਬਾਬਾ ਭਕਨਾ ਖਾਮੁਖਾ ਜੇਲ੍ਹ ਵਿਚ ਡੱਕ ਦਿੱਤੇ ਗਏ ਹਨ ਤਾਂ ਨਹਿਰੂ ਨੇ ਕਿਹਾ ਕਿ, 'ਮੈਨੂੰ ਇਸ ਗੱਲ ਦੀ ਕੋਈ ਖਬਰ ਨਹੀਂ'। ਉਨ੍ਹਾਂ ਦੇ ਕਹਿਣ 'ਤੇ ਆਖਿਰ ਨੂੰ ਰਿਹਾਈ ਹੋ ਗਈ। ਅੰਗਰੇਜ਼ਾਂ ਵੇਲੇ ਛੇ ਭੁੱਖ ਹੜਤਾਲਾਂ ਨੇ ਤਾਂ ਬਾਬਾ ਜੀ ਨੂੰ ਲਿਫਣ ਨਹੀਂ ਸੀ ਦਿੱਤਾ ਪਰ ਆਜ਼ਾਦ ਹਿੰਦੋਸਤਾਨ ਦੀ ਸਰਕਾਰ ਵੇਲੇ ਰੱਖੀ ਭੁੱਖ ਹੜਤਾਲ ਨੇ ਉਨ੍ਹਾਂ ਦੀ ਕਮਰ ਟੇਡੀ ਕਰ ਦਿੱਤੀ। ਬਾਬਾ ਜੀ ਲਿਖਦੇ ਹਨ ਕਿ ਉਅੱਜ ਵੀ ਜਦ ਕੋਈ ਮੈਨੂੰ ਪੁਛਦਾ ਹੈ ਕਿ ਤੇਰੀ ਕਮਰ ਟੇਡੀ ਕਿਉਂ ਹੋ ਗਈ ਤਾਂ ਮੈਂ ਇਹ ਜਵਾਬ ਦੇਂਦਾ ਹਾਂ ਕਿ ਇਹ ਕੌਮੀ ਕਾਂਗਰਸ ਹਕੂਮਤ ਦੀ ਮੇਰੀ ਪਿੱਠ ਤੇ ਮੋਹਰ ਛਾਪ ਹੈ'' ਆਪਣਾ ਤਨ, ਮਨ ਤੇ ਧਨ ਹਿੰਦੂਸਤਾਨ ਦੇ ਲੇਖੇ ਲਾਕੇ ਆਖ਼ਿਰ ਨੂੰ 1968 ਵਿਚ ਇਕ ਮਹਾਨ ਆਤਮਾ ਦਾ ਹੱਥ ਭਾਰਤ ਦੇ ਸਿਰ ਤੋਂ ਖਿਸਕ ਗਿਆ।

# ਡਾ. ਅੰਬੇਡਕਰ ਜੀ ਦਾ ਸਮਾਜਿਕ, ਧਾਰਮਿਕ, ਆਰਥਿਕ ਤੇ ਰਾਜਨੀਤਿਕ ਪਰਿਵਰਤਨ

ਪ੍ਰਿੰਸੀਪਲ ਪਰਮਜੀਤ ਜੱਸਲ
91-98721-80653

ਅੱਜ ਦੇ ਸੰਦਰਭ 'ਚ ਡਾ. ਅੰਬੇਡਕਰ ਜੀ ਦਾ ਸਮਾਜਿਕ, ਧਾਰਮਿਕ, ਆਰਥਿਕ ਅਤੇ ਰਾਜਨੀਤਿਕ ਪਰਿਵਰਤਨ 'ਚ ਬਹੁਤ ਉਘਾ ਯੋਗਦਾਨ ਰਿਹਾ ਹੈ। ਬਾਬਾ ਸਾਹਿਬ ਦਾ ਸੁਪਨਾ ਸੀ ਕਿ ਭਾਰਤ ਦੇਸ਼ ਦੇ ਲੋਕ ਆਪਣਾ ਖੁਸ਼ਹਾਲ ਜੀਵਨ ਜਿਊਣ ਲਈ ਦੇਸ਼ ਪ੍ਰਤੀ ਇਮਾਨਦਾਰੀ, ਲੋਕ ਪੱਖੀ, ਸਮਾਜਿਕ ਨਿਆਂ, ਬਰਾਬਰੀ, ਸੁਤੰਤਰਤਾ ਤੇ ਭਾਈਚਾਰੇ ਪ੍ਰਤੀ ਅੱਗੇ ਆਉਣ ਤਾਂ ਦੇਸ਼ ਤਰੱਕੀ ਦੀਆਂ ਮੰਜ਼ਿਲਾਂ ਨੂੰ ਛੂਹੇਗਾ।

ਸਮਾਜਿਕ ਪਹਿਲੂ- ਡਾ. ਅੰਬੇਡਕਰ ਜੀ ਸਮਾਜਿਕ ਪਰਿਵਰਤਨ ਲਈ 'ਐਜੂਕੇਟ, ਆਰਗੇਨਾਈਜ਼ ਤੇ ਐਜੀਟੇਟ' ਸੁਨੇਲੇ 'ਤੇ ਪਹਿਰਾ ਦੇਣ ਦੀ ਗੱਲ ਕਰਦੇ ਹਨ। ਉਹ ਚਾਹੁੰਦੇ ਸਨ ਕਿ ਸਮਾਜ ਦਾ ਹਰ ਵਿਅਕਤੀ ਪੜ੍ਹੇ, ਜਿਸ ਨਾਲ ਉਹ ਆਪਣੇ ਜੀਵਨ 'ਚ ਅੱਗੇ ਵੱਧ ਕੇ ਤਰੱਕੀ ਕਰੇ। ਅਜਿਹੀ ਤਰੱਕੀ ਦੇਸ਼ ਦੀ ਤਰੱਕੀ ਵੱਲ ਪਹਿਲਕਦਮੀ ਹੋਵੇਗੀ। ਪੜ੍ਹਾਈ ਦੇ ਨਾਲ ਨਾਲ ਉਹ ਇਹ ਵੀ ਚਾਹੁੰਦੇ ਸਨ ਕਿ ਸਮਾਜ ਇੱਕਮੁਠ ਰਹੇ, ਭੀੜ ਪੈਣ 'ਤੇ ਉਹ ਐਨਾ ਸੰਗਠਿਤ ਹੋ ਕੇ ਸੰਘਰਸ਼ ਕਰਨ, ਜਿਸ ਨਾਲ ਦੁਸ਼ਮਣ ਨੂੰ ਮੂੰਹ ਦੀ ਖਾਣੀ ਪਵੇ।

ਇਸੇ ਲਈ ਬਾਬਾ ਸਾਹਿਬ ਸਮਾਨਤਾ, ਸੁਤੰਤਰਤਾ, ਭਾਈਚਾਰੇ ਤੇ ਨਿਆਂ ਵਾਲੇ ਭਾਰਤ ਦੀ ਕਲਪਨਾ ਕਰਦੇ ਸਨ। ਉਹਨਾਂ ਸਮਾਜਿਕ ਬਰਾਬਰਤਾ ਲਈ ਅਜਿਹੇ ਅੰਦੋਲਨ ਵੀ ਕੀਤੇ, ਜਿਸ 'ਚ ਉਹ ਕਾਮਯਾਬ ਵੀ ਹੋਏ। ਜਿਵੇਂ ਚੋਬਦਾਰ ਤਲਾਬ ਦਾ ਮੋਰਚਾ, ਕਾਲਾ ਰਾਮ ਮੰਦਰ ਮੋਰਚਾ ਆਦਿ ਪ੍ਰਮੁੱਖ ਹਨ। ਉਹਨਾਂ ਸਮਾਜ ਦੇ ਲੋਕਾਂ ਨੂੰ ਆਤਮ ਨਿਰਭਰ ਹੋਣ ਦਾ ਉਪਦੇਸ਼ ਦਿੱਤਾ। ਹਰ ਮਨੁੱਖ ਸੁਤੰਤਰ ਹੋਵੇ ਤੇ ਉਹ ਆਪਣਾ ਜੀਵਨ ਅਣਖ ਤੇ ਸਤਿਕਾਰ ਭਰਿਆ ਜੀਵੇ।

ਧਾਰਮਿਕ ਦਰਸ਼ਨ- ਬਾਬਾ ਸਾਹਿਬ ਸਮਾਜਿਕ ਪਰਿਵਰਤਨ ਰਾਹੀਂ ਧਾਰਮਿਕ ਦਰਸ਼ਨ 'ਤੇ ਵੀ ਜੋਰ ਦਿੰਦੇ ਹਨ। ਉਹਨਾਂ 14 ਅਕਤੂਬਰ 1956 ਨੂੰ ਨਾਗਪੁਰ ਦੀ ਧਰਤੀ 'ਤੇ 5 ਲੱਖ ਲੋਕਾਂ ਨਾਲ 'ਬੁੱਧ ਧਰਮ' ਗ੍ਰਹਿਣ ਕੀਤਾ ਤੇ ਜੋ ਉਹਨਾਂ 1935 'ਚ ਪ੍ਰਤੀਗਿਆ ਕੀਤੀ ਸੀ ਕਿ ਮੈਂ ਹਿੰਦੂ ਧਰਮ 'ਚ ਜੰਮਿਆ ਜ਼ਰੂਰ ਹਾਂ, ਇਹ ਮੇਰੇ ਵੱਸ 'ਚ ਨਹੀਂ, ਪਰ ਮੈਂ ਹਿੰਦੂ ਮਰਾਂਗਾ ਨਹੀਂ। ਇਹ ਪ੍ਰਣ ਉਹਨਾਂ ਅੱਜ ਦੇ ਦਿਨ 1956 'ਚ ਪੂਰਾ ਕੀਤਾ। ਇੱਥੇ ਹੀ ਵੱਸ ਨਹੀਂ ਉਹਨਾਂ ਸਾਨੂੰ 'ਬੁੱਧਾ ਐਂਡ ਹਿਜ ਧੰਮਾ' ਗ੍ਰੰਥ ਵੀ ਦਿੱਤਾ। ਇਹ ਸਭ ਇਸ ਲਈ ਕੀਤਾ ਕਿਉਂਕਿ ਇਹ ਬੁੱਧ ਧਰਮ ਮਨੁੱਖ ਨੂੰ ਬਰਾਬਰਤਾ, ਸੁਤੰਤਰਤਾ, ਭਾਈਚਾਰੇ ਤੇ ਨਿਆਂ ਪੱਖੀ ਹਾਮੀ ਭਰਦਾ ਹੈ। ਕਿਸੇ ਵਿਅਕਤੀ ਨੂੰ ਵਹਿਮਏ-ਭਰਮਾਂ 'ਚ ਨਹੀਂ ਪਾਉਂਦਾ, ਸਗੋਂ ਤਰਕ'ਤੇ ਆਧਾਰਿਤ ਹੈ। ਬਾਬਾ ਸਾਹਿਬ ਭਾਰਤ ਨੂੰ ਪ੍ਰਬੁੱਧ ਭਾਰਤ ਬਣਾਉਣਾ ਚਾਹੁੰਦੇ ਸਨ। ਅਜੋਕੇ ਸਮੇਂ 'ਚ ਬੁੱਧ ਧਰਮ ਦਾ ਪੰਚਸ਼ੀਲ ਅਜਿਹਾ ਪ੍ਰਤੀਬਿੰਬ ਹੈ, ਜਿਸ 'ਤੇ ਚੱਲ ਕੇ ਪੂਰਾ ਭਾਰਤ ਹੀ ਨਹੀਂ ਸਗੋਂ ਸੰਸਾਰ ਤਰੱਕੀ ਤੇ ਵਿਕਾਸ ਪੱਖੋਂ ਅੱਗੇ ਵੱਧ ਰਿਹਾ ਹੈ, ਪੰਚਸ਼ੀਲ 1. ਮੈਂ ਝੂਠ ਨਹੀਂ ਬੋਲਾਂਗਾ, 2. ਮੈਂ ਕਿਸੇ ਪਰਾਈ ਔਰਤ ਨਾਲ ਵਿਭਚਾਰ ਨਹੀਂ ਕਰਾਂਗਾ। 3. ਮੈਂ ਕੋਈ ਵੀ ਨਸ਼ੇ ਨਹੀਂ ਕਰਾਂਗਾ। 4. ਮੈਂ ਜੀਵ ਹੱਤਿਆ ਨਹੀਂ ਕਰਾਂਗਾ। 5. ਮੈਂ ਚੋਰੀ ਨਹੀਂ ਕਰਾਂਗਾ।



ਬੁੱਧ ਧਰਮ ਦੇ ਅਜਿਹੇ ਸਿਧਾਂਤ ਮਨੁੱਖ ਨੂੰ ਮਨੁੱਖਤਾ ਨਾਲ ਜੋੜਦੇ ਹਨ। ਇਹਨਾਂ ਸਿਧਾਂਤਾਂ ਨਾਲ ਧਾਰਮਿਕ ਪਰਿਵਰਤਨ ਦੇ ਨਾਲ ਸਮਾਜਿਕ ਪਰਿਵਰਤਨ ਵੀ ਆਵੇਗਾ। ਇਹੀ ਬਾਬਾ ਸਾਹਿਬ ਜੀ ਦਾ ਸਹੀ ਸੁਪਨਾ ਸੀ।

3. ਆਰਥਿਕ ਪਹਿਲੂ- ਡਾ. ਅੰਬੇਡਕਰ ਜੀ ਆਰਥਿਕ ਪਰਿਵਰਤਨ ਦੇ ਹਾਮੀ ਸਨ। ਉਹ ਚਾਹੁੰਦੇ ਸਨ ਕਿ ਭੂਮੀ, ਉਦਯੋਗ, ਖੇਤੀ, ਕੁਦਰਤੀ ਸਾਧਨਾਂ ਆਦਿ ਸਰਕਾਰ ਦੇ ਸਭ ਕੁਝ ਅਧੀਨ ਹੋਵੇ। ਉਹਨਾਂ ਤੋਂ ਜੋ ਵੀ ਫਾਇਦਾ ਹੋਵੇ, ਉਹ ਦੇਸ਼ ਦੇ ਹਰ ਇਕ ਵਿਅਕਤੀ 'ਚ ਵੰਡਿਆ ਜਾਵੇ। ਉਹ ਵਿਅਕਤੀ ਭਾਵੇਂ ਕਿਸੇ ਜਾਤ, ਮਜ਼ਹਬ ਦਾ ਕਿਉਂ ਨਾ ਹੋਵੇ। ਅਜਿਹੀ ਸੋਚ ਹੀ ਦੇਸ਼ ਲਈ ਇਕ ਸਾਰਥਕ ਸਿੱਧ ਹੋ ਸਕਦੀ ਹੈ। ਉਹ ਸਮਾਜਵਾਦ ਚਾਹੁੰਦੇ ਸਨ, ਜਿਸ ਤਰ੍ਹਾਂ ਸਤਿਗੁਰੂ ਰਵਿਦਾਸ ਜੀ ਆਪਣੀ ਬਾਣੀ 'ਚ ਕਹਿੰਦੇ ਹਨ:-

ਐਸਾ ਚਾਹੁੰ ਰਾਜ ਮੈਂ, ਜਹਾਂ ਮਿਲੇ ਸਭਨ ਕੋ ਅੰਨ।
ਛੋਟ ਬੜੈ ਸਭ ਸਮ ਵਸੈ, ਰਵਿਦਾਸ ਰਹੇ ਪ੍ਰਸੰਨ।

ਬਾਬਾ ਸਾਹਿਬ ਭਾਰਤ ਨੂੰ ਸਵੱਛ ਭਾਰਤ ਦੇਖਣਾ ਚਾਹੁੰਦੇ ਸਨ। ਉਹਨਾਂ ਮਜ਼ਦੂਰ ਵਰਗ ਲਈ 8 ਘੰਟੇ ਦਾ ਸਮਾਂ ਮੁਕੱਰਰ ਕੀਤਾ। ਔਰਤਾਂ ਨੂੰ ਮਰਦਾਂ ਬਰਾਬਰ ਪੂਰੇ ਹੱਕ ਲੈ ਕੇ ਦਿੱਤੇ। ਬਾਬਾ ਸਾਹਿਬ ਚਾਹੁੰਦੇ ਸੀ ਕਿ ਸਭ ਨੂੰ ਰੁਜ਼ਗਾਰ ਮਿਲੇ ਤਾਂ ਕਿ ਉਹ ਆਰਥਿਕ ਪੱਖੋਂ ਮਜ਼ਬੂਤ ਹੋਣ। ਉਹਨਾਂ ਭਾਖੜਾ ਡੈਮ ਯੋਜਨਾ ਆਦਿ ਬਣਾ ਕੇ ਲੋਕਾਂ ਨੂੰ ਰੁਜ਼ਗਾਰ ਦਿੱਤਾ, ਬਿਜਲੀ ਪੈਦਾ ਕੀਤੀ, ਹੜ੍ਹਾਂ ਦੀ ਰੋਕਥਾਮ ਕੀਤੀ, ਖੇਤੀ ਨੂੰ ਉੱਨਤ ਕਰਨ ਲਈ ਸਿੰਚਾਈ ਦੇ ਸਾਧਨ ਤਿਆਰ ਕੀਤੇ। ਅਜਿਹੇ ਪਰਉਪਕਾਰ ਭਾਰਤੀ ਲੋਕਾਂ 'ਤੇ ਸ਼ਾਇਦ ਹੀ ਕੋਈ ਹੋਰ ਕਰ ਸਕਦਾ ਹੈ। ਰਾਜਨੀਤਿਕ ਪਰਿਵਰਤਨ- ਬਾਬਾ ਸਾਹਿਬ ਸਮਾਜ ਦੇ ਲੋਕਾਂ 'ਚ ਰਾਜਨੀਤਿਕ ਪਰਿਵਰਤਨ ਤੇ ਵੀ ਜ਼ੋਰ ਦਿੰਦੇ ਸਨ। ਉਹਨਾਂ ਦੱਬੇ ਕੁਚਲੇ ਲੋਕਾਂ ਨੂੰ ਪ੍ਰੇਰਿਆ ਕਿ 'ਪਾਰਲੀਮੈਂਟ 'ਤੇ ਕਾਬਜ ਹੋਵੋ, ਇਹੀ ਤੁਹਾਡੇ ਦੁੱਖਾਂ ਦਾ ਨਿਵਾਰਣ ਕਰ ਸਕਦੀ ਹੈ। ਬਾਬਾ ਸਾਹਿਬ ਭਾਰਤ 'ਚ ਗੰਧਲੀ ਰਾਜਨੀਤੀ ਨਹੀਂ ਚਾਹੁੰਦੇ ਸਨ, ਸਗੋਂ ਅਜਿਹੀ ਰਾਜਨੀਤੀ ਹੋਵੇ, ਜੋ ਲੋਕ ਪੱਖੀ ਹੋਵੇ। ਲੋਕਾਂ ਨਾਲ ਧੋਖਾਧੜੀ ਨਾ ਹੋਵੇ, ਰਾਜਨੀਤਿਕ ਲੀਡਰ ਇਮਾਨਦਾਰ ਹੋਣ। ਉਹਨਾਂ 'ਚ ਕੋਈ ਕੁਰੱਪਟ ਲੀਡਰ ਨਾ ਹੋਵੇ। ਅਜਿਹੇ ਨੇਤਾ ਜਾਂ ਲੀਡਰ ਸੰਸਦ 'ਚ ਚੁਣੇ ਜਾਣ ਜੋ ਲੋਕਾਂ ਦੀਆਂ ਮੁਸ਼ਕਿਲਾਂ, ਸਮੱਸਿਆਵਾਂ ਦਾ ਸਹੀ ਹੱਲ ਕਰਨ। ਕਿਸੇ ਵਿਅਕਤੀ ਨਾਲ ਕੋਈ ਫਰੇਬ, ਧੋਖਾਧੜੀ ਨਾ ਹੋਵੇ। ਅਜਿਹੇ ਨੇਤਾ/ ਲੀਡਰ ਦੇਸ਼ ਲਈ ਇਕ ਮਿਸਾਲ ਹੋਣ ਜੋ ਸੰਵਿਧਾਨ ਨੂੰ ਇਨ-ਬਿਨ ਲਾਗੂ ਕਰਨ।

ਸੰਵਿਧਾਨ ਮੁਤਾਬਕ ਕੰਮ ਕਰਨ। ਇੱਥੇ ਇਹ ਵੀ ਦੱਸਣਾ ਜ਼ਰੂਰੀ ਹੈ ਕਿ ਬਾਬਾ ਸਾਹਿਬ ਜੀ ਨੇ ਦੇਸ਼ ਦੇ ਸੰਵਿਧਾਨ ਬਣਾਉਣ 'ਚ ਪੂਰੀ ਇਮਾਨਦਾਰੀ, ਤਨਦੇਹੀ ਤੇ ਆਪਣੀ ਸਿਹਤ ਦੀ ਵੀ ਪਰਵਾਹ ਨਾ ਕੀਤੇ ਬਿਨਾਂ ਜੋ ਯੋਗਦਾਨ ਪਾਇਆ ਹੈ, ਉਸ ਨੂੰ ਰਹਿੰਦੀ ਦੁਨੀਆਂ ਤੱਕ ਹਮੇਸ਼ਾ ਯਾਦ ਰੱਖਿਆ ਜਾਵੇਗਾ। ਪੂਰਾ ਦੇਸ਼ ਉਹਨਾਂ ਦੀਆਂ ਦੇਸ਼ ਪ੍ਰਤੀ ਘਾਲਣਾਵਾਂ ਲਈ ਹਮੇਸ਼ਾ ਰਿਣੀ ਰਹੇਗਾ। ਉਹਨਾਂ ਔਰਤਾਂ ਨੂੰ ਮਰਦਾਂ ਬਰਾਬਰ ਰਾਜਨੀਤਿਕ ਪੱਖ ਤੋਂ ਵੀ 'ਹਿੰਦੂ ਕੋਡ ਬਿਲ' ਰਾਹੀਂ ਨਿਵਾਜਿਆ। ਬਾਬਾ ਸਾਹਿਬ ਸਮਾਜਿਕ ਨਿਆਂ ਬਾਰੇ ਟਿੱਪਣੀ ਕਰਦੇ ਹਨ ਕਿ ਸਭ ਨੂੰ ਇਨਸਾਫ ਮਿਲਣਾ ਚਾਹੀਦਾ ਹੈ।

ਅੰਤ 'ਚ ਅਸੀਂ ਇਸ ਨਤੀਜੇ 'ਤੇ ਪਹੁੰਚਦੇ ਹਾਂ ਕਿ ਡਾ. ਅੰਬੇਡਕਰ ਜੀ ਦਾ ਸਮਾਜਿਕ, ਧਾਰਮਿਕ, ਆਰਥਿਕ ਤੇ ਰਾਜਨੀਤਿਕ ਪਰਿਵਰਤਨ 'ਚ ਉੱਘਾ ਯੋਗਦਾਨ ਸੀ। ਜਿਸ ਕਰਕੇ ਉਹਨਾਂ ਨੂੰ ਪੂਰੀ ਦੁਨੀਆਂ 'ਚ ਯਾਦ ਕੀਤਾ ਜਾਂਦਾ ਹੈ। ਅਮਰੀਕਾ ਵਰਗਾ ਦੇਸ਼ ਉਹਨਾਂ ਨੂੰ 'ਸਿੰਬਲ ਆਫ ਨਾਲਿਜ' ਖਿਤਾਬ ਨਾਲ ਨਿਵਾਜਦਾ ਹੈ।



# ਸਿੱਖ

ਜਦੋਂ ਪਿਤਾ ਤੋਰਿਆ ਹੱਥੀਂ ਸੀ ਫਿਰ ਚੌਂਕ ਚਾਂਦਨੀ ਕੰਬਿਆ
ਕਦੇ ਆਰੇ ਤੇ ਕਦੇ ਦੰਦੀ ਤੇ ਕਦੇ ਸੇਜ ਵਿਛਾਈ ਕੰਡਿਆਂ
ਧਰਮ ਕੌਮ ਦੀ ਖਾਤਰ ਤੇ ਜਦੋਂ ਹੋਣਾ ਪਿਆ ਕੁਰਬਾਨ ਤਾਹੀਉਂ
ਪਰਿਵਾਰ ਵਾਰਤਾ ਸਾਰਾ ਤੇ ਸਾਨੂੰ ਸਿੱਖ ਹੋਣ ਦਾ ਮਾਣ ਤਾਹੀਉਂ।

ਪੰਡਿਤ ਸੀ ਕਸ਼ਮੀਰ ਦੀ ਪਿੱਟੇ ਘਰ ਆ ਕੇ ਤੇਗ ਬਹਾਦਰ
ਗਊ ਗਰੀਬ ਦੀ ਰਾਖੀ ਲਈ ਫਿਰ ਬਣ ਗਏ ਹਿੰਦ ਦੀ ਚਾਦਰ
ਸੀਸ ਪਿਆ ਧੜ ਵੱਖਰਾ ਹੋਇਆ ਸਾਡੇ ਲਈ ਨੁਕਸਾਨ ਤਾਹੀਉਂ
ਪਰਿਵਾਰ ਵਾਰਤਾ ਸਾਰਾ ਤੇ ਸਾਨੂੰ ਸਿੱਖ ਹੋਣ ਦਾ ਮਾਣ ਤਾਹੀਉਂ।

ਵਿਛੜ ਗਿਆ ਪਰਿਵਾਰ ਸਾਰਾ ਆ ਕੇ ਸਰਸਾ ਨਦੀ ਕਿਨਾਰੇ
ਦੋ ਚਮਕੌਰ ਗੜ੍ਹੀ ਵਿਚ ਤੋਰੇ ਦੋ ਸਰਹਿੰਦ ਦੇ ਬਣੇ ਸਿਤਾਰੇ
ਮਾਂ ਗੁਜ਼ਰੀ ਵੀ ਠੰਡੇ ਬੁਰਜ ਵਿਚ ਬਹਿ ਗਈ ਸੀਨਾ ਤਾਣ ਤਾਹੀਉਂ
ਪਰਿਵਾਰ ਵਾਰਤਾ ਸਾਰਾ ਤੇ ਸਾਨੂੰ ਸਿੱਖ ਹੋਣ ਦਾ ਮਾਣ ਤਾਹੀਉਂ।

ਬਾਜ ਤੇ ਦੂਜਾ ਸਿਰ ਸਜਿਆ ਸਰਤਾਜ ਤੀਜਾ ਘੋੜਾ ਰਹਿ ਗਿਆ ਨੀਲਾ
ਉਸ ਮਰਦ ਅਗੰਮੜੇ ਫਿਕਰ ਨਾ ਕੀਤਾ ਹੀਲੇ ਨਾਲ ਵਸੀਲਾ
ਖਾਲਸਾ ਪੰਥ ਸਜਾਇਆ ਤੇ ਹੁੰਦਾ ਲੱਖਾਂ ਦੇ ਵਿਚੋਂ ਪਛਾਣ ਤਾਹੀਉਂ
ਪਰਿਵਾਰ ਵਾਰਤਾ ਸਾਰਾ ਤੇ ਸਾਨੂੰ ਸਿੱਖ ਹੋਣ ਦਾ ਮਾਣ ਤਾਹੀਉਂ।

ਬੱਸ ਕੌਣ ਦੇਊ ਦੱਸ ਤੇਰਾ ਤੇ ਕਿਵੇਂ ਔਖੀ ਘੜੀ ਗੁਜ਼ਾਰੀ
ਦੁਨੀਆਂ ਦੇ ਵਿਚ ਝੰਡੇ ਝੂਲਦੇ ਹਰ ਸਿੱਖ ਨੂੰ ਸਿੱਖੀ ਪਿਆਰੀ



ਦੱਸੇ 'ਦੇਵ ਘੋਲੀਏ' ਵਾਲਾ ਸਾਡੀ ਹੋਈ ਉੱਚੀ ਸ਼ਾਨ ਤਾਹੀਉਂ
ਪਰਿਵਾਰ ਵਾਰਤਾ ਸਾਰਾ ਤੇ ਸਾਨੂੰ ਸਿੱਖ ਹੋਣ ਦਾ ਮਾਣ ਤਾਹੀਉਂ।

**– ਦੇਵ ਘੋਲੀਆ ਖੁਰਦ**
**(ਫਰਿਜ਼ਨੋ)**
559-232-7764

# ਸਾਕਾ ਸਰਹਿੰਦ-1

ਰਹਿਮ ਤੁਹਾਡੇ ਤੇ ਕਰਾਂ ਬੱਚਿਓ, ਅਣਮੁੱਲੀ ਜਾਨ ਗਵਾਇਓ ਨਾ।
ਰੇਸ਼ਮ ਵਰਗੀਆਂ ਕੋਮਲ ਜਿੰਦਾਂ, ਐਵੇਂ ਨੀਂਹਾਂ ਵਿੱਚ ਚਿਣਾਇਓ ਨਾ।

ਫ਼ਰਾਖ਼ ਦਿਲ ਦਿੱਲੀ ਦਰਬਾਰ ਮੇਰਾ, ਹੱਥ ਜੋੜੋ ਸਿਰ ਨਿਵਾ ਜਾਓ।
ਬਾਗ਼ੀ ਅੱਬੂ ਤੁਹਾਡਾ ਮੁੜ ਆਵੇ, ਸ਼ਾਹੀ ਈਨ ਮੰਨੇ ਸ਼ਰਨ ਪਾ ਜਾਓ।
ਤਾਂ ਹੀਂ ਖਲਾਸੀ ਹੋਊ ਤੁਹਾਡੀ, ਗੋਬਿੰਦ ਸਿੰਘ ਨੂੰ ਪੇਸ਼ ਕਰਾ ਜਾਓ।
ਫਤਵਾ ਮੌਤ ਕਰ ਦੇਊਂ ਮੁਆਫ਼, ਅੱਲਾ ਮਸੀਤ ਨੂੰ ਮੱਥਾ ਘਸਾ ਜਾਓ।
ਰਾਜ ਭਾਗ ਤੇ ਡੋਲੇ ਦਿਆਂਗਾ, ਨਾਂਹ ਕਰ ਕੇ ਫਿਰ ਪਛਤਾਇਓ ਨਾ।
ਰੇਸ਼ਮ ਵਰਗੀਆਂ ਕੋਮਲ ਜਿੰਦਾਂ, ਐਵੇਂ ਨੀਂਹਾਂ ਵਿੱਚ ਚਿਣਾਇਓ ਨਾ।

ਪੜ੍ਹੋ ਕਲਮਾ ਛੱਡ ਦਿਓ ਗੁਰਬਾਣੀ, ਕੁਰਾਨ ਨਮਾਜ਼ ਦਸਤੂਰ ਕਰੋ।
ਪਿਤਾ ਪੁਰਖੀ ਮੁਗਲਾਂ ਸੰਗ ਦੁਸ਼ਮਣੀ, ਰਲ ਮਿਲ ਵਿੱਥਾਂ ਦੂਰ ਕਰੋ।
ਪੰਜ ਕਕਾਰ ਸਣੇ ਕੇਸ ਵਿਸਾਰੋ, ਮੁਸਲਮ ਫਲਸਫਾ ਮਨਜ਼ੂਰ ਕਰੋ।
ਰੰਗ ਰਲੀਆਂ ਮਾਣੋ ਮਹੱਲਾਂ ਵਿੱਚ ਖੇਡੋ, ਜਿੰਦਗੀ ਨੂਰੋ ਨੂਰ ਕਰੋ।
ਔਰੰਗਜ਼ੇਬ ਮਸਾਂ ਹੋਇਆ ਦਿਆਲੂ, ਸ਼ਾਹੀ ਭੇਟ ਠੁਕਰਾਇਓ ਨਾ।
ਰੇਸ਼ਮ ਵਰਗੀਆਂ ਕੋਮਲ ਜਿੰਦਾਂ, ਐਵੇਂ ਨੀਂਹਾਂ ਵਿੱਚ ਚਿਣਾਇਓ ਨਾ।

ਸਕੂਲਾਂ ਕਾਲਜਾਂ ਵਿੱਚ ਪੜ੍ਹਨੇ ਪਾਵਾਂ, ਬਸਤਰ ਸੁੰਦਰ ਪੁਆਵਾਂਗਾ।
ਨੌਕਰ ਚਾਕਰ ਖਿਦਮਤ ਅੰਦਰ, ਉੱਚੇ ਰੁਤਬੇ ਉੱਤੇ ਬਿਠਾਵਾਂਗਾ।
ਅਜੀਤ ਜੁਝਾਰ ਗਵਾ ਗਏ ਜਾਨਾ, ਤੁਹਾਨੂੰ ਮੈਂ ਛਤਰ ਝੁਲਾਵਾਂਗਾ।
ਵਿੱਛੜ ਗਿਆ ਜੋ ਬਾਪ ਤੁਹਾਡਾ, ਉਸ ਨੂੰ ਵੀ ਜਰੂਰ ਮਿਲਾਵਾਂਗਾ।
ਗੁਜਰੀ ਮਾਂ ਦੀ ਤਾਕੀਦ ਤੁਹਾਨੂੰ, ਸੁਨਹਿਰੀ ਅਵਸਰ ਖੁੰਝਾਇਓ ਨਾ।
ਰੇਸ਼ਮ ਵਰਗੀਆਂ ਕੋਮਲ ਜਿੰਦਾਂ, ਐਵੇਂ ਨੀਂਹਾਂ ਵਿੱਚ ਚਿਣਾਇਓ ਨਾ।

ਨਾ ਸਿੱਖੀ ਛੱਡਣੀ ਅਸੀਂ ਨਾ ਕੇਸ ਦੇਣੇ, ਭਾਵੇਂ ਲੈ ਲੈ ਤੂੰ ਸਵਾਸ ਸਾਡੇ।
ਤੇਰਾ ਰਾਜ ਭਾਗ ਨਿਖੁੱਟ ਸਾਨੂੰ, ਸ਼ਾਹੀ ਡੋਲੇ ਨਹੀਂ ਆਉਣੇ ਰਾਸ ਸਾਡੇ।
ਸਿਰ ਜਾਵੇ ਸਿਰੜ ਨਾ ਚਲਾ ਜਾਵੇ, ਪਿਓ ਦਾਦੇ ਦੀ ਸ਼ਕਤੀ ਪਾਸ ਸਾਡੇ।
ਤੇਰੇ ਲਾਲਚ ਤੋਂ ਮੂਲੋਂ ਡੋਲਦੇ ਨਾ, ਚਾਹੇ ਖਿੱਚ ਜਮੂਰਾਂ ਨਾਲ ਮਾਸ ਸਾਡੇ।
ਅਸੀਂ ਪੁੱਤ ਦਸ਼ਮੇਸ਼ ਦੇ ਸ਼ੇਰ ਜੋਧੇ, ਸਾਡੀ ਹਸਤੀ ਮੂਲ ਵਿਸਾਰੀਂ ਨਾ।
ਜਿੰਦਾਂ ਤੋਂ ਵੱਧ ਅਣਖ ਪਿਆਰੀ, ਸਾਨੂੰ ਸਿੱਖੀ ਤੋਂ ਜਾਨ ਪਿਆਰੀ ਨਾ।

ਗਿੱਦੜ ਭਬਕੀਆਂ ਤੋਂ ਨਹੀਂ ਡਰਨ ਵਾਲੇ, ਤੇਰਾ ਫੱਤਵਾ ਸਿਰ ਸਹਾਰਾਂਗੇ।
ਜਲਾਦਾਂ ਦੀ ਤੇਸੀ ਕਾਂਡੀ ਤੋਂ ਡਰ ਕੇ, ਸਿੱਖੀ ਪੰਧ ਤੋਂ ਮੂਲ ਨਾ ਹਾਰਾਂਗੇ।
ਚਿਣ ਦੇਹ ਕੰਧ ਵਿਚ ਤੂੰ ਸਰੀਰ ਸਾਡੇ, ਨੀਂਹ ਪੰਥ ਦੀ ਡੂੰਘੀ ਉਸਾਰਾਂਗੇ।
ਗੁੜ੍ਹਤੀ ਕੁਰਬਾਨੀ ਦਿੱਤੀ ਪੁਰਖਿਆਂ ਨੇ, ਮੌਤ ਖਿੜੇ ਮੱਥੇ ਸਵੀਕਾਰਾਂਗੇ।
ਦਗੇ ਛੱਡ ਸੂਬੇ ਤੈਥੋਂ ਨਹੀਂ ਡਰਨ ਵਾਲੇ, ਸਾਡੀ ਨਿੱਡਰ ਹੋਂਦ ਵੰਗਾਰੀਂ ਨਾ।
ਸਾਹਾਂ ਤੋਂ ਵੱਧ ਸਾਨੂੰ ਕੇਸ ਪਿਆਰੇ, ਸਿੱਖੀ ਤੋਂ ਸਾਨੂੰ ਜਾਨ ਪਿਆਰੀ ਨਾ।

ਅਕ੍ਰਿਤਘਣ ਚੰਦੂ ਲੁੱਟ ਲਈ ਪੂੰਜੀ, ਮੁਖ਼ਬਰੀ ਕੀਤੀ ਲਈਆਂ ਜਗੀਰਾਂ ਨੇ।
ਡੱਕ ਦਿੱਤੇ ਨਿਰਦੋਸ਼ ਠੰਢੇ ਬੁਰਜ ਵਿੱਚ, ਜਜਮਾਨਾਂ ਤੇ ਬਣੀਆਂ ਭੀੜਾਂ ਨੇ।
ਪਿਲਾਇਆ ਦੁੱਧ ਮਾਸੂਮਾਂ ਨੂੰ ਸਹੇੜ ਖਤਰਾ, ਮੋਤੀ ਮਹਿਰੇ ਜਿਹੇ ਵੀਰਾਂ ਨੇ।
ਚਵਾਤੀ ਲਾਈ ਭੜਕਾ ਦਿੱਤਾ ਹਾਕਮ, ਝੂਠੇ ਨੰਦ ਵਰਗੇ ਪਾਪੀ ਵਜ਼ੀਰਾਂ ਨੇ।
ਸ਼ੇਰ ਜੰਗ ਦੀ ਮੰਨ ਲੈ ਨਸੀਅਤ, ਸਾਨੂੰ ਬਾਪ ਦਾਦੇ ਦੀ ਤਣਜ ਚਿਤਾਰੀਂ ਨਾ।
ਸਾਹਾਂ ਤੋਂ ਵੱਧ ਸਾਨੂੰ ਸਿੱਖੀ ਪਿਆਰੀ, ਸਿੱਖੀ ਤੋਂ ਸਾਨੂੰ ਜਾਨ ਪਿਆਰੀ ਨਾ।

ਬਘਿਆੜ ਦੇ ਹੱਥ ਆਏ ਲੇਲੇ, ਕਰ ਲੈ ਕਪਟ ਘਿਨਾਉਣਾ ਜੋ ਕਰਨਾ ਹੈ।
ਲੱਖਾਂ ਜੰਞੂ ਲਾਹ ਕੇ ਨਹੀਂ ਰੱਜਿਆ, ਢਿੱਡ ਔਰੰਗਜੇਬ ਦਾ ਨਾ ਭਰਨਾ ਹੈ।
ਸਰਹੰਦ ਮਲੀਆਮੇਟ ਹੋ ਜਾਣੀ, ਬੰਦਾ ਬਹਾਦਰ ਨੇ ਖੰਡਾ ਜਦ ਫੜਨਾ ਹੈ।
ਅਸਤ ਹੋ ਜਾਣੀ ਮੁਗਲ ਹਕੂਮਤ, ਖਾਲਸਾ ਰਾਜ ਸੂਰਜ ਛੇਤੀ ਚੜ੍ਹਨਾ ਹੈ।



ਹਨੇਰੀ ਰਾਤ ਮੁੱਕਣ ਵਾਲੀ ਹੈ ਪੰਨੂ, ਹੋਰ ਅੱਤਿਆਚਾਰ ਰਹਿਣੇ ਜਾਰੀ ਨਾ।
ਸਾਹਾਂ ਤੋਂ ਵੱਧ ਸਾਨੂੰ ਸਿੱਖੀ ਪਿਆਰੀ, ਸਿੱਖੀ ਤੋਂ ਸਾਨੂੰ ਜਾਨ ਪਿਆਰੀ ਨਾ।
ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ।

**– ਚਰਨਜੀਤ ਸਿੰਘ ਪੰਨੂ**
**ਕੈਲੀਫੋਰਨੀਆ**

### ਸ਼ਹੀਦੀ ਦਿਹਾੜੇ ਤੇ ਵਿਸ਼ੇਸ਼

# ਧੰਨ ਮਾਤਾ ਗੁਜਰੀ..!

ਧੰਨ ਮਾਤਾ ਗੁਜਰੀ ਤੇ ਧੰਨ ਤੇਰੀ ਘਾਲ਼ ਨੀ।
ਤੇਰੇ ਜਿਹੀ ਜੱਗ ਉਤੇ ਮਿਲੇ ਨਾ ਮਿਸਾਲ ਨੀ।
ਆਪਣਾ ਸੁਹਾਗ ਹੱਥੀਂ ਆਪਣੀ ਲੁਟਾਇਆ ਤੂੰ,
ਪੁੱਤਰ ਯਤੀਮ ਤੱਕ ਦਿਲ ਨਾ ਡੁਲਾਇਆ ਤੂੰ।
ਸੰਤ- ਸਿਪਾਹੀ ਬਣ ਗਿਆ ਤੇਰਾ ਲਾਲ ਨੀ
ਧੰਨ ...
ਸਰਸਾ ਦੇ ਕੰਢੇ ਜਦ ਪੈ ਗਿਆ ਵਿਛੋੜਾ ਸੀ,
ਪਿਤਾ ਦਸ਼ਮੇਸ਼ ਨਾਲ ਪੁੱਤਰਾਂ ਦਾ ਜੋੜਾ ਸੀ।
ਨਿੱਕੜੇ ਮਾਸੂਮ ਤੁਰ ਪਏ ਦਾਦੀ ਨਾਲ ਨੀ
ਧੰਨ ...
ਗੜ੍ਹੀ ਚਮਕੌਰ ਹੋਈ ਜੰਗ ਘਮਸਾਣ ਜੀ,
ਅਜੀਤ ਤੇ ਜੁਝਾਰ ਗਏ ਮੌਤ ਨੂੰ ਵਿਆਹਣ ਜੀ।
ਸੂਰਬੀਰ ਯੋਧੇ ਤੇਰੇ ਪੋਤਰੇ ਕਮਾਲ ਨੀ
ਧੰਨ ...
ਨਿੱਕਿਆਂ ਨੇ ਸਿਦਕ ਨਿਭਾਹਿਆ ਸਰਹੰਦ ਏ,
ਡੋਲੇ ਨਾ ਮਾਸੂਮ 'ਦੀਸ਼', ਡੋਲ ਗਈ ਕੰਧ ਏ।
ਕੰਬ ਗਿਆ ਸੂਬਾ ਤੱਕ ਚਿਹਰੇ ਦਾ ਜਲਾਲ ਨੀ
ਧੰਨ ...



**– ਗੁਰਦੀਸ਼ ਕੌਰ**
**ਗਰੇਵਾਲ**
403-404-1450
**ਕੈਲਗਰੀ**

# ਬੇਦਰਦ ਹਾਕਮ

ਜਨਤਾ ਆਪਣੀ ਆਈ 'ਤੇ ਝੱਟ ਆਵੇ
ਹੁਕਮਰਾਨ ਜਦ ਟੱਪਦੇ ਹੱਦ ਭਾਈ।

ਤਾਨਾਸ਼ਾਹਾਂ ਦੇ ਵਾਂਗ ਜਦ ਰਾਜ ਕਰਦੇ
ਮਾੜੇ ਦਿਨਾਂ ਨੂੰ ਲੈਂਦੇ ਨੇ ਸੱਦ ਭਾਈ।

ਦੇਵੇ ਆਗਿਆ ਗੋਲੀਆਂ ਮਾਰਨੇ ਦੀ
ਦੱਸੋ ਕਿਹੜੀ ਸੰਵਿਧਾਨ ਦੀ ਮੱਦ ਭਾਈ।

ਥੋਪੇ ਧੌਂਸ ਦੇ ਨਾਲ ਕਾਨੂੰਨ ਕਾਇਦੇ
ਲੋਕ-ਰੋਹ ਕਰਵਾਉਂਦਾ ਏ ਰੱਦ ਭਾਈ।

ਹੁਣ ਜਾਪਦਾ ਲੋਕ ਮਹਿਸੂਸ ਕਰਦੇ
ਵੋਟਾਂ ਪਾਉਣਦੀ ਹੋਈ ਅਵੱਗਿਆ ਏ।

ਹਾਕਮ ਸਮੇਂ ਦੇ ਐਨੇ ਬੇਦਰਦ ਹੋਏ
ਬਾਲੀ ਅੱਗ ਦਾ ਸੇਕ ਨਾ ਲੱਗਿਆ ਏ।



**ਤਰਲੋਚਨ ਸਿੰਘ ਦੁਪਾਲਪੁਰ**
**81950-25579**

# ਸਾਕਾ ਸਰਹੰਦ- 2

ਅੰਦਰ ਵੜ੍ਹ ਵਜੀਦ ਖਾਂ ਰੋਇਆ,
ਹਾਏ ਅੱਲਾ ਕੀ ਅਨਰਥ ਹੋਇਆ।
ਸੁੱਚੇ ਨੰਦ ਦੀ ਬਹਿ ਗਈ ਬੇੜੀ,
ਉਸੇ ਨੇ ਝੂਠਾ ਜਾਲ ਪਰੋਇਆ।
ਮੁਆਫ਼ ਕਰੀਂ ਗੁਨਾਂਹ ਇਹ ਮੇਰਾ,
ਦੀਨ ਈਮਾਨ ਮੇਰਾ ਗ਼ਫ਼ਲਤ ਖੋਇਆ।
ਅਕਲ ਤੇ ਪੜਦਾ ਪੈ ਗਿਆ ਮੇਰੀ,
ਦੈਂਤ ਕਸਾਈ ਅੰਦਰੋਂ ਉੱਠ ਖਲੋਇਆ।
ਮਸੂਮ ਬਾਲਾਂ ਤੇ ਜੋ ਸ਼ਰ੍ਹਾ ਨਹੀਂ ਲਗਦੀ,
ਮੇਰੇ ਕਾਜੀ ਹੱਥੋਂ ਫਤਵਾ ਹੋਇਆ।
ਬਾਬਾ ਜੋਰਾਵਰ ਤੇ ਫਤਿਹ ਸਿੰਘ ਸੂਰੇ,
ਜੋੜਾ ਨੀਹਾਂ ਦੇ ਵਿੱਚ ਆਣ ਖਲੋਇਆ।
ਨਿਗਲ ਲਈਆਂ ਕੰਧਾਂ ਨੇ ਦੋਵੇਂ ਜਿੰਦਾਂ,
ਅੰਬਰ ਵੀ ਸੀ ਫੁੱਟ ਫੁੱਟ ਰੋਇਆ।

ਕੰਨਾਂ ਨੂੰ ਹੱਥ ਲਾਵੇ ਖਲਕਿਤ,
ਮਸਕੀਨ ਹੰਸਾਂ ਦਾ ਜੋੜਾ ਕੋਹਿਆ।
ਨੀਂਦ ਨਹੀਂ ਆਉਂਦੀ ਪਿਆ ਪਛਤਾਵੇ,
ਜਾਮ ਪੀਤਾ ਜੋ ਨਿਹਫਲ ਹੋਇਆ।
ਬੇਗਮ ਬੱਚੇ ਦੁਰਕਾਰਨ ਲੱਗੇ,
ਮਹਿਲਾਂ ਦਾ ਦਰਵਾਜ਼ਾ ਢੋਇਆ।
ਦੁਸ਼ਮਣੀ ਨਾਲ ਸਿੰਘਾਂ ਦੇ ਪਾ ਕੇ,
ਮੁਗ਼ਲ ਜੜ੍ਹਾਂ ਵਿੱਚ ਤੇਲ ਤੂੰ ਚੋਇਆ।
ਆਦਮਖੋਰ! ਘਰ ਪੈਰ ਨਾ ਪਾਵੀਂ,
ਪੰਨੂ ਲਈ ਤੂੰ ਜੀਊਂਦਾ ਮੋਇਆ,
ਸਾਡੇ ਲਈ ਤੂੰ ਜੀਊਂਦਾ ਮੋਇਆ।

**– ਚਰਨਜੀਤ ਸਿੰਘ ਪੰਨੂ**
**ਕੈਲੀਫੋਰਨੀਆ**

# 'ਮੈਂ ਗੋਬਿੰਦ ਦੀ ਧੀ ਹਾਂ'

ਮੈਨੂੰ ਗੋਬਿੰਦ ਆਣ ਮਿਲਾਇਆ ਹੈ ,
ਗੋਬਿੰਦ ਗੋਬਿੰਦ ਕਰਦੀ ਨੂੰ ਮੈਨੂੰ ,
ਗੋਬਿੰਦ ਵਿੱਚ ਸਮਾਇਆ ਹੈ ।

ਮਿਹਰ ਹੋ ਗਈ ਨਦਰ ਦੀ ,
ਦੁੱਖ ਮਿੱਟ ਗਏ ਮੇਰੇ ਸਾਰੇ ਨੇ ,
ਕਰ ਕਿਰਪਾ ਉਸ ਨੇ ਆਪਣੀ ,
ਮੇਰੇ ਕਿੱਲਵਿੱਖ ਕੱਟ ਤੇ ਸਾਰੇ ਨੇ ।

ਮੋਹ ਦੀਆਂ ਤੰਦਾਂ ਤੋਂ ਬਚਾਅ ,
ਮੈਨੂੰ ਚਰਣੀ ਆਪਣੀ ਲਾਇਆ ਹੈ ,
ਚਰਨਾ ਉਸਦਿਆਂ ਵਿੱਚ ਮੈਂ ,
ਬਹੁਤਾ ਹੀ ਸੁੱਖ ਪਾਇਆ ਹੈਂ ।

ਮਿੱਟ ਗਿਆ ਅਗਿਆਨ ਦਾ ਘੋਰ ਅੰਧੇਰਾ ,
ਜਦੋਂ ਦਾ ਉਸ ਨੇ ਗਿਆਨ ਕਰਵਾਇਆ ਹੈ ,
ਮਿਟ ਗਈ ਅੰਦਰ ਦੀ ਬੁਰਿਆਈ ,
ਜਦੋਂ ਦਾ ਖ਼ੁਦਾਈ ਨੂੰ ਗਲ਼ ਨਾਲ ਲਾਇਆ ਹੈ

।ਅੰਗ ਸੰਗ ਮੇਰੇ ਸਦਾ ਹੀ ਰਹਿੰਦਾ ,
ਮੁਸ਼ਕਿਲਾਂ ਤੋਂ ਮੈਨੂੰ ਆਪ ਕੱਡ ਲੈਂਦਾ ,
ਮਿਹਰਾਂ ਵਾਲੀ ਕਰਕੇ ਨਜ਼ਰ ,
ਮੈਥੋਂ ਆਪਣਾ ਨਾਮ ਜਪਾਉਂਦਾ ।

ਮੈਂ ਗੋਬਿੰਦ ਦੀ ਧੀ ਹਾਂ ,
ਮੈਨੂੰ ਗੋਬਿੰਦ ਆਣ ਮਿਲਾਇਆ ਹੈ ,
ਗੋਬਿੰਦ ਗੋਬਿੰਦ ਕਰਦੀ ਨੂੰ ਮੈਨੂੰ ,
ਗੋਬਿੰਦ ਵਿਚ ਸਮਾਇਆ ਹੈ ॥



**– ਕਿਰਨ ਪ੍ਰੀਤ ਕੌਰ**
+436607370487

# ਪੰਜਾਬੀ ਸਿਨੇਮਾ 'ਚ ਪ੍ਰਭਾਵੀ ਆਗਮਣ ਲਈ ਤਿਆਰ : ਅਰਫ਼ੀ ਲਾਬਾਂ

ਅੰਤਰਰਾਸ਼ਟਰੀ ਪੁਰਸਕਾਰਾਂ ਨਾਲ ਨਵਾਜ਼ੀਆਂ ਗਈਆਂ ਸਲਮਡਾਗ ਮਿਲੇਨੀਅਰ, ਪਰਾਗ ਜਿਹੀਆਂ ਅਰਥ ਭਰਪੂਰ ਫ਼ਿਲਮਜ਼ ਨਾਲ ਬਾਲੀਵੁੱਡ 'ਚ ਵਿਲੱਖਣ ਪਹਿਚਾਣ ਸਥਾਪਿਤ ਕਰ ਚੁੱਕੇ ਹਨ ਪ੍ਰਤਿਭਾਵਾਨ ਅਦਾਕਾਰ ਅਰਫ਼ੀ ਲਾਬਾਂ, ਜੋ ਰਿਲੀਜ਼ ਹੋਈਆਂ ਆਪਣੀਆਂ ਹਾਲੀਆਂ ਕਮਰਸ਼ਿਅਲ ਫ਼ਿਲਮਜ਼ ਸਿੰਘ ਇੰਜ਼ ਬਲਿੰਗ ਅਤੇ ਫ਼ਗਲੀ ਦੁਆਰਾ ਵੀ ਆਪਣੀ ਬਹੁਆਯਾਮੀ ਅਭਿਨੈ ਕਲਾ ਦਾ ਬਾਖ਼ੂਬੀ ਪ੍ਰਗਟਾਵਾ ਕਰਨ ਵਿਚ ਸਫ਼ਲ ਰਹੇ ਹਨ। ਪੰਜਾਬ ਦੇ ਮਾਲਵਾ ਖਿੱਤੇ ਅਧੀਨ ਪੈਂਦੇ ਮੋਗਾ ਨਾਲ ਸਬੰਧਤ ਅਤੇ ਅਜਕਲ ਮਾਇਆ ਨਗਰੀ ਮੁੰਬਈ ਵਸੇਂਦੇ ਇਹ ਹੋਣਹਾਰ ਅਦਾਕਾਰ ਜਿੱਥੇ ਆਫ਼ਬੀਟ ਸਿਨੇਮਾਂ 'ਚ ਪ੍ਰਮੁੱਖਤਾਂ ਨਾਲ ਆਪਣੀ ਪ੍ਰਭਾਵਸ਼ਾਲੀ ਮੌਜੂਦਗੀ ਲਗਾਤਾਰ ਦਰਜ਼ ਕਰਵਾ ਰਹੇ ਹਨ, ਉਥੇ ਹਾਲੀਵੁੱਡ 'ਚ ਵੀ ਵਰਸਟਾਈਲ ਐਕਟਰ ਦੇ ਤੌਰ ਤੇ ਪੜਾਅ ਦਰ ਪੜਾਅ ਆਪਣੀ ਸਥਿਤੀ ਮਜਬੂਤ ਕਰਦੇ ਜਾ ਰਹੇ ਹਨ। ਬਾਲੀਵੁੱਡ, ਹਾਲੀਵੁੱਡ ਤੋਂ ਬਾਅਦ ਆਪਣੇ ਮਾਂ ਬੋਲੀ ਸਿਨੇਮਾਂ 'ਚ ਵੀ ਪ੍ਰਭਾਵੀ ਆਗਮਣ ਲਈ ਤਿਆਰ ਇਸ ਬਾਕਮਾਲ ਅਦਾਕਾਰ ਨਾਲ ਉਨਾਂ ਵੱਲੋਂ ਫ਼ਿਲਮਜ਼ ਕਰਨ ਸਬੰਧੀ ਆਪਣਾਏ ਜਾ ਰਹੇ ਮਾਪਦੰਢਾਂ ਸਬੰਧੀ ਗੱਲ ਕੀਤੀ ਗਈ ਤਾਂ ਉਨਾਂ ਦੱਸਿਆ ਕਿ ਸਿਨੇਮਾਂ ਚਾਹੇ ਕੋਈ ਵੀ ਭਾਸ਼ਾਈ ਹੋਵੇ, ਪਰ ਪਹਿਲ ਹਮੇਸ਼ਾ ਇਹੀ ਰਹਿੰਦੀ ਹੈ ਕਿ ਕਿਰਦਾਰ ਅਤੇ ਕੰਟੈਂਟ ਅਜਿਹੇ ਸਿਲੈਕਟ ਕੀਤੇ ਜਾਣ, ਜਿੰਨਾਂ ਦੀ ਛਾਪ ਲੰਮਾਂ ਸਮਾਂ ਤੱਕ ਲੋਕਮਨ੍ਹਾਂ 'ਚ ਆਪਣਾ ਅਸਰ ਕਾਇਮ ਰੱਖੇ। ਇਕ ਪਾਸੇ ਠੇਠ ਕਮਰਸਿਅਲ ਅਤੇ ਦੂਜੇ ਪਾਸੇ ਦਾ ਇੰਡੀਅਟ, ਮੈਰੀ ਮੀ ਜਿਹੀਆਂ ਲੀਕ ਤੋਂ ਹਟਵੀਆਂ ਫਿਲਮਜ਼ ਕਰਨ 'ਚ ਕੀ ਤਾਲਮੇਲ ਬਿਠਾਉਂਦਿਆਂ ਮੁਸ਼ਿਕਲ ਪੇਸ਼ ਨਹੀਂ ਆਉਂਦੀ, ਪੁੱਛੇ ਇਸ ਸਵਾਲ ਦਾ ਜਵਾਬ ਦਿੰਦਿਆਂ ਉਨਾਂ ਦੱਸਿਆ ਕਿ ਬਤੌਰ ਅਦਾਕਾਰ ਕਿਸੇ ਵੀ ਖਾਸ ਇਮੇਜ਼ ਜਾਂ ਕਿਰਦਾਰਾਂ ਵਿਚ ਆਪਣੇ ਆਪ ਨੂੰ ਬੰਨਣਾ ਕਦੇ ਵੀ ਪਸੰਦ ਨਹੀਂ ਰਿਹਾ, ਇਸੇ ਮੱਦੇਨਜ਼ਰ ਵੈਰਾਇਟੀ ਭਰਪੂਰ ਅਜਿਹੀਆਂ ਫਿਲਮਜ਼ ਅਤੇ ਭੂਮਿਕਾਵਾਂ ਕਰਨ ਵੱਲ ਤਵੱਜੋਂ ਰਹਿੰਦੀ ਹੈ, ਜਿੰਨਾਂ ਦੁਆਰਾ ਦਰਸ਼ਕਾਂ ਨੂੰ ਅਭਿਨੈ 'ਚ ਇਕ ਵੱਖਰੇਵਾ ਅਤੇ ਵਿਲੱਖਣਤਾਂ ਵੀ ਨਜ਼ਰ ਆਉਂਦੀ ਰਹੇ। ਪੰਜਾਬ ਦੇ ਇਕ ਛੋਟੇ ਜਿਹੇ ਸ਼ਹਿਰ ਤੋਂ ਮੁੰਬਈਆਂ ਨਗਰੀ 'ਚ ਪਹਿਚਾਣ ਬਣਾਉਣਾ ਕਿੰਨਾ ਕੁ ਆਸਾਨ ਜਾਂ ਮੁਸ਼ਕਿਲ ਰਿਹਾ, ਸਬੰਧਤ ਗੱਲ ਕਰਦਿਆਂ ਇਸ ਡੈਸ਼ਿੰਗ ਅਦਾਕਾਰ ਨੇ ਦੱਸਿਆ ਕਿ ਬਹੁਤ ਹੀ ਜੱਦੋਜਹਿਦ ਭਰਿਆ ਰਿਹਾ ਇਹ ਪੜਾਅ, ਗਲੈਮਰ ਦੀ ਇਸ ਦੁਨੀਆਂ ਵਿਚ ਸਪਨਿਆਂ ਨੂੰ ਤਾਬੀਰ ਦੇ ਦੇਣਾ ਭਖ਼ਦੇ ਅੰਗਿਆਰਿਆਂ 'ਤੇ ਚੱਲਣ ਵਾਂਗ ਹੈ, ਪਰ ਖੁਸ਼ਕਿਸਮਤ ਹਾਂ ਕਿ ਤਨਦੇਹੀ ਨਾਲ ਕੀਤੀ ਆਖ਼ਰ ਰੰਗ ਲੈ ਹੀ ਆਈ।



ਬਤੌਰ ਅਦਾਕਾਰ ਹੁਣ ਤੱਕ ਦੀ ਅਜਿਹੀ ਪ੍ਰਾਪਤੀ , ਜਿਸ ਨੂੰ ਹਾਸਿਲ ਕਰਨਾ, ਅਥਾਹ ਖੁਸ਼ੀ ਭਰਿਆ ਸਮਾਂ ਰਿਹਾ ਹੋਵੇ, ਸਬੰਧੀ ਗੱਲ ਕਰਦਿਆਂ ਇਸ ਉਮਦਾ ਅਦਾਕਾਰ ਨੇ ਦੱਸਿਆ ਕਿ ਸਲਮਡਾਗ ਮਿਲੇਨੀਅਰ ਵਿਚਲਾ ਪਾਰਟ ਕਰਨਾ ਵਾਕਈ ਫ਼ਖਰ ਭਰੇ ਲਮਹਾਂਤ ਰਹੇ, ਜਿਸ ਨਾਲ ਕਾਨਸ਼ ਫਿਲਮ ਫੈਸਟੀਵਲ 'ਚ ਸਮੂਲੀਅਤ ਕਰਨ ਅਤੇ ਰੈਡ ਕਾਰਪੇਟ ਤੇ ਚੱਲਣ ਦਾ ਮਾਣ ਵੀ ਹਿੱਸੇ ਆਇਆ। ਹਿੰਦੀ ਸਿਨੇਮਾਂ ਸਨਅਤ 'ਚ ਅਕਸ਼ੈ ਕੁਮਾਰ ਜਿਹੀ ਉਚਕੋਟੀ ਸਖ਼ਸੀਅਤ ਨਾਲ ਫ਼ਿਲਮ ਕਰਨਾ ਅਤੇ ਉਹਨਾਂ ਦੀ ਘਰੇਲੂ ਫਿਲਮਜ਼ ਬਤੌਰ ਅਦਾਕਾਰ ਜੁੜਨ ਦਾ ਸੁਭਾਗ ਵੀ ਆਪਣੀ ਝੋਲੀ ਪਾ ਚੁੱਕੇ ਇਸ ਬ੍ਰਿਲਿਅਟ ਅਦਾਕਾਰ ਨੇ ਇਸੇ ਸਬੰਧੀ ਆਪਣੇ ਜਜਬਾਂਤ ਸਾਂਝੇ ਕਰਦਿਆਂ ਦੱਸਿਆ ਕਿ ਇਹ ਉਪਲੱਬਧੀ ਅਤੇ ਪੜਾਅ ਮੇਰੇ ਕਰਿਅਰ ਲਈ ਟਰਨਿੰਗ ਪੁਆਇੰਟ ਵਾਂਗ ਰਹੇ ਹਨ, ਜਿਸ ਨਾਲ ਬਾਲੀਵੁੱਡ 'ਚ ਇਕ ਵਿਲੱਖਣ ਮੁਕਾਮ ਵੀ ਹਾਸਿਲ ਹੋਇਆ ਹੈ। ਸੋ ਮੈਂ ਤਹੇਦਿਲ ਤੋਂ ਅਕਸ਼ੈ ਕੁਮਾਰ ਭਾਜੀ ਦਾ ਸ਼ੁਕਰੀਆਂ ਅਦਾ ਕਰਦਾ ਹਾਂ, ਜੋ ਲਗਾਤਾਰ ਆਪਣੇ ਛੋਟੇ ਭਰਾ ਦੀ ਤਰ੍ਹਾ ਸਨੇਹ ਅਤੇ ਪਿਆਰ ਨਾਲ ਨਵਾਜਦੇ ਅਤੇ ਯੋਗ ਮਾਰਗਦਰਸ਼ਨ ਕਰਦੇ ਆ ਰਹੇ ਹਨ। ਹਿੰਦੀ ਅਤੇ ਹਾਲੀਵੁੱਡ ਫ਼ਿਲਮਜ਼ ਵਿਚ ਵਧ ਰਹੀ ਮਸ਼ਰੂਫ਼ੀਅਤ ਦੇ ਦੌਰਾਨ ਅਚਾਨਕ ਪੰਜਾਬੀ ਸਿਨੇਮਾਂ ਨਾਲ ਜੁੜਨ ਦੀ ਬਣੀ ਤਾਂਘ ਸਬੰਧੀ ਪੁੱਛਣ ਤੇ ਇਹ ਪ੍ਰਤਿਭਾਵਾਨ ਅਦਾਕਾਰ ਦੱਸਦੇ ਹਨ, ਖ਼ਵਾਹਿਸ਼ ਤਾਂ ਲੰਮੇਂ ਸਮੇਂ ਤੋਂ ਸੀ ਕਿ ਆਪਣੇ ਮਾਂ ਬੋਲੀ ਸਿਨੇਮਾਂ ਲਈ ਕੁਝ ਅਜਿਹਾ ਨਿਵੇਕਲਾ ਕਰਾਂ, ਜਿਸ ਨਾਲ ਆਪਣੇ ਅਸਲ ਸਿਨੇਮਾਂ ਲਈ ਬਣਦੇ ਫ਼ਰਜ਼ ਅਦਾ ਕਰ ਸਕਾ, ਪਰ ਦੇਸ਼, ਵਿਦੇਸ਼ ਵਿਚ ਲਗਾਤਾਰ ਸ਼ੂਟਿੰਗਜ਼, ਰੁਝੇਵਿਆਂ ਕਾਰਨ ਅਜਿਹਾ ਸੰਭਵ ਨਹੀਂ ਹੋ ਸਕਿਆ।

ਪਰ ਹੁਣ ਕੁਝ ਬੇਹਤਰੀਣ ਫਿਲਮਜ਼ ਦੇ ਸਾਹਮਣੇ ਆਉਣ ਅਤੇ ਨਵੇਂ ਨਿਰਦੇਸ਼ਕਾਂ ਵੱਲੋਂ ਪੰਜਾਬੀਅਤ ਰੰਗ ਵਿਚ ਰੰਗੀਆਂ ਭਾਵਪੂਰਨ ਫਿਲਮਜ਼ ਬਣਾਉਣ ਦੀ ਜਾਰੀ ਕਵਾਇਦ ਨੇ ਇਸ ਖਿੱਤੇ 'ਚ ਆਮਦ ਲਈ ਉਤਸ਼ਾਹ ਹੋਰ ਦੂਣਾ, ਚੋਣਾ ਕਰ ਦਿੱਤਾ ਹੈ, ਜਿਸ ਦੇ ਮੱਦੇਨਜ਼ਰ ਸਾਹਮਣੇ ਆਏ ਕੁਝ ਪ੍ਰੋਪੋਜਲ ਵੱਲ ਵਿਸ਼ੇਸ਼ ਨਜਰਸਾਨੀ ਕਰ ਰਿਹਾ ਹਾਂ ਅਤੇ ਉਮੀਦ ਕਰਦਾ ਹਾਂ ਕਿ ਜਲਦ ਹੀ ਇਸ ਸਿਨੇਮਾਂ 'ਚ ਵੀ ਚਾਹੁਣ ਵਾਲੇ ਕੁਝ ਵੱਖਰਾ ਅਤੇ ਪ੍ਰਭਾਵੀ ਕਰਦਿਆਂ ਵੇਖਣਗੇ।

**– ਪਰਮਜੀਤ 8837785464**

# TANDOOR
## Indian Restaurant

**27167 Mission Blvd. Hayward, CA 95544**




ਵਿਆਹ ਸ਼ਾਦੀ, ਬਰਥ-ਡੇ ਪਾਰਟੀ, ਐਨਵਰਸਰੀ ਜਾਂ ਹੋਰ ਕਿਸੇ ਵੀ ਕਿਸਮ ਦੀ ਕੈਟਰਿੰਗ ਲਈ ਸਦਾ ਸਾਨੂੰ ਯਾਦ ਰੱਖੋ

WE ARE SPECIALIST IN CATERING & SPECIAL ITEMS ARE AVAILABLE HERE :

FISH PAKORE,
CHILLI CHICKEN,
GOAT KARI,
SHAHI PANEER,
BUTTER CHICKEN,
SWEETS,
SNACKS
AND MORE
SPECIAL ITEMS.



ਕੇਟਰਿੰਗ ਦੇ ਮਾਹਿਰ, ਹਫਤੇ ਦੇ 7 ਦਿਨ ਉਪਲਬੱਧ

Contact Us:

BUFFET
LUNCH
11:00 AM
To 3:00 PM



ਸੁਰਿੰਦਰ 'ਕੋਕਾ' ਧਲੇਤਾ

**Ph. 510-885-1212, Fax. 510-885-1532**

**We are open seven days 11 AM to 10 PM**



# CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

## AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH
Sign of Excellence

**ਪੰਜਾਬੀ ਭਰਾਵਾਂ ਲਈ ਸੇਲ**

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749



Call:
**530-824-5134**

**ਪੁਰਾਣੇ ਟਾਇਰਾਂ ਦੀ ਸੇਲ**

**ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ**

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

LUCAS OIL LUCAS INJECTOR CLEANER $28.99

**NEW & USED TIRES**
**WASH, LUBE, BRAKES**

Call:
**650-642-0697**

**3525 Highway 99, West Corning, CA 96021**
Across the Street from TA Truck Stop

# ਗੁਰੂ ਨਾਨਕ ਦੇਵ ਜੀ ਦੇ 550 ਵੇ ਗੁਰਪੁਰਬ 'ਤੇ 'ਦੇਸ਼ ਦੁਆਬਾ' ਵੱਲੋਂ ਵਿਸ਼ੇਸ਼ ਧੰਨਵਾਦ ਸਮਾਗਮ













BHEEM INTERNATIONAL
cordially invites you to pay tribute to
Dr. B. R. Ambedkar's 63rd Mahaparinirvana Day
Sunday, December 29th, 2019, 5pm
Oasis Palace Newark CA, 94560
Dhamma Talks Food provided
Contact Info:Vindo Kumar 510-953-9800
"Equality may be a fiction but nonetheless one must accept it as a governing principle."



Members of BHEEM INTERNATIONAL USA

# ਗੁਰੂ ਨਾਨਕ ਦੇਵ ਜੀ ਦੇ 550 ਵੇ ਗੁਰਪੁਰਬ 'ਤੇ 'ਦੇਸ਼ ਦੁਆਬਾ' ਵੱਲੋਂ ਵਿਸ਼ੇਸ਼ ਧੰਨਵਾਦ ਸਮਾਗਮ












































